ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 192| 10 September to 16 September, 2025 | Ph.: (510) 240-5949 | Email: asrtimes@gmail.com

# ਕੀ ਮੋਦੀ ਦਾ 1600 ਕਰੋੜ ਦਾ ਪੈਕੇਜ ਪੰਜਾਬ ਦੇ ਜ਼ਖ਼ਮਾਂ ’ਤੇ ਲਾਵੇਗਾ ਮਰਹਮ?



## ਸਿਆਸੀ ਆਗੂਆਂ, ਕਿਸਾਨ ਜਥੇਬੰਦੀਆਂ ਅਤੇ ਬੁੱਧੀਜੀਵੀਆਂ ਨੇ ਪੈਕੇਜ ਨੂੰ ਦੱਸਿਆ ‘ਪੰਜਾਬੀਆਂ ਨਾਲ ਮਜ਼ਾਕ’

ਗੁਰਦਾਸਪੁਰ/ਏ.ਟੀ.ਨਿਊਜ਼: ਪੰਜਾਬ ਵਿੱਚ ਹੜ੍ਹਾਂ ਦੀ ਤਬਾਹੀ ਨੇ ਸੂਬੇ ਦੇ ਲੋਕਾਂ ਨੂੰ ਡੂੰਘੇ ਸੰਕਟ ਵਿੱਚ ਪਾ ਦਿੱਤਾ ਹੈ। ਇਸ ਮੁਸੀਬਤ ਦੀ ਘੜੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਦਿਨ ਪੰਜਾਬ ਦਾ ਦੌਰਾ ਕੀਤਾ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਹਵਾਈ ਸਰਵੇਖਣ ਕੀਤਾ। ਗੁਰਦਾਸਪੁਰ ਵਿੱਚ ਅਧਿਕਾਰੀਆਂ ਅਤੇ ਚੁਣੇ ਹੋਏ ਨੁਮਾਇੰਦਿਆਂ ਨਾਲ ਸਮੀਖਿਆ ਮੀਟਿੰਗ ਤੋਂ ਬਾਅਦ, ਪ੍ਰਧਾਨ ਮੰਤਰੀ ਨੇ ਪੰਜਾਬ ਲਈ 1600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਅਤੇ ਜ਼ਖਮੀਆਂ ਨੂੰ 50-50 ਹਜ਼ਾਰ ਰੁਪਏ ਦੀ ਐਕਸ-ਗ੍ਰੇਸ਼ੀਆ ਰਾਸ਼ੀ ਦੇਣ ਦੀ ਗੱਲ ਵੀ ਕਹੀ। ਪਰ ਸਵਾਲ ਇਹ ਹੈ ਕਿ ਕੀ ਇਹ ਰਕਮ ਪੰਜਾਬ ਦੇ ਹੜ੍ਹ ਪੀੜਤਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕੇਗੀ? ਪੰਜਾਬ ਦੀ ਲੀਡਰਸ਼ਿਪ, ਕਿਸਾਨ ਜਥੇਬੰਦੀਆਂ ਅਤੇ ਬੁੱਧੀਜੀਵੀਆਂ ਦੀ ਰਾਏ ਇਸ ਬਾਰੇ ਕੀ ਹੈ?



**1600 ਕਰੋੜ ਦਾ ਪੈਕੇਜ: ਕਿੰਨਾ ਕਾਫ਼ੀ?**

ਪੰਜਾਬ ਵਿੱਚ ਹੜ੍ਹਾਂ ਨੇ 1900 ਪਿੰਡਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਜੇਕਰ 1600 ਕਰੋੜ ਰੁਪਏ ਨੂੰ ਇਨ੍ਹਾਂ ਪਿੰਡਾਂ ਵਿੱਚ ਵੰਡਿਆ ਜਾਵੇ, ਤਾਂ ਹਰ ਪਿੰਡ ਨੂੰ ਲਗਭਗ 84 ਲੱਖ ਰੁਪਏ ਮਿਲਣਗੇ। ਪਰ ਸਵਾਲ ਇਹ ਹੈ ਕਿ ਕੀ ਇਹ ਰਕਮ ਕਿਸਾਨਾਂ ਦੀਆਂ ਬਰਬਾਦ ਹੋਈਆਂ ਫਸਲਾਂ, ਟੁੱਟੇ ਘਰਾਂ, ਖਰਾਬ ਸੜਕਾਂ ਅਤੇ ਹੋਰ ਬੁਨਿਆਦੀ ਢਾਂਚੇ ਦੀ ਮੁਰੰਮਤ ਲਈ ਕਾਫ਼ੀ ਹੈ? ਪੰਜਾਬ ਸਰਕਾਰ ਅਤੇ ਵਿਰੋਧੀ ਧਿਰਾਂ ਦਾ ਮੰਨਣਾ ਹੈ ਕਿ ਇਹ ਰਕਮ ‘ਸਮੁੰਦਰ ਵਿੱਚ ਬੂੰਦ’ ਵਾਂਗ ਹੈ।

ਪੰਜਾਬ ਸਰਕਾਰ ਦੇ ਅੰਕੜਿਆਂ ਅਨੁਸਾਰ, ਹੜ੍ਹਾਂ ਨੇ 4.80 ਲੱਖ ਏਕੜ ਫਸਲ ਨੂੰ ਤਬਾਹ ਕੀਤਾ ਅਤੇ 52 ਜਾਨਾਂ ਖੋਹ ਲਈਆਂ। ਸਰਕਾਰ ਨੇ ਕੇਂਦਰ ਤੋਂ 20,000 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਅਤੇ 60,000 ਕਰੋੜ ਦੇ ਬਕਾਇਆ ਫੰਡ ਜਾਰੀ ਕਰਨ ਦੀ ਮੰਗ ਕੀਤੀ ਸੀ। ਇਸ ਦੇ ਮੁਕਾਬਲੇ, 1600 ਕਰੋੜ ਦਾ ਐਲਾਨ ਸੂਬੇ ਦੀਆਂ ਜ਼ਰੂਰਤਾਂ ਦੇ ਸਾਹਮਣੇ ਬਹੁਤ ਘੱਟ ਜਾਪਦਾ ਹੈ।

**ਪੰਜਾਬ ਸਰਕਾਰ ਅਤੇ ਵਿਰੋਧੀ ਧਿਰ ਦੀ ਨਾਰਾਜ਼ਗੀ**

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸ ਪੈਕੇਜ ਨੂੰ ‘ਊਠ ਦੇ ਮੂੰਹ ਵਿੱਚ ਜ਼ੀਰੇ’ ਦੀ ਸੰਗਿਆ ਦਿੱਤੀ। ਉਨ੍ਹਾਂ ਕਿਹਾ, ‘ਪੰਜਾਬੀਆਂ ਨੂੰ ਪ੍ਰਧਾਨ ਮੰਤਰੀ ਤੋਂ ਵੱਡੀਆਂ ਉਮੀਦਾਂ ਸਨ, ਪਰ ਇਹ ਰਕਮ ਸਾਡੇ ਨੁਕਸਾਨ ਦੇ ਸਾਹਮਣੇ ਮੂੰਗਫਲੀ ਵਰਗੀ ਹੈ। ਇਹ ਪੰਜਾਬੀਆਂ ਨਾਲ ਮਜ਼ਾਕ ਹੈ।’ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਕੇਂਦਰ ਸਰਕਾਰ ’ਤੇ ਪੰਜਾਬ ਨਾਲ ਵਿਤਕਰਾ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ, ‘ਪੰਜਾਬ ਨੇ ਹਮੇਸ਼ਾ ਦੇਸ਼ ਦੀ ਸੇਵਾ ਕੀਤੀ, ਪਰ ਜਦੋਂ ਸਾਨੂੰ ਮਦਦ ਦੀ ਲੋੜ ਹੈ, ਤਾਂ ਕੇਂਦਰ ਪਿੱਠ ਦਿਖਾ ਰਿਹਾ ਹੈ।’

ਆਮ ਆਦਮੀ ਪਾਰਟੀ (ਆਪ) ਨੇ ਵੀ ਇਸ ਪੈਕੇਜ ਨੂੰ ਨਾਕਾਫ਼ੀ ਦੱਸਿਆ। ‘ਆਪ’ ਦੇ ਪ੍ਰਧਾਨ ਅਮਨ ਅਰੋੜਾ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ‘ਇਹ ਰਕਮ ਸਾਡੇ ਨੁਕਸਾਨ ਦਾ ਸਿਰਫ਼ ਇੱਕ ਛੋਟਾ ਜਿਹਾ ਹਿੱਸਾ ਪੂਰਾ ਕਰ ਸਕਦੀ ਹੈ। 1600 ਕਰੋੜ ਨਾਲ ਤਾਂ ਇੱਕ ਪਿੰਡ ਦੀ ਸੜਕ ਵੀ ਨਹੀਂ ਬਣ ਸਕਦੀ।’ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਕਿਹਾ, ‘ਅਸੀਂ 20,000 ਕਰੋੜ ਦੀ ਮੰਗ ਕੀਤੀ ਸੀ, ਪਰ ਕੇਂਦਰ ਨੇ ਸਾਡੇ ਨਾਲ ਧੋਖਾ ਕੀਤਾ।’

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਵੀ ਨਾਰਾਜ਼ਗੀ ਜਤਾਈ ਅਤੇ ਕਿਹਾ, ‘ਇਹ ਪੰਜਾਬੀਆਂ ਨਾਲ ਵਿਸ਼ਵਾਸਘਾਤ ਹੈ। ਪੰਜਾਬ ਨੇ ਦੇਸ਼ ਦੀ ਸੁਰੱਖਿਆ ਅਤੇ ਖੁਸ਼ਹਾਲੀ ਲਈ ਹਮੇਸ਼ਾ ਯੋਗਦਾਨ ਪਾਇਆ, ਪਰ ਸੰਕਟ ਦੀ ਘੜੀ ਵਿੱਚ ਸਾਨੂੰ ਅਣਗੌਲਿਆ ਜਾ ਰਿਹਾ ਹੈ।’

### ਕਿਸਾਨ ਜਥੇਬੰਦੀਆਂ ਦਾ ਰੋਸ

ਕਿਸਾਨ ਜਥੇਬੰਦੀਆਂ ਨੇ ਵੀ ਇਸ ਰਾਹਤ ਪੈਕੇਜ ਨੂੰ ਨਾਕਾਫ਼ੀ ਦੱਸਿਆ। ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ, ‘4.80 ਲੱਖ ਏਕੜ ਫਸਲ ਤਬਾਹ ਹੋਈ ਹੈ। ਇੱਕ ਏਕੜ ਦੀ ਬਰਬਾਦੀ ਦਾ ਮੁਆਵਜ਼ਾ ਵੀ 20,000 ਰੁਪਏ ਤੋਂ ਘੱਟ ਨਹੀਂ ਹੋਣਾ ਚਾਹੀਦਾ। 1600 ਕਰੋੜ ਨਾਲ ਸਾਡੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੋ ਸਕਦੀਆਂ।’ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸਰਵਣ ਸਿੰਘ ਪੰਧੇਰ ਨੇ ਕਿਹਾ, ‘ਕੇਂਦਰ ਸਰਕਾਰ ਨੇ ਸਾਡੇ ਜ਼ਖ਼ਮਾਂ ’ਤੇ ਨਮਕ ਛਿੜਕਿਆ ਹੈ। ਸਾਨੂੰ ਸਹੀ ਮੁਆਵਜ਼ਾ ਅਤੇ ਬਕਾਇਆ ਫੰਡ ਜਾਰੀ ਕਰਨ ਦੀ ਲੋੜ ਹੈ।’

ਪੰਜਾਬ ਦੇ ਬੁੱਧੀਜੀਵੀਆਂ ਨੇ ਵੀ ਇਸ ਪੈਕੇਜ ਨੂੰ ਨਾਕਾਫ਼ੀ ਕਰਾਰ ਦਿੱਤਾ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਡਾ. ਜਸਪਾਲ ਸਿੰਘ ਨੇ ਕਿਹਾ, ‘ਪੰਜਾਬ ਦੇ ਹੜ੍ਹਾਂ ਨੇ ਖੇਤੀਬਾੜੀ, ਬੁਨਿਆਦੀ ਢਾਂਚੇ ਅਤੇ ਲੋਕਾਂ ਦੀ ਜਾਨ-ਮਾਲ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। 1600 ਕਰੋੜ ਨਾਲ ਸਿਰਫ਼ ਸਤਹੀ ਮਦਦ ਹੀ ਕੀਤੀ ਜਾ ਸਕਦੀ ਹੈ। ਸਰਕਾਰ ਨੂੰ ਵੱਡੇ ਪੱਧਰ ’ਤੇ ਸਹਾਇਤਾ ਅਤੇ ਲੰਬੇ ਸਮੇਂ ਦੀ ਯੋਜਨਾ ਬਣਾਉਣ ਦੀ ਲੋੜ ਹੈ।’ ਸਮਾਜ ਸ਼ਾਸਤਰੀ ਡਾ. ਮਨਜੀਤ ਸਿੰਘ ਨੇ ਕਿਹਾ, ‘ਇਹ ਪੈਕੇਜ ਸਿਆਸੀ ਡਰਾਮੇ ਵਜੋਂ ਜ਼ਿਆਦਾ ਜਾਪਦਾ ਹੈ। ਪੰਜਾਬ ਨੂੰ ਨਾ ਸਿਰਫ਼ ਤੁਰੰਤ ਰਾਹਤ, ਸਗੋਂ ਪਾਣੀ ਦੀ ਸੰਭਾਲ ਅਤੇ ਬੁਨਿਆਦੀ ਢਾਂਚੇ ਦੀ ਮੁੜ-ਸਥਾਪਨਾ ਲਈ ਵੱਡੀ ਰਕਮ ਦੀ ਜ਼ਰੂਰਤ ਹੈ।’ਪੰਜਾਬ ਦੇ ਹੜ੍ਹ ਪੀੜਤ ਲੋਕਾਂ ਨੂੰ ਰਾਹਤ ਦੀ ਸਖ਼ਤ ਲੋੜ ਹੈ, ਪਰ 1600 ਕਰੋੜ ਦਾ ਪੈਕੇਜ ਸੂਬੇ ਦੀਆਂ ਜ਼ਰੂਰਤਾਂ ਦੇ ਸਾਹਮਣੇ ਬਹੁਤ ਘੱਟ ਹੈ। ਸਿਆਸੀ ਲੀਡਰਸ਼ਿਪ, ਕਿਸਾਨ ਜਥੇਬੰਦੀਆਂ ਅਤੇ ਬੁੱਧੀਜੀਵੀ ਇਸ ਨੂੰ ਪੰਜਾਬੀਆਂ ਨਾਲ ਮਜ਼ਾਕ ਮੰਨਦੇ ਹਨ। ਜਦੋਂ ਤੱਕ ਕੇਂਦਰ ਸਰਕਾਰ ਵੱਡੀ ਰਕਮ ਅਤੇ ਠੋਸ ਯੋਜਨਾਵਾਂ ਨਹੀਂ ਲਿਆਉਂਦੀ,ਪੰਜਾਬ ਦੇ ਹੜ੍ਹ ਪੀੜਤਾਂ ਦੀਆਂ ਮੁਸੀਬਤਾਂ ਦੂਰ ਹੋਣ ਦੀ ਉਮੀਦ ਘੱਟ ਹੈ।

# ਭਾਰਤ ਦੇ 15ਵੇਂ ਉਪ ਰਾਸ਼ਟਰਪਤੀ ਬਣੇ ਸੀ. ਪੀ. ਰਾਧਾਕ੍ਰਿਸ਼ਨਨ

## ਵਿਰੋਧੀ ਧਿਰ ‘ਇੰਡੀਆ’ ਦੇ ਉਮੀਦਵਾਰ ਜਸਟਿਸ ਬੀ ਸੁਦਰਸ਼ਨ ਰੈਡੀ ਨੂੰ 152 ਵੋਟਾਂ ਨਾਲ ਹਰਾਇਆ

ਨਵੀਂ ਦਿੱਲੀ/ਏ.ਟੀ.ਨਿਊਜ਼: ਸੱਤਾਧਾਰੀ ਕੌਮੀ ਜਮਹੂਰੀ ਗੱਠਜੋੜ (ਐੱਨ.ਡੀ.ਏ.) ਦੇ ਉਮੀਦਵਾਰ ਸੀ. ਪੀ. ਰਾਧਾਕ੍ਰਿਸ਼ਨਨ ਭਾਰਤ ਦੇ 15ਵੇਂ ਉਪ ਰਾਸ਼ਟਰਪਤੀ ਚੁਣੇ ਗਏ। ਰਾਧਾਕ੍ਰਿਸ਼ਨਨ ਨੇ ਉਪ ਰਾਸ਼ਟਰਪਤੀ ਚੋਣ ਲਈ ਵਿਰੋਧ ਧਿਰ ‘ਇੰਡੀਆ’ ਗੱਠਜੋੜ ਦੇ ਉਮੀਦਵਾਰ ਜਸਟਿਸ ਬੀ ਸੁਦਰਸ਼ਨ ਰੈਡੀ ਨੂੰ 152 ਵੋਟਾਂ ਨਾਲ ਹਰਾ ਦਿੱਤਾ। ਰਿਟਰਨਿੰਗ ਅਫਸਰ ਪੀ ਸੀ ਮੋਦੀ ਨੇ ਦੱਸਿਆ ਕਿ ਰਾਧਾਕ੍ਰਿਸ਼ਨਨ ਨੂੰ 452 ਵੋਟਾਂ, ਜਦੋਂਕਿ ਸੁਦਰਸ਼ਨ ਰੈੱਡੀ ਨੂੰ 300 ਵੋਟਾਂ ਮਿਲੀਆਂ। ਵੋਟਾਂ ਦੀ ਗਿਣਤੀ ਤੋਂ ਰਾਧਾਕ੍ਰਿਸ਼ਨਨ ਦੇ ਪੱਖ ਵਿੱਚ ਕੁੱਝ ਕਰਾਸ-ਵੋਟਿੰਗ ਹੋਣ ਦਾ ਸੰਕੇਤ ਹੈ। ਭਾਜਪਾ ਆਗੂਆਂ ਨੇ ਦਾਅਵਾ ਕੀਤਾ ਕਿ ਵਿਰੋਧੀ ਧਿਰ ਦੇ ਘੱਟੋ-ਘੱਟ 15 ਸੰਸਦ ਮੈਂਬਰਾਂ ਨੇ ਐੱਨ.ਡੀ.ਏ. ਉਮੀਦਵਾਰ ਦੇ ਪੱਖ ਵਿੱਚ ਵੋਟ ਪਾਈ। ਇਸ ਤੋਂ ਪਹਿਲਾਂ ਕਾਂਗਰਸ ਨੇ ਦਾਅਵਾ ਕੀਤਾ ਸੀ ਕਿ ਵਿਰੋਧੀ ਧਿਰ ਇਕਜੁੱਟ ਹੈ ਅਤੇ ਉਸ ਦੇ ਸਾਰੇ



## ਸ਼੍ਰੋਮਣੀ ਅਕਾਲੀ ਦਲ, ਬੀਜੂ ਜਨਤਾ ਦਲ, ਭਾਰਤ ਰਾਸ਼ਟਰ ਸਮਿਤੀ ਨੇ ਇਸ ਚੋਣ ’ਚ ਹਿੱਸਾ ਨਹੀਂ ਲਿਆ

315 ਸੰਸਦ ਮੈਂਬਰਾਂ ਨੇ ਉਪ ਰਾਸ਼ਟਰਪਤੀ ਚੋਣ ਵਿੱਚ ਹਿੱਸਾ ਲਿਆ ਹੈ।

ਮੋਦੀ ਨੇ ਕਿਹਾ ਕਿ ਕੁੱਲ 767 ਸੰਸਦ ਮੈਂਬਰਾਂ ਨੇ ਵੋਟ ਪਾਈ ਜੋ 98.2 ਫ਼ੀਸਦ ਬਣਦੀ ਹੈ। ਇਨ੍ਹਾਂ ਵਿੱਚੋਂ 752 ਵੈਧ ਅਤੇ 15 ਵੋਟਾਂ ਅਵੈਧ ਕਰਾਰ ਦਿੱਤੀਆਂ ਗਈਆਂ। ਗਿਆ। ਇੱਕ ਡਾਕ ਮਤਪੱਤਰ ਰੱਦ ਕਰ ਦਿੱਤਾ ਗਿਆ ਕਿਉਂਕਿ ਸੰਸਦ ਮੈਂਬਰ ਨੇ ਵੋਟ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਵੋਟਾਂ ਦਾ ਅਮਲ ਸਵੇਰੇ ਦਸ ਵਜੇ ਤੋਂ ਸ਼ਾਮ ਪੰਜ ਤੱਕ ਚੱਲਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ, ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ, ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਸਮੇਤ 760 ਤੋਂ ਵੱਧ ਸੰਸਦ ਮੈਂਬਰਾਂ ਨੇ ਵੋਟ ਪਾਈ।

(ਬਾਕੀ ਸਫ਼ਾ 26 ’ਤੇ)



# ਕਦੋਂ ਮੱਠਾ ਪਵੇਗਾ ਨੇਪਾਲ ਨੂੰ ਲੱਗੀ ਅੱਗ ਦਾ ਸੇਕ ?

**ਬਲਰਾਜ ਪੰਨੂੰ**

ਕਾਠਮੰਡੂ ਇਸ ਸਮੇਂ ਸੁਰਖ਼ੀਆਂ ਦੇ ਵਿੱਚ ਵੀ ਹੈ ਤੇ ਮੁਸੀਬਤ ਦੇ ਵਿੱਚ ਵੀ ਹੈ। ਨੇਪਾਲ ਸਰਕਾਰ ਭੁਲੇਖੇ ਵਿੱਚ ਸੀ ਕਿ ਜੋ ਸੜਕਾਂ 'ਤੇ ਧਰਨੇ ਲੱਗ ਰਹੇ ਨੇ,ਉਹ ਸੋਸ਼ਲ ਮੀਡੀਆ ਬੰਦ ਦੇ ਖ਼ਿਲਾਫ਼ ਪ੍ਰਦਰਸ਼ਨ ਹੈ। ਭੀੜ ਦੇ ਵਿੱਚ ਗੋਲੀਆਂ ਚਲਾਵਾਂਗੇ, ਡਰਾਵਾਂਗੇ, ਕੁਝ ਮੌਤਾਂ ਹੋਣਗੀਆਂ ਤਾਂ ਨੇਪਾਲੀ ਨੌਜਵਾਨਾਂ ਦਾ ਗਰਮ ਖ਼ੂਨ ਠੰਡਾ ਹੋ ਜਾਵੇਗਾ ਪਰ ਕੇ.ਪੀ.ਸ਼ਰਮਾ ਓਲੀ ਨੂੰ ਇਹ ਇੱਕ ਵੱਡਾ ਭੁਲੇਖਾ ਸੀ ਕਿਉਂਕਿ ਇਹ ਗੁੱਸਾ ਸੋਸ਼ਲ ਮੀਡੀਆ ਖ਼ਿਲਾਫ਼ ਘੱਟ ਪਰ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਅਤੇ ਡਾਵਾਂਡੋਲ ਆਰਥਿਕਤਾ ਦੇ ਖ਼ਿਲਾਫ਼ ਵਧੇਰੇ ਸੀ। ਸਰਕਾਰ ਨੇ ਕਦੇ ਵੀ ਸੋਚਿਆ ਨਹੀਂ ਹੋਣਾ ਕਿ 19-20 ਲੋਕਾਂ ਦੀ ਮੌਤ 'ਤੇ ਉਹਨਾਂ ਦੇ ਘਰਾਂ ਨੂੰ ਅੱਗਾਂ ਲੱਗ ਜਾਣਗੀਆਂ ਤੇ ਉਹਨਾਂ ਨੂੰ ਹੈਲੀਕਾਪਟਰਾਂ ਦੇ ਰਾਹੀਂ ਭੱਜ ਕੇ ਜਾਨਾਂ ਬਚਾਉਣੀਆਂ ਪੈਣਗੀਆਂ। ਤੇ ਕਦੇ ਇਹ ਵੀ ਨਹੀਂ ਸੋਚਿਆ ਹੋਣਾ ਕਿ ਪੀ.ਐਮ.ਓਲੀ ਨੂੰ 24 ਘੰਟੇ ਦੇ ਅੰਦਰ ਅਸਤੀਫ਼ਾ ਦੇਣਾ ਪਵੇਗਾ। ਕਾਠਮੰਡੂ ਦੇ ਉੱਤੇ ਉੱਡਦੇ ਹੈਲੀਕਾਪਟਰਾਂ ਵਿਚੋਂ ਡਿੱਗਦੇ ਟੀਅਰ ਗੈਸ ਦੇ ਗੋਲੇ ਤੇ ਨੌਜਵਾਨਾਂ ਦੇ ਨਾਲ ਪੂਰਾ ਨੇਪਾਲ ਇੱਕ ਜੁੱਟ ਹੋ ਜਾਣਾ ਇਸ ਗੱਲ ਦਾ ਸੰਕੇਤ ਸੀ ਕਿ ਹੁਣ ਕੁਝ ਕੁ ਮਨਿਸਟਰਾਂ ਦੇ ਅਸਤੀਫ਼ੇ ਦੇਣ ਨਾਲ ਗੱਲ ਨਹੀਂ ਬਣਨੀ, ਪ੍ਰਧਾਨ ਮੰਤਰੀ ਨੂੰ ਅਸਤੀਫ਼ਾ ਦੇਣਾ ਪਵੇਗਾ।ਨੇਪਾਲ ਬਦਲਾਓ ਚਾਹੁੰਦਾ ਹੈ। ਪੂਰੇ ਸਿਸਟਮ ਦੇ ਖ਼ਿਲਾਫ਼ ਨੇਪਾਲ ਦੇ ਨੌਜਵਾਨਾਂ ਦਾ ਗੁੱਸਾ ਸੜਕਾਂ 'ਤੇ ਵੇਖਣ ਨੂੰ ਮਿਲਿਆ।ਓਲੀ ਸਮੇਤ ਤਿੰਨ ਲੀਡਰਾਂ ਦੇ ਘਰਾਂ ਨੂੰ ਅੱਗ ਲਗਾਈ ਗਈ।ਓਲੀ, ਪ੍ਰਚੰਡਾ, ਦੇਉਬਾ ਤਿੰਨੇ ਲੀਡਰਾਂ ਦੇ ਘਰਾਂ ਨੂੰ ਅੱਗ ਲਗਾਈ ਗਈ। ਇਹ ਤਿੱਕੜੀ ਨੇਪਾਲ ਦੇ ਕਰਤਾ ਧਰਤਾ ਰਹੇ ਹਨ। ਤੀਹ ਸਾਲ ਰਾਜ ਕੀਤਾ ਹੈ ਪਰ ਹੁਣ ਲੋਕ ਕਹਿ ਰਹੇ ਨੇ ਕਿ ਨੇਪਾਲ ਦੇ ਵਿੱਚ ਕੁਝ ਨਵਾਂ ਚਾਹੀਦਾ ਹੈ। ਪਾਰਲੀਮੈਂਟ ਜਲ ਰਿਹਾ ਹੈ। ਨਵਾਂ ਸੰਵਿਧਾਨ ਲਾਗੂ ਹੋਏ ਨੂੰ 10 ਸਾਲ ਹੋ ਗਏ ਹਨ ਪਰ ਆਮ ਨੇਪਾਲੀਆਂ ਦੀ ਜ਼ਿੰਦਗੀ ਉਥੇ ਦੀ ਉਥੇ ਹੀ ਹੈ।ਆਰਥਿਕਤਾ ਦੇ ਵਿੱਚ ਕੋਈ ਸੁਧਾਰ ਨਹੀਂ ਆ ਰਿਹਾ। ਬੇਰੁਜ਼ਗਾਰਾਂ ਦੀ ਗਿਣਤੀ ਦਿਨੋਂ ਦਿਨ ਵੱਧ ਰਹੀ ਹੈ। ਹਜ਼ਾਰਾਂ ਨੌਜਵਾਨ ਦੇਸ਼ ਤੋਂ ਬਾਹਰ ਰੁਜ਼ਗਾਰ ਲਈ ਜਾ ਰਹੇ ਨੇ। ਸੋ ਸੋਸ਼ਲ ਮੀਡੀਆ 'ਤੇ ਲੋਕ ਆਪਣਾ ਗੁੱਸਾ ਜ਼ਾਹਰ ਕਰਦੇ ਰਹਿੰਦੇ ਸਨ। ਜਿਸ ਤੋਂ ਜ਼ਾਹਰ ਹੁੰਦਾ ਸੀ ਕਿ ਨੇਪਾਲ ਅਸ਼ਾਂਤ ਹੈ। ਇਹ ਗੱਲ ਆਮ ਹੈ ਕਿ ਕਈ ਵਾਰ ਮੀਡੀਆ ਤੇ ਵਿਰੋਧੀ ਧਿਰ ਦੀਆਂ ਗੱਲਾਂ ਫੇਲ੍ਹ ਹੋ ਜਾਂਦੀਆਂ ਨੇ ਤਾਂ ਸੋਸ਼ਲ ਮੀਡੀਆ ਕਈ ਵਾਰ ਸੱਚ ਉਗਲ ਦਿੰਦਾ ਹੈ ਜਾਂ ਸੱਚਾਈ ਦੱਸਣ ਵਿੱਚ ਕਾਮਯਾਬ ਹੋ ਜਾਂਦਾ ਹੈ। ਸੋਸ਼ਲ ਮੀਡੀਆ ਰਾਹੀਂ ਹੀ ਨੇਪਾਲੀ ਨੌਜਵਾਨਾਂ ਨੇ ਨੇਤਾਵਾਂ ਦੇ ਬੱਚਿਆਂ ਦਾ ਲਾਈਫ਼ ਸਟਾਈਲ ਵੇਖਿਆ, ਉਹਨਾਂ 'ਤੇ ਨਾਰਾਜ਼ਗੀ ਜਤਾਈ, ਜਦੋਂ ਇਹ ਗੱਲ ਹਵਾ ਫੜਨ ਲੱਗੀ ਤਾਂ 4 ਸਤੰਬਰ ਨੂੰ ਨੇਪਾਲ ਸਰਕਾਰ ਨੇ ਫੇਸਬੁੱਕ, ਐਕਸ, ਯੂ.ਟਿਊਬ ਤੇ 26 ਹੋਰ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਬੈਨ ਲਗਾ ਦਿੱਤਾ। ਸਰਕਾਰ ਦਾ ਪੱਖ ਇਹ ਸੀ ਕਿ ਇਹਨਾਂ ਕੰਪਨੀਆਂ ਨੇ ਸਰਕਾਰੀ ਆਰਡਰ ਤੇ ਦੇਸ਼ ਦੇ ਕਾਨੂੰਨ ਦੀ ਮਰਿਆਦਾ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਮਜਬੂਰਨ ਸਾਨੂੰ ਇਹ ਕਦਮ ਉਠਾਉਣਾ ਪਿਆ। ਨੈਸ਼ਨਲ ਸਿਕਿਓਰਟੀ ਦਾ ਬਹਾਨਾ ਬਣਾਇਆ ਗਿਆ। ਅਸਲ ਦੇ ਵਿੱਚ ਇਹ ਸਭ ਕੁੱਝ ਸਰਕਾਰ ਨੇ ਆਪਣੇ ਆਪ ਦੀ ਪੋਲ ਖ਼ੁੱਲ੍ਹਣ ਤੋਂ ਡਰਦਿਆਂ ਇਹ ਕਦਮ ਚੁੱਕਿਆ ਪਰ ਉਸ ਨੇ ਇਹ ਨਹੀਂ






ਸੋਚਿਆ ਕਿ ਸੋਸ਼ਲ ਮੀਡੀਆ ਰਾਹੀਂ ਲੋਕ ਟੂਰਿਜ਼ਮ ਨੂੰ ਵਧਾਉਂਦੇ ਨੇ, ਮਾਰਕੀਟ ਦੇ ਨਾਲ ਸਬੰਧਿਤ ਕਈ ਕੰਮ-ਕਾਰ ਸੋਸ਼ਲ ਮੀਡੀਆ ਦੇ ਨਾਲ ਚੱਲਦੇ ਨੇ। ਸੋਸ਼ਲ ਮੀਡੀਆ ਬੰਦ ਦਾ ਫ਼ੈਸਲਾ ਅੱਗ 'ਚ ਘਿਓ ਪਾਉਣ ਵਰਗਾ ਸੀ। ਅਸਲ ਵਿੱਚ ਸੋਸ਼ਲ ਮੀਡੀਆ ਬੰਦ ਹੋਣ ਤੋਂ ਬਾਅਦ ਸਥਿਤੀ ਵਿਗੜਨੀ ਸ਼ੁਰੂ ਹੋਈ। ਨੌਜਵਾਨ ਸੜਕਾਂ 'ਤੇ ਵਿਰੋਧ ਕਰਨ ਲੱਗੇ ਤਾਂ ਉਸੇ ਸਮੇਂ 'ਹਾਮੀ ਨੇਪਾਲ' ਨਾਂਅ ਦੀ ਇੱਕ ਐਨ.ਜੀ.ਓ. ਸਾਹਮਣੇ ਆਉਂਦੀ ਹੈ। ਉਸ ਦਾ ਫਾਉਂਡਰ ਸੂਦਾਨ ਗੁਰੁੰਗ ਮਨੁੱਖਤਾ ਦੇ ਲਈ ਕੰਮ ਕਰਨ ਤੋਂ ਇਲਾਵਾ ਡਿਸਕਸ਼ਨ ਪ੍ਰੋਗਰਾਮ ਕਰਵਾਉਂਦਾ ਹੈ। ਉਸ ਨੇ 8 ਸਤੰਬਰ ਨੂੰ ਪ੍ਰਦਰਸ਼ਨ ਕਰਨ ਦੀ ਆਗਿਆ ਲਈ। ਬੈਨਰ, ਪੋਸਟਰ ਬਣਾਏ ਗਏ ਤੇ ਉਹਨਾਂ ਉੱਤੇ ਸ਼ਾਂਤੀ ਦੇ ਨਾਲ ਪ੍ਰਦਰਸ਼ਨ ਕਰਨ ਦੀ ਗੱਲ ਵੀ ਕੀਤੀ ਗਈ। ਸਬੱਬ ਇਹ ਬਣਿਆ ਕਿ ਟਿਕਟਾਕ ਬੈਨ ਨਹੀਂ ਸੀ ਤੇ ਨਾ ਹੀ ਬੀ.ਬੀ.ਐਨ.। ਸੋ ਇਹਨਾਂ ਦੋਵਾਂ ਪਲੇਟਫਾਰਮਾਂ ਦੇ ਰਾਹੀਂ ਜਨਤਾ ਨੂੰ ਪਤਾ ਚਲਦਾ ਰਿਹਾ ਤੇ ਹੋਰ ਗਰੁੱਪ ਵੀ ਇਕੱਠੇ ਹੁੰਦੇ ਗਏ। ਵੱਖ- ਵੱਖ ਥਾਂਵਾਂ 'ਤੇ ਪ੍ਰਦਰਸ਼ਨ ਹੋਏ ਪਰ ਸਭ ਤੋਂ ਵੱਡਾ ਪ੍ਰਦਰਸ਼ਨ ਕਾਠਮੰਡੂ ਵਿੱਚ ਹੋਇਆ। ਪੁਲਿਸ ਤੇ ਪ੍ਰਦਰਸ਼ਨਕਾਰੀਆਂ ਵਿੱਚ ਮੁੱਠਭੇੜ ਤੋਂ ਬਾਅਦ ਗੋਲੀ ਚੱਲੀ। ਕੁਝ ਲੋਕ ਡਟੇ ਰਹੇ, ਕੁਝ ਕੰਧ ਤੋੜ ਕੇ ਪਾਰਲੀਮੈਂਟ ਤੋੜਨ ਦੀ ਕੋਸ਼ਿਸ਼ ਕਰਦੇ ਵੇਖੇ ਗਏ, ਕੁਝ ਸਿਕਿਓਰਟੀ ਨਾਲ ਉਲਝ ਗਏ ਤੇ ਕੁਝ ਭੱਜ ਗਏ। ਇਸ ਭੱਜ-ਦੌੜ ਤੋਂ ਬਾਅਦ 19 ਲੋਕ ਮਾਰੇ ਜਾਂਦੇ ਨੇ, 400 ਤੋਂ ਵੱਧ ਲੋਕ ਜ਼ਖ਼ਮੀ ਹੁੰਦੇ ਨੇ। ਦੁੱਖ ਦੀ ਗੱਲ ਇਹ ਹੈ ਕਿ ਇੱਕ 12 ਸਾਲ ਦੇ ਬੱਚੇ ਨੂੰ ਪੁਲਿਸ ਵੱਲੋਂ ਗੋਲੀ ਮਾਰੀ ਜਾਂਦੀ ਹੈ। ਇਸ ਖ਼ੂਨ-ਖ਼ਰਾਬੇ ਤੋਂ ਬਾਅਦ ਭੀੜ ਤੰਤਰ ਨੇ ਡਰਨ ਦੀ ਬਜਾਏ ਅਲੱਗ ਹੀ ਰੂਪ ਲੈ ਲਿਆ। ਹੁਣ ਗੱਲ ਮਸਲਿਆਂ 'ਤੇ ਨਹੀਂ ਸੀ ਰਹੀ। ਸਿੱਧਾ ਗੁੱਸਾ ਓਲੀ 'ਤੇ ਸੀ। ਹੋਮ ਮਨਿਸਟਰ 'ਤੇ ਸੀ। ਹੁੰਦਾ ਵੀ ਕਿਉਂ ਨਾ, ਇਸ ਸਰਕਾਰ ਨੇ ਇੱਕ ਦਿਨ ਦੇ ਵਿੱਚ 19 ਲੋਕਾਂ ਦੀ ਜਾਨ ਲਈ। ਮਰਨ ਵਾਲਿਆਂ ਦੀ ਗਿਣਤੀ 2006 ਦੇ ਪ੍ਰਦਰਸ਼ਨ ਤੋਂ ਜ਼ਿਆਦਾ ਸੀ। ਯਾਦ ਹੋਵੇਗਾ ਕਿ 2006 ਦਾ ਉਹ ਪ੍ਰਦਰਸ਼ਨ, ਜਦੋਂ ਗਿਆਨੇਂਦਰ ਨੂੰ ਵੀ ਲੋਕਾਂ ਸਾਹਮਣੇ ਝੁਕਣਾ ਪਿਆ ਸੀ। ਨੇਪਾਲ ਨੇ ਕਈ ਵਿਰੋਧ ਆਪਣੀ ਹਿਸਟਰੀ ਵਿੱਚ ਵੇਖੇ ਨੇ 1950, 1990 ਤੇ 2006 ਪਰ ਏਨੀ ਸਖ਼ਤੀ ਦੇ ਨਾਲ ਕਦੇ ਕੋਈ ਸਰਕਾਰ ਪੇਸ਼ ਨਹੀਂ ਆਈ ਕਿ ਇੱਕ ਦਿਨ ਵਿੱਚ 19 ਲੋਕਾਂ ਦੀ ਮੌਤ ਹੋਈ ਹੋਵੇ। ਲੰਘੇ ਦਿਨ ਵੀ ਲੋਕ ਕਾਠਮੰਡੂ ਵਿੱਚ ਪਹੁੰਚਣੇ ਸ਼ੁਰੂ ਹੋਏ ਤਾਂ ਸਰਕਾਰ ਨੇ ਸਥਿਤੀ 'ਤੇ ਕਾਬੂ ਪਾਉਣ ਦੇ ਲਈ ਕਰਫ਼ਿਊ ਲਗਾਉਣ ਦੀ ਗੱਲ ਸੋਚੀ ਪਰ ਲੋਕਾਂ ਦੇ ਤੂਫ਼ਾਨ ਅੱਗੇ ਕਰਫ਼ਿਊ ਨਹੀਂ ਟਿਕ ਸਕਿਆ। ਸੰਸਦ ਨੂੰ ਅੱਗ ਲਗਾ ਦਿੱਤੀ ਗਈ। ਹੁਣ ਚਰਚਾ ਇਹ ਹੋ ਰਹੀ ਹੈ ਕਿ ਬੰਗਲਾਦੇਸ਼ ਵਾਂਗ ਨੇਪਾਲ ਵੀ ਉਸੇ ਰਾਹ 'ਤੇ ਚੱਲ ਪਿਆ ਹੈ। ਇਹ ਗੁੱਸਾ ਜੋ ਨੇਪਾਲ ਵਿੱਚ ਵੇਖਣ ਨੂੰ ਮਿਲਿਆ ਇਹ ਕੋਈ ਪੰਜਾਂ ਦਸਾਂ ਦਿਨਾਂ ਦਾ ਗੁੱਸਾ ਨਹੀਂ, ਕਈ ਸਾਲਾਂ ਦਾ ਗੁੱਸਾ ਕਾਠਮੰਡੂ ਦੇ ਵਿੱਚ ਨਿਕਲਿਆ। ਜਿਥੋਂ ਤੱਕ ਬੰਗਲਾਦੇਸ਼ ਦੀ ਸ਼ੇਖ਼ ਹਸੀਨਾ ਦੀ ਗੱਲ ਹੈ, ਉਹ ਲੋਕਾਂ ਅੱਗੇ ਝੁਕੀ ਨਹੀਂ ਪਰ ਨੇਪਾਲ ਦੀ ਸਰਕਾਰ ਸਾਰਾ ਕੰਮ ਵਿਗਾੜਨ ਤੋਂ ਬਾਅਦ ਝੁਕੀ ਵੀ ਅਤੇ ਆਪਣੀਆਂ ਕੁਝ ਕੁ ਗਲਤੀਆਂ ਵੀ ਮੰਨੀਆਂ। ਚਲੋ ਖ਼ੈਰ ਇਹ ਤਾਂ ਹੋਇਆ ਘੱਟੋ-ਘੱਟ ਉਥੋਂ ਦੇ ਲੋਕਾਂ ਨੂੰ ਅੱਤਵਾਦੀ ਤਾਂ ਨਹੀਂ ਕਿਹਾ। ਕਹਿਣ ਵਾਲੇ ਤਾਂ ਹੁਣ ਇਹ ਵੀ ਕਹਿਣਗੇ ਕਿ ਇਸ ਪਿੱਛੇ ਵਿਦੇਸ਼ੀ ਤਾਕਤਾਂ ਕੰਮ ਕਰ ਰਹੀਆਂ ਹਨ। 19 ਸਤੰਬਰ ਨੂੰ ਨੇਪਾਲ ਨੇ ਆਪਣਾ ਨੈਸ਼ਨਲ ਡੇਅ ਵੀ ਮਨਾਉਣਾ ਹੋਵੇਗਾ। ਇਹ ਉਹ ਦਿਨ ਹੈ ਜਦੋਂ 10 ਸਾਲ ਪਹਿਲਾਂ ਉਹਨਾਂ ਨੇ ਆਪਣਾ ਸੰਵਿਧਾਨ ਸਵੀਕਾਰਿਆ ਸੀ। ਉਮੀਦ ਕਰਦੇ ਹਾਂ ਕਿ ਉਸ ਦਿਨ ਤੱਕ ਨੇਤਾ ਆਪਣੀਆਂ ਗਲਤੀਆਂ ਮੰਨਣ ਤੇ ਜੋ ਭ੍ਰਿਸ਼ਟਾਚਾਰ ਕੀਤਾ ਹੈ, ਉਸ ਨੂੰ ਮੰਨ ਕੇ ਸਾਫ਼ ਸੁਥਰੀ ਜਾਂਚ ਸ਼ੁਰੂ ਕਰਵਾਉਣ। ਇਹ ਇੱਕ ਨਵੀਂ ਸ਼ੁਰੂਆਤ ਹੋਵੇਗੀ। ਹਿਸਟਰੀ ਬਦਲੀ ਜਾ ਸਕਦੀ ਹੈ। ਹੁਣ ਨੇਤਾਵਾਂ 'ਤੇ ਹੈ ਕਿ ਉਹ ਨੇਪਾਲ ਨੂੰ ਹੋਰ ਬਲਦਾ ਵੇਖਣਾ ਚਾਹੁੰਦੇ ਹਨ ਜਾਂ ਲਾਲਚ ਖਤਮ ਕਰਕੇ ਚੰਗੇ ਨੌਜਵਾਨ ਹੱਥਾਂ ਦੇ ਵਿੱਚ ਤਾਕਤ ਦੇਣਗੇ। ਵੈਸੇ ਇਹ ਕੰਮ ਨੇਤਾਵਾਂ ਦੇ ਲਈ ਹੁੰਦਾ ਤਾਂ ਔਖਾ ਹੀ ਹੈ।








# ਵਿਸ਼ਵ ਨੂੰ ਦੋ ਧੜਿਆਂ 'ਚ ਵੰਡ ਰਹੀ ਹੈ ਅਮਰੀਕਾ ਦੀ 'ਟੈਰਿਫ਼ ਜੰਗ'



## ਦੋ ਵਿਸ਼ਵ ਯੁੱਧਾਂ ਅਤੇ ਠੰਡੀ ਜੰਗ ਤੋਂ ਬਾਅਦ 'ਟੈਰਿਫ਼ ਜੰਗ' ਬਣੀ ਵੱਡੀ ਚੁਣੌਤੀ

**ਜਗਮੋਹਨ ਸਿੰਘ 'ਲੱਕੀ'**




**ਗਲੋਬਲ ਟ੍ਰੇਡ ਰਿਸਰਚ ਇਨੀਸ਼ੀਏਟਿਵ ਨੇ ਕਿਹਾ ਹੈ ਕਿ ਅਮਰੀਕੀ ਟੈਰਿਫ਼ ਕਾਰਨ ਭਾਰਤ ਵੱਲੋਂ ਅਮਰੀਕਾ ਨੂੰ ਬਰਾਮਦ ਕੀਤਾ ਜਾਂਦਾ ਸਮਾਨ 66 ਫ਼ੀਸਦੀ ਪ੍ਰਭਾਵਿਤ ਹੋਵੇਗਾ। ਇਸ ਨਾਲ ਕੱਪੜੇ, ਗਹਿਣੇ, ਜਾਨਵਰਾਂ ਦੀ ਚਮੜੀ, ਜੁੱਤੀਆਂ, ਜਾਨਵਰਾਂ ਦੇ ਉਤਪਾਦਾਂ ਆਦਿ ਦੀ ਬਰਾਮਦ 'ਤੇ ਅਸਰ ਪਵੇਗਾ। ਭਾਰਤ ਨੂੰ ਅਸਲ ਨੁਕਸਾਨ ਇਸ ਦੇ ਗੁਆਂਢੀ ਦੇਸ਼ਾਂ ਤੋਂ ਹੋਵੇਗਾ। ਅਮਰੀਕਾ ਨੇ ਵੱਡੀ ਚਾਲ ਖੇਡਦਿਆਂ ਭਾਰਤ ਦੇ ਗੁਆਂਢੀਆਂ ਅਤੇ ਹੋਰ ਏਸ਼ੀਆਈ ਦੇਸ਼ਾਂ ਜਿਵੇਂ ਕਿ ਚੀਨ, ਮਿਆਂਮਾਰ, ਥਾਈਲੈਂਡ, ਕੰਬੋਡੀਆ, ਬੰਗਲਾਦੇਸ਼, ਇੰਡੋਨੇਸ਼ੀਆ, ਸ਼੍ਰੀਲੰਕਾ, ਪਾਕਿਸਤਾਨ, ਮਲੇਸ਼ੀਆ, ਫਿਲੀਪੀਨਜ਼, ਵੀਅਤਨਾਮ 'ਤੇ ਬਹੁਤ ਘੱਟ 'ਟੈਰਿਫ਼' ਲਗਾਏ ਹਨ। ਉਨ੍ਹਾਂ ਦੇਸ਼ਾਂ ਦੀਆਂ ਵਸਤਾਂ ਅਮਰੀਕੀ ਬਾਜ਼ਾਰ ਵਿੱਚ ਸਸਤੀਆਂ ਹੋਣਗੀਆਂ ਅਤੇ ਨਤੀਜੇ ਵਜੋਂ, ਇਹ ਗੁਆਂਢੀ ਦੇਸ਼ ਭਾਰਤ ਨਾਲੋਂ ਵਧੇਰੇ ਖੁਸ਼ਹਾਲ ਹੋਣਗੇ। ਇਸ ਤਰ੍ਹਾਂ ਅਮਰੀਕਾ ਨੇ ਭਾਰਤ ਦਾ ਆਪਣੇ ਗੁਆਂਢੀਂ ਦੇਸ਼ਾਂ ਨਾਲ ਹੀ ਮੁਕਾਬਲਾ ਸ਼ੁਰੂ ਕਰ ਦਿੱਤਾ ਹੈ, ਜੋ ਕਿ ਭਾਰਤ ਦੇ ਵਪਾਰਕ ਹਿੱਤਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ।**

ਆਧੁਨਿਕ ਯੁੱਗ ਦੇ ਪੂਰੀ ਤਰ੍ਹਾਂ ਵਿਕਸਤ ਵਿਸ਼ਵ ਨੂੰ ਇੱਕ ਪਾਸੇ 'ਕੁਦਰਤ' ਨਿੱਤ ਨਵੀਂ ਚੁਣੌਤੀ ਦੇ ਰਹੀ ਹੈ, ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸ਼ੁਰੂ ਕੀਤੀ ਗਈ 'ਟੈਰਿਫ਼ ਜੰਗ' ਨੇ ਦੁਨੀਆ ਸਾਹਮਣੇ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਇਸ 'ਟੈਰਿਫ਼ ਜੰਗ' ਕਾਰਨ ਪੂਰਾ ਵਿਸ਼ਵ ਦੋ ਧੜਿਆਂ ਵਿੱਚ ਵੰਡਿਆ ਨਜ਼ਰ ਆ ਰਿਹਾ ਹੈ। ਇੱਕ ਧੜੇ ਦੀ ਅਗਵਾਈ ਅਮਰੀਕਾ ਕਰ ਰਿਹਾ ਹੈ, ਜਦੋਂਕਿ ਦੂਜੇ ਧੜੇ ਦੀ ਅਗਵਾਈ ਰੂਸ ਅਤੇ ਚੀਨ ਕਰਦੇ ਦਿਖਾਈ ਦੇ ਰਹੇ ਹਨ। ਭਾਰਤ ਦਾ ਝੁਕਾਓ ਇਸ ਸਮੇਂ ਅਮਰੀਕਾ ਦੀ ਥਾਂ ਰੂਸ ਅਤੇ ਚੀਨ ਵੱਲ ਵਧੇਰੇ ਹੋ ਗਿਆ ਹੈ, ਕਿਉਂਕਿ ਅਮਰੀਕਾ ਨੇ ਭਾਰਤ 'ਤੇ ਵੀ 50 ਫ਼ੀਸਦੀ ਟੈਰਿਫ਼ ਲਗਾ ਦਿੱਤਾ ਹੋਇਆ ਹੈ, ਜਿਸ ਕਾਰਨ ਭਾਰਤ ਲਈ ਪੁਰਾਣੇ ਮਿੱਤਰ ਅਮਰੀਕਾ ਦੀ ਥਾਂ ਰੂਸ ਅਤੇ ਚੀਨ ਨਾਲ ਮੇਲ-ਜੋਲ ਵਧਾਉਣਾ ਮਜਬੂਰੀ ਬਣ ਗਿਆ ਹੈ।

ਦੋ ਵਿਸ਼ਵ ਯੁੱਧਾਂ ਅਤੇ ਲੰਬਾ ਸਮਾਂ ਅਮਰੀਕਾ ਅਤੇ ਸੋਵੀਅਤ ਯੂਨੀਅਨ ਵਿਚਾਲੇ ਚੱਲੀ ਠੰਡੀ ਜੰਗ ਦਾ ਸਾਹਮਣਾ ਕਰ ਚੁੱਕੀ ਇਸ ਦੁਨੀਆ ਅੱਗੇ ਹੁਣ ਅਮਰੀਕਾ ਦੀ 'ਟੈਰਿਫ਼ ਜੰਗ' ਦਾ ਖਤਰਾ ਮੰਡਰਾਅ ਰਿਹਾ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਦੂਜੇ ਦੇਸ਼ਾਂ 'ਤੇ ਟੈਰਿਫ਼ ਲਗਾ ਕੇ ਅਮਰੀਕਾ ਦੀ ਆਰਥਿਕਤਾ ਨੂੰ ਤਾਂ ਮਜ਼ਬੂਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਪਰ ਇਹਨਾਂ ਟੈਰਿਫ਼ਾਂ ਕਾਰਨ ਹੋਰਨਾਂ ਦੇਸ਼ਾਂ ਦੀ ਆਰਥਿਕਤਾ ਕਮਜ਼ੋਰ ਹੋਣ ਦਾ ਖਤਰਾ ਪੈਦਾ ਹੋ ਗਿਆ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਮਰੀਕਾ ਨੂੰ ਸੋਵੀਅਤ ਯੂਨੀਅਨ ਵੱਲੋਂ ਵੱਡੀ ਚੁਣੌਤੀ ਮਿਲੀ ਸੀ, ਜਿਸ ਦੇ ਨਤੀਜੇ ਵਜੋਂ ਦੋਵਾਂ ਮਹਾਂ ਸ਼ਕਤੀਆਂ ਵਿਚਾਲੇ ਠੰਡੀ ਜੰਗ ਸ਼ੁਰੂ ਹੋ ਗਈ ਸੀ। ਉਸ ਸਮੇਂ ਵੀ ਵਿਸ਼ਵ ਦੋ ਮੁੱਖ ਧੜਿਆਂ ਅਮਰੀਕਾ ਅਤੇ ਸੋਵੀਅਤ ਯੂਨੀਅਨ ਵਿਚਾਲੇ ਵੰਡਿਆ ਨਜ਼ਰ ਆ ਰਿਹਾ ਸੀ। ਨੱਬੇ ਦੀ ਦਹਾਕੇ ਦੀ ਸ਼ੁਰੂਆਤ ਵਿੱਚ ਸੋਵੀਅਤ ਯੂਨੀਅਨ ਦੇ ਖੇਰੂੰ - ਖੇਰੂੰ ਹੋਣ ਤੋਂ ਬਾਅਦ ਇਹ ਠੰਡੀ ਜੰਗ ਸਮਾਪਤ ਹੋਈ ਸੀ ਪਰ ਉਸ ਤੋਂ ਬਾਅਦ ਰੂਸ ਅਤੇ ਚੀਨ ਵੱਲੋਂ ਅਮਰੀਕਾ ਨੂੰ ਲਗਾਤਾਰ ਚੁਣੌਤੀ ਦਿੱਤੀ ਜਾਣ ਲੱਗੀ, ਜੋ ਕਿ ਅਜੇ ਵੀ ਜਾਰੀ ਹੈ।

ਇਹ ਕੁਸੈਲੀ ਹਕੀਕਤ ਹੈ ਕਿ ਅਮਰੀਕਾ ਇਸ ਸਮੇਂ ਦੁਨੀਆ ਦੀ ਸੁਪਰ ਸ਼ਕਤੀ ਹੈ ਅਤੇ ਵੱਡੀ ਆਰਥਿਕਤਾ ਵਾਲਾ ਦੇਸ਼ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀ ਇੱਛਾ ਹੈ ਕਿ ਅਮਰੀਕਾ ਪੂਰੀ ਦੁਨੀਆ 'ਤੇ ਰਾਜ ਕਰੇ। ਇਸ ਲਈ ਉਹ ਪੂਰੀ ਦੁਨੀਆ ਦੇ ਦੇਸ਼ਾਂ ਨੂੰ ਆਪਣੇ ਟੈਰਿਫ਼ ਜਾਲ ਵਿੱਚ ਫ਼ਸਾਉਣਾ ਚਾਹੁੰਦੇ ਹਨ। ਵੱਡੀ ਗਿਣਤੀ ਦੇਸ਼ ਅਮਰੀਕਾ ਦੇ ਦਬਾਓ ਅੱਗੇ ਝੁਕ ਰਹੇ ਲੱਗਦੇ ਹਨ ਪਰ ਚੀਨ, ਬ੍ਰਾਜ਼ੀਲ ਅਤੇ ਦੱਖਣੀ ਅਫ਼ਰੀਕਾ ਨੇ ਅਮਰੀਕਾ ਅੱਗੇ ਝੁਕਣ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਹੈ। ਚੀਨ ਵਿਸ਼ਵ ਦਾ ਇੱਕੋ ਇੱਕ ਅਜਿਹਾ ਦੇਸ਼ ਹੈ, ਜਿਸ ਨੇ ਸਭ ਤੋਂ ਪਹਿਲਾਂ ਪੂਰੀ ਦ੍ਰਿੜ੍ਹਤਾ ਨਾਲ ਅਮਰੀਕਾ ਦਾ ਮੁਕਾਬਲਾ ਕੀਤਾ ਹੈ ਅਤੇ ਇਸ ਸਮੇਂ ਵੀ ਕਰ ਰਿਹਾ ਹੈ। ਜਦੋਂ ਅਮਰੀਕਾ ਨੇ ਚੀਨ ਨੂੰ ਸਬਕ ਸਿਖਾਉਣ ਲਈ ਚੀਨ 'ਤੇ 145 ਫ਼ੀਸਦੀ ਟੈਰਿਫ਼ ਲਗਾ ਦਿੱਤਾ ਸੀ ਤਾਂ ਚੀਨ ਨੇ ਤੁਰੰਤ ਹੀ ਜਵਾਬੀ ਹਮਲਾ ਕਰਦਿਆਂ ਅਮਰੀਕਾ ਨੂੰ ਦੁਰਲੱਭ ਖਣਿਜਾਂ ਦੀ ਬਰਾਮਦ 'ਤੇ ਰੋਕ ਲਗਾ ਦਿੱਤੀ ਸੀ, ਜਿਸ ਕਾਰਨ ਅਮਰੀਕਾ ਪੂਰੀ ਤਰ੍ਹਾਂ ਹਿੱਲ ਗਿਆ ਸੀ ਤੇ ਉਸ ਨੂੰ ਪਤਾ ਚੱਲ ਗਿਆ ਸੀ ਕਿ ਚੀਨ ਦਾ ਮੁਕਾਬਲਾ ਕਰਨਾ ਉਸ ਲਈ ਆਸਾਨ ਨਹੀਂ ਹੈ। ਉਸ ਤੋਂ ਬਾਅਦ ਅਮਰੀਕਾ ਨੇ ਚੀਨ ਨਾਲ ਦੁਵੱਲੀ ਗੱਲਬਾਤ ਸ਼ੁਰੂ ਕੀਤੀ ਅਤੇ ਵਪਾਰਕ ਪਾਬੰਦੀਆਂ ਨੂੰ ਰੋਕਣ ਲਈ ਆਪਣੀ ਸਹਿਮਤੀ ਦੇ ਦਿੱਤੀ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਉਸ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਚੀਨ ਨੂੰ ਕੋਈ ਧਮਕੀ ਨਹੀਂ ਦਿੱਤੀ। ਇਸ ਨੂੰ ਚੀਨ ਦੀ ਕੂਟਨੀਤਕ ਸਫ਼ਲਤਾ ਕਿਹਾ ਜਾ ਰਿਹਾ ਹੈ। ਅਮਰੀਕਾ ਦੀਆਂ ਟੈਰਿਫ਼ ਧਮਕੀਆਂ ਅੱਗੇ ਝੁਕਣ ਦੀ ਥਾਂ ਉਸ ਦਾ ਪੂਰੀ ਸ਼ਕਤੀ ਨਾਲ ਵਿਰੋਧ ਕਰਕੇ ਚੀਨ ਨੇ ਪੂਰੇ ਵਿਸ਼ਵ ਨੂੰ ਦਿਖਾ ਦਿੱਤਾ ਹੈ ਕਿ ਅਮਰੀਕਾ ਵਾਂਗ ਉਹ ਵੀ ਇੱਕ 'ਸੁਪਰ ਪਾਵਰ' ਹੈ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਕਹਿ ਰਹੇ ਹਨ ਕਿ ਚੀਨ ਦੇ ਮੁੜ ਉਭਾਰ ਨੂੰ ਦੁਨੀਆ ਦੀ ਕੋਈ ਸ਼ਕਤੀ ਨਹੀਂ ਰੋਕ ਸਕਦੀ, ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਚੀਨ ਦੀਆਂ ਭਵਿੱਖ ਦੀਆਂ ਯੋਜਨਾਵਾਂ ਕੀ ਹਨ। ਹੁਣ ਸ਼ੰਘਾਈ ਸੰਮੇਲਨ ਦੌਰਾਨ ਚੀਨ, ਰੂਸ ਅਤੇ ਭਾਰਤ ਵਿਚਾਲੇ ਹੋਈ ਗੱਲਬਾਤ ਅਤੇ ਸੰਭਾਵੀ ਵਪਾਰਕ ਗੱਠਜੋੜ ਨੇ ਅਮਰੀਕਾ ਨੂੰ ਨਵੀਂ ਚੁਣੌਤੀ ਪੇਸ਼ ਕਰ ਦਿੱਤੀ ਹੈ। ਇਸ ਗੱਠਜੋੜ ਤੋਂ ਪ੍ਰੇਸ਼ਾਨ ਟਰੰਪ ਦਾ ਕਹਿਣਾ ਹੈ ਕਿ ਅਮਰੀਕਾ ਨੇ ਹੀ ਭਾਰਤ ਨੂੰ ਰੂਸ ਅਤੇ ਚੀਨ ਦੇ 'ਪਾਲੇ' ਵਿੱਚ ਭੇਜਿਆ ਹੈ।

ਅਮਰੀਕਾ ਦੀ ਰਣਨੀਤੀ ਇਹ ਹੈ ਕਿ ਉਹ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਅੰਤਰ ਵਿਰੋਧ ਨੂੰ ਹਵਾ ਦਿੰਦਾ ਹੈ ਤਾਂ ਕਿ ਇਹਨਾਂ ਦੇਸ਼ਾਂ ਨੂੰ ਉਹਨਾਂ ਦੀਆਂ ਆਪਣੀਆਂ ਹੀ ਨੀਤੀਆਂ ਦੇ ਖ਼ਿਲਾਫ਼ ਖੜ੍ਹਾ ਕੀਤਾ ਜਾ ਸਕੇ। ਇਸ ਤਰ੍ਹਾਂ ਅਮਰੀਕਾ ਭਾਰਤ ਨੂੰ ਉਸ ਦੀਆਂ ਸਮਾਜਿਕ, ਆਰਥਿਕ ਖ਼ਾਮੀਆਂ ਤੇ ਨੀਤੀਗਤ ਭਰਮਾ ਵਿੱਚ ਉਲਝਾ ਕੇ ਰੱਖਣਾ ਚਾਹੁੰਦਾ ਹੈ। ਅਮਰੀਕਾ ਦੀ ਸਪਸ਼ਟ ਨੀਤੀ ਹੈ ਕਿ ਉਹ ਘਰੇਲੂ ਬਾਜ਼ਾਰ ਨੂੰ ਮਜ਼ਬੂਤ ਅਤੇ ਆਪਣੇ ਕੰਟਰੋਲ 'ਚ ਕਰਨ, ਨੀਤੀਗਤ ਸਪਸ਼ਟਤਾ ਰੱਖਣ ਅਤੇ ਟੈਕਨੌਲੋਜੀ ਨੂੰ ਆਤਮ ਨਿਰਭਰਤਾ ਦਾ ਔਜ਼ਾਰ ਬਣਾਉਣਾ ਚਾਹੁੰਦਾ ਹੈ। ਦੂਜੇ ਪਾਸੇ ਭਾਰਤ ਇੱਕ ਅਜਿਹਾ ਦੇਸ਼ ਹੈ, ਜਿਸ ਦੀਆਂ ਨੀਤੀਆਂ ਵਾਰ ਵਾਰ ਬਦਲਦੀਆਂ ਰਹਿੰਦੀਆਂ ਹਨ। ਭਾਰਤ ਵਿੱਚ ਜਦੋਂ ਵੀ ਸਰਕਾਰ ਬਦਲਦੀ ਹੈ ਤਾਂ ਉਸ ਦੀਆਂ ਨੀਤੀਆਂ ਵਿੱਚ ਵੀ ਵੱਡਾ ਬਦਲਾਓ ਆ ਜਾਂਦਾ ਹੈ। ਇਸ ਤੋਂ ਇਲਾਵਾ ਰਾਜ ਕਰ ਰਹੀ ਕੇਂਦਰ ਸਰਕਾਰ ਵੀ ਅਕਸਰ ਆਪਣੇ ਸਮਰਥਕ ਕਾਰਪੋਰੇਟਿਵ ਤੇ ਵੱਡੇ ਉਦਯੋਗਿਕ ਘਰਾਣਿਆਂ ਦੇ ਲਾਭ ਲਈ ਆਪਣੀਆਂ ਨੀਤੀਆਂ ਵਿੱਚ ਬਦਲਾਓ ਲਿਆਉਂਦੀ ਰਹਿੰਦੀ ਹੈ। ਅਮਰੀਕਾ ਵਰਗੇ ਦੇਸ਼ ਭਾਰਤ ਦੀ ਅਜਿਹੀ ਸਥਿਤੀ ਦਾ ਹੀ ਫ਼ਾਇਦਾ ਉਠਾਉਣ ਦਾ ਯਤਨ ਕਰਦੇ ਹਨ। ਭਾਰਤ 'ਤੇ ਵੱਧ ਤੋਂ ਵੱਧ 50 ਫ਼ੀਸਦੀ ਟੈਰਿਫ਼ ਲਗਾਉਣ ਤੋਂ ਇਲਾਵਾ, ਅਮਰੀਕਾ ਨੇ ਦੁਨੀਆ ਦੇ ਲਗਭਗ 67 ਦੇਸ਼ਾਂ 'ਤੇ 'ਵਪਾਰ ਟੈਰਿਫ਼' ਲਗਾਇਆ ਹੈ। 'ਵਪਾਰ ਟੈਰਿਫ਼' ਰਾਹੀਂ ਇੱਕ ਲੁਕਵੀਂ ਜੰਗ ਸ਼ੁਰੂ ਕਰਕੇ ਅਮਰੀਕਾ ਵਿਸ਼ਵ ਦੀ ਇਕਲੌਤੀ ਮਹਾਂ ਸ਼ਕਤੀ ਬਣਨਾ ਚਾਹੁੰਦਾ ਹੈ, ਜਿਵੇਂ ਕਿ ਉਹ ਠੰਡੀ ਜੰਗ ਦੇ ਸਮਾਪਤ ਹੋਣ ਤੋਂ ਬਾਅਦ ਬਣ ਗਿਆ ਸੀ। ਦੂਜੇ ਪਾਸੇ ਅਮਰੀਕਾ ਦਾ ਮੁਕਾਬਲਾ ਕਰਨ ਲਈ ਚੀਨ ਅਤੇ ਰੂਸ ਮੈਦਾਨ ਵਿੱਚ ਆ ਗਏ ਹਨ ਅਤੇ ਇਹਨਾਂ ਦੋਵਾਂ ਮੁਲਕਾਂ ਵੱਲੋਂ ਵਿਸ਼ਵ ਦੇ ਹੋਰਨਾਂ ਦੇਸ਼ਾਂ ਨੂੰ ਆਪਣੇ ਨਾਲ ਮਿਲਾ ਕੇ ਅਮਰੀਕਾ ਨੂੰ ਵਪਾਰਕ ਖੇਤਰ ਵਿੱਚ ਵੱਡੀ ਚੁਣੌਤੀ ਦਿੱਤੀ ਜਾ ਰਹੀ ਹੈ। ਹੁਣ 'ਸ਼ੰਘਾਈ ਸੰਮੇਲਨ' ਤੋਂ ਬਾਅਦ ਜਿਸ ਤਰੀਕੇ ਨਾਲ ਰੂਸ, ਚੀਨ ਅਤੇ ਭਾਰਤ ਦੀ ਤਿੱਕੜੀ ਦਾ ਉਭਾਰ ਹੋਇਆ ਹੈ, ਉਸ ਨਾਲ ਅਮਰੀਕਾ ਨੂੰ ਨਵੀਂ ਚੁਣੌਤੀ ਮਿਲੀ ਹੈ। ਇਹ ਤਿੱਕੜੀ ਅਮਰੀਕਾ ਦੇ 'ਟੈਰਿਫ਼ ਯੁੱਧ' ਦਾ ਕਿਸ ਤਰ੍ਹਾਂ ਸਾਹਮਣਾ ਕਰ ਸਕੇਗੀ ? ਕੀ ਅਮਰੀਕਾ ਭਾਰਤ ਅਤੇ ਹੋਰ ਮੁਲਕਾਂ 'ਤੇ ਲਗਾਏ ਗਏ ਟੈਰਿਫ਼ ਵਾਪਸ ਲਵੇਗਾ ਜਾਂ ਉਹਨਾਂ ਵਿੱਚ ਕੋਈ ਕਮੀ ਕਰੇਗਾ ? ਕੀ ਭਾਰਤ ਲਈ ਰੂਸ ਅਤੇ ਚੀਨ ਦਾ ਸਹਿਯੋਗ ਲੈਣਾ ਸਹੀ ਰਹੇਗਾ ? ਇਹਨਾਂ ਸਾਰੇ ਸਵਾਲਾਂ ਦੇ ਜਵਾਬ ਅਜੇ 'ਸਮੇਂ ਦੀ ਬੁੱਕਲ' ਦੇ ਵਿੱਚ ਹਨ।

# ਨਜ਼ਦੀਕੀ ਦੋਸਤ ਅਤੇ ਕੁਦਰਤੀ ਭਾਈਵਾਲ ਹਨ ਭਾਰਤ ਤੇ ਅਮਰੀਕਾ: ਮੋਦੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਸ ਐਲਾਨ ਦਾ ਸਵਾਗਤ ਕੀਤਾ ਹੈ ਕਿ ਦੋਵੇਂ ਦੇਸ਼ ਵਪਾਰਕ ਅੜਿੱਕਿਆਂ ਨੂੰ ਦੂਰ ਕਰਨ ਲਈ ਗੱਲਬਾਤ ਜ਼ਰੀਏ ਅੱਗੇ ਵੱਧ ਰਹੇ ਹਨ। ਸ੍ਰੀ ਮੋਦੀ ਨੇ ਭਾਰਤ ਤੇ ਅਮਰੀਕਾ ਨੂੰ 'ਨਜ਼ਦੀਕੀ ਦੋਸਤ ਅਤੇ ਕੁਦਰਤੀ ਭਾਈਵਾਲ' ਦੱਸਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਵੇਂ ਮੁਲਕ ਵਪਾਰ ਵਾਰਤਾ ਨੂੰ ਛੇਤੀ ਤੋਂ ਛੇਤੀ ਪੂਰਾ ਕਰਨ ਲਈ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ, "ਮੈਨੂੰ ਰਾਸ਼ਟਰਪਤੀ ਟਰੰਪ ਨਾਲ ਗੱਲਬਾਤ ਦੀ ਬੇਸਬਰੀ ਨਾਲ



ਉਡੀਕ ਹੈ। ਅਸੀਂ ਦੋਵਾਂ ਮੁਲਕਾਂ ਦੇ ਲੋਕਾਂ ਲਈ ਉੱਜਲ ਤੇ ਖ਼ੁਸ਼ਹਾਲ ਭਵਿੱਖ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰਾਂਗੇ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਇਹ ਗੱਲਬਾਤ 'ਭਾਰਤ-ਅਮਰੀਕਾ ਭਾਈਵਾਲੀ ਦੀਆਂ ਅਸੀਮ ਸੰਭਾਵਨਾਵਾਂ ਨੂੰ ਖੋਲ੍ਹਣ ਦਾ ਰਾਹ ਪੱਧਰਾ ਕਰੇਗੀ।'

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਗੱਲਬਾਤ ਦੇ 'ਸਫਲ ਸਿੱਟਿਆਂ' ਉੱਤੇ ਪਹੁੰਚਣ ਵਿੱਚ 'ਕੋਈ ਮੁਸ਼ਕਿਲ' ਨਹੀਂ ਆਏਗੀ ਅਤੇ ਉਹ ਜਲਦੀ ਹੀ 'ਆਪਣੇ ਚੰਗੇ ਦੋਸਤ' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕਰਨਗੇ।

ਅਮਰੀਕੀ ਰਾਸ਼ਟਰਪਤੀ ਨੇ 'ਟਰੂਥ ਸੋਸ਼ਲ' ਉੱਤੇ ਇੱਕ ਪੋਸਟ ਵਿੱਚ ਕਿਹਾ ਕਿ ਉਨ੍ਹਾਂ ਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ ਵਿੱਚ ਅੜਿੱਕਿਆਂ ਨੂੰ ਦੂਰ ਕਰਨ ਲਈ ਗੱਲਬਾਤ ਜਾਰੀ ਹੈ। ਉਨ੍ਹਾਂ ਕਿਹਾ, "ਮੈਂ ਆਉਣ ਵਾਲੇ ਹਫ਼ਤਿਆਂ ਵਿੱਚ ਆਪਣੇ ਸਭ ਤੋਂ ਚੰਗੇ ਦੋਸਤ, ਪ੍ਰਧਾਨ ਮੰਤਰੀ ਮੋਦੀ ਨਾਲ ਗੱਲ ਕਰਨ ਲਈ ਉਤਸੁਕ ਹਾਂ। ਮੈਨੂੰ ਵਿਸ਼ਵਾਸ ਹੈ ਕਿ ਸਾਡੇ ਦੋਵਾਂ ਮੁਲਕਾਂ ਵਿਚਕਾਰ ਗੱਲਬਾਤ ਸਹੀ ਢੰਗ ਨਾਲ ਪੂਰੀ ਹੋਵੇਗੀ ਤੇ ਕੋਈ ਮੁਸ਼ਕਲ ਨਹੀਂ ਆਏਗੀ।"

# ਭਾਰਤ ਅਤੇ ਅਮਰੀਕਾ ਵਿਚਾਲੇ ਹਨ 'ਖ਼ਾਸ ਸਬੰਧ': ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦੇ 'ਖਾਸ ਸਬੰਧ' ਹਨ ਅਤੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਦੋਹਾਂ ਦੇਸ਼ਾਂ ਦੇ ਕਦੇ-ਕਦੇ ਕੁਝ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ। ਇਹ ਗੱਲ ਉਨ੍ਹਾਂ ਨੇ ਵਾਸ਼ਿੰਗਟਨ ਅਤੇ ਦਿੱਲੀ ਵਿਚਾਲੇ ਟੈਕਸ ਅਤੇ ਰੂਸੀ ਤੇਲ ਦੀ ਖਰੀਦ ਨੂੰ ਲੈ ਕੇ ਚੱਲ ਰਹੇ ਮੌਜੂਦਾ ਤਣਾਅ ਦੇ ਵਿਚਕਾਰ ਕਹੀ।



ਪਿਛਲੇ ਦਿਨੀਂ ਓਵਲ ਆਫਿਸ ਵਿੱਚ ਟਰੰਪ ਨੇ ਕਿਹਾ, ਮੈਂ ਹਮੇਸ਼ਾ (ਨਰਿੰਦਰ) ਮੋਦੀ ਦਾ ਦੋਸਤ ਰਹਾਂਗਾ, ਉਹ ਇੱਕ ਮਹਾਨ ਪ੍ਰਧਾਨ ਮੰਤਰੀ ਹਨ। ਉਹ ਮਹਾਨ ਹਨ। ਮੈਂ ਹਮੇਸ਼ਾ ਦੋਸਤ ਰਹਾਂਗਾ, ਪਰ ਮੈਨੂੰ ਇਹ ਪਸੰਦ ਨਹੀਂ ਕਿ ਉਹ ਇਸ ਖਾਸ ਪਲ ਵਿੱਚ ਕੀ ਕਰ ਰਹੇ ਹਨ।"

ਟਰੰਪ ਨੇ ਮੁਸਕਰਾਉਂਦੇ ਹੋਏ ਅੱਗੇ ਕਿਹਾ, "ਪਰ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦੇ ਖਾਸ ਸਬੰਧ ਹਨ। ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਕਦੇ-ਕਦੇ ਸਾਡੇ ਕੁਝ ਮਾਮਲੇ ਹੋ ਜਾਂਦੇ ਹਨ।" ਰਾਸ਼ਟਰਪਤੀ ਇਹ ਜਵਾਬ ਉਦੋਂ ਦੇ ਰਹੇ ਸਨ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਉਹ ਭਾਰਤ ਨਾਲ ਸਬੰਧਾਂ ਨੂੰ ਮੁੜ ਸਥਾਪਿਤ ਕਰਨ ਲਈ ਤਿਆਰ ਹਨ, ਕਿਉਂਕਿ ਦੋਹਾਂ ਦੇਸ਼ਾਂ ਵਿਚਾਲੇ ਸਬੰਧ ਪਿਛਲੇ ਦੋ ਦਹਾਕਿਆਂ ਵਿੱਚ ਸੰਭਵ ਤੌਰ 'ਤੇ ਸਭ ਤੋਂ ਮਾੜੇ ਦੌਰ ਵਿੱਚੋਂ ਗੁਜ਼ਰ ਰਹੇ ਹਨ। ਟਰੰਪ ਨੇ ਇਹ ਵੀ ਕਿਹਾ ਕਿ ਉਹ ਬਹੁਤ ਨਿਰਾਸ਼ ਹਨ ਕਿ ਭਾਰਤ ਰੂਸ ਤੋਂ ਐਨਾ ਜ਼ਿਆਦਾ ਤੇਲ ਖਰੀਦ ਰਿਹਾ ਹੈ।

## 'ਭਾਰਤ 'ਤੇ ਲਗਾਏ ਟੈਕਸ ਹਟਾਏ ਨਹੀਂ ਜਾਣਗੇ'

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਭਾਰਤ ਨਾਲ ਬਹੁਤ ਚੰਗੀ ਤਰ੍ਹਾਂ ਤਾਲਮੇਲ ਰੱਖਦਾ ਹੈ ਪਰ ਕਈ ਸਾਲਾਂ ਤੋਂ ਉਨ੍ਹਾਂ ਦਾ ਸਬੰਧ 'ਇਕਪਾਸੜ' ਸੀ, ਕਿਉਂਕਿ ਨਵੀਂ ਦਿੱਲੀ ਵੱਲੋਂ ਵਾਸ਼ਿੰਗਟਨ 'ਤੇ 'ਭਾਰੀ ਟੈਕਸ' ਲਗਾਇਆ ਜਾ ਰਿਹਾ ਸੀ। ਟਰੰਪ ਨੂੰ ਪਿਛਲੇ ਦਿਨੀਂ ਜਦੋਂ ਪੁੱਛਿਆ ਗਿਆ ਕਿ ਕੀ ਉਹ ਭਾਰਤ 'ਤੇ ਲਗਾਏ ਗਏ ਕੁਝ ਟੈਕਸ ਹਟਾਉਣ ਬਾਰੇ ਵਿਚਾਰ ਕਰ ਰਹੇ ਹਨ ਤਾਂ ਉਨ੍ਹਾਂ ਕਿਹਾ, "ਨਹੀਂ, ਅਸੀਂ ਭਾਰਤ ਨਾਲ ਬਹੁਤ ਚੰਗੀ ਤਰ੍ਹਾਂ ਤਾਲਮੇਲ ਰੱਖਦੇ ਹਾਂ।" ਟਰੰਪ ਦੀ ਇਹ ਟਿੱਪਣੀ ਨਵੀਂ ਦਿੱਲੀ ਅਤੇ ਵਾਸ਼ਿੰਗਟਨ ਦਰਮਿਆਨ ਸਬੰਧਾਂ ਵਿੱਚ ਤਣਾਅ ਵਿਚਾਲੇ ਆਈ ਹੈ। ਅਮਰੀਕਾ ਨੇ ਭਾਰਤ 'ਤੇ 50 ਫ਼ੀਸਦੀ ਟੈਕਸ ਲਗਾਇਆ ਹੈ ਜੋ ਕਿ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਟੈਕਸਾਂ 'ਚੋਂ ਇੱਕ ਹੈ।

ਟਰੰਪ ਨੇ ਵ੍ਹਾਈਟ ਹਾਊਸ ਵਿੱਚ ਕਿਹਾ ਕਿ ਕਈ ਸਾਲਾਂ ਤੱਕ ਭਾਰਤ ਅਤੇ ਅਮਰੀਕਾ ਦਰਮਿਆਨ ਸਬੰਧ 'ਇਕਪਾਸੜ' ਸਨ ਅਤੇ ਉਨ੍ਹਾਂ ਵੱਲੋਂ ਅਹੁਦਾ ਸੰਭਾਲੇ ਜਾਣ ਤੋਂ ਬਾਅਦ ਇਸ ਵਿੱਚ ਬਦਲਾਅ ਆਇਆ। ਟਰੰਪ ਨੇ ਕਿਹਾ, "ਭਾਰਤ ਸਾਡੇ ਕੋਲੋਂ ਜ਼ਿਆਦਾ ਟੈਕਸ ਵਸੂਲ ਰਿਹਾ ਸੀ ਜੋ ਕਿ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਸੀ, ਇਸ ਵਾਸਤੇ ਅਮਰੀਕਾ, ਭਾਰਤ ਨਾਲ ਜ਼ਿਆਦਾ ਵਪਾਰ ਨਹੀਂ ਕਰ ਰਿਹਾ ਸੀ।" ਉਨ੍ਹਾਂ ਕਿਹਾ, "ਪਰ ਉਹ ਸਾਡੇ ਨਾਲ ਵਪਾਰ ਕਰ ਰਹੇ ਸਨ ਕਿਉਂਕਿ ਅਸੀਂ ਉਨ੍ਹਾਂ ਕੋਲੋਂ ਟੈਕਸ ਨਹੀਂ ਵਸੂਲ ਰਹੇ ਸਨ। ਮੂਰਖਤਾਪੂਰਨ ਢੰਗ ਨਾਲ, ਅਸੀਂ ਉਨ੍ਹਾਂ ਕੋਲੋਂ ਟੈਕਸ ਨਹੀਂ ਵਸੂਲ ਰਹੇ ਸੀ।" ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਆਪਣੇ ਉਤਪਾਦਾਂ ਨੂੰ ਅਮਰੀਕਾ ਵਿੱਚ ਭੇਜ ਰਿਹਾ ਸੀ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਭਾਰਤ, ਅਮਰੀਕਾ ਨੂੰ ਟੈਰਿਫ਼ ਨਾਲ ਮਾਰਦਾ ਹੈ ਅਤੇ ਭਾਰਤ ਨੇ ਹੁਣ ਅਮਰੀਕਾ ਨੂੰ 'ਕੋਈ ਟੈਰਿਫ ਨਹੀਂ' ਦੀ ਪੇਸ਼ਕਸ਼ ਕੀਤੀ ਹੈ, ਜਿਸ ਨਾਲ ਵਪਾਰ ਤੇ ਟੈਰਿਫ 'ਤੇ ਉਨ੍ਹਾਂ ਦੇ ਪ੍ਰਸ਼ਾਸਨ ਦੀਆਂ ਨੀਤੀਆਂ ਨੂੰ ਲੈ ਕੇ ਨਵੀਂ ਦਿੱਲੀ ਤੇ ਵਾਸ਼ਿੰਗਟਨ ਵਿਚਾਲੇ ਤਣਾਅ ਵਧ ਗਿਆ ਹੈ।

## ਪੈਂਟਾਗਨ ਦਾ ਨਾਂ 'ਜੰਗ ਦਾ ਵਿਭਾਗ' ਰੱਖਿਆ ਜਾਵੇਗਾ, ਟਰੰਪ ਛੇਤੀ ਕਰਨਗੇ ਆਦੇਸ਼ ਜਾਰੀ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੈਂਟਾਗਨ ਦਾ ਨਾਂ 'ਡਿਪਾਰਟਮੈਂਟ ਆਫ਼ ਵਾਰ' ਰੱਖਣ ਦਾ ਫ਼ੈਸਲਾ ਕੀਤਾ ਹੈ ਤੇ ਇਸ ਸਬੰਧੀ ਉਹ ਛੇਤੀ ਆਦੇਸ਼ ਜਾਰੀ ਕਰਨਗੇ। ਪੈਂਟਾਗਨ ਦਾ ਨਾਂ ਡਿਪਾਰਟਮੈਂਟ ਆਫ਼ ਵਾਰ 1947 ਵਿੱਚ ਰੱਖਣ ਦਾ ਫ਼ੈਸਲਾ ਹੋਇਆ ਸੀ ਪਰੰਤੂ ਕੈਬਨਿਟ ਦੇ ਪੁਨਰਗਠਨ ਕਾਰਨ ਇਸ ਨੂੰ ਰੋਕ ਲਿਆ ਗਿਆ ਸੀ।



ਨਾਂ ਬਦਲਣ ਦੀ ਪੁਸ਼ਟੀ ਕਰਦਿਆਂ ਵਾਇਟ ਹਾਊਸ ਦੇ ਇੱਕ ਅਧਿਕਾਰੀ ਨੇ ਕਿਹਾ ਹੈ ਕਿ ਅਗਲੇ ਕੁੱਝ ਘੰਟਿਆਂ ਦੌਰਾਨ ਰਾਸ਼ਟਰਪਤੀ ਇਸ ਸਬੰਧੀ ਕਾਰਜਕਾਰੀ ਆਦੇਸ਼ ਉੱਪਰ ਦਸਤਖਤ ਕਰ ਸਕਦੇ ਹਨ। ਟਰੰਪ ਨੇ ਪਿਛਲੇ ਮਹੀਨੇ ਦੇ ਆਖਿਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰੱਖਿਆ ਵਿਭਾਗ ਦਾ ਨਾਂ ਬਦਲਣ ਦੀ ਗੱਲ ਕਰਦਿਆਂ ਕਿਹਾ ਸੀ ਕਿ ਇਸ ਨਾਲ ਇੱਕ ਨਵਾਂ ਜੋਸ਼ ਪੈਦਾ ਹੋਵੇਗਾ ਜਿਵੇਂ ਕਿ ਤੁਸੀਂ ਜਾਣਦੇ ਹੋ ਅਸੀਂ ਵਿਸ਼ਵ ਯੁੱਧ ਪਹਿਲਾ ਤੇ ਦੂਜਾ ਜਿੱਤਿਆ ਹੈ। ਅਸੀ ਹਰ ਚੀਜ਼ ਜਿੱਤੀ ਹੈ। ਇਸ ਲਈ ਡਿਪਾਰਟਮੈਂਟ ਆਫ਼ ਵਾਰ ਨਾਂ ਬਹੁਤ ਹੀ ਪ੍ਰਸੰਗਿਕ ਹੋਵਗਾ। ਮੀਡੀਆ ਨੂੰ ਵਾਇਟ ਹਾਊਸ ਤੋਂ ਆਦੇਸ਼ਾਂ ਦਾ ਵੇਰਵਾ ਜੋ ਪ੍ਰਾਪਤ ਹੋਇਆ ਹੈ, ਉਸ ਅਨੁਸਾਰ ਰੱਖਿਆ ਵਿਭਾਗ ਦਾ ਦੂਸਰਾ ਨਾਂ ਜੰਗ ਦਾ ਵਿਭਾਗ ਹੋਵੇਗਾ।

## 2001 ਤੋਂ ਬਾਅਦ ਪਹਿਲੀ ਵਾਰ ਇਸ ਸਾਲ ਅਮਰੀਕਾ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਘਟੀ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਕੋਵਿਡ-19 ਮਹਾਂਮਾਰੀ ਦੇ ਸਾਲਾਂ ਨੂੰ ਛੱਡ ਕੇ 2001 ਤੋਂ ਬਾਅਦ ਪਹਿਲੀ ਵਾਰ ਅਮਰੀਕਾ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਘਟੀ ਹੈ। ਯੂ. ਐਸ. ਕਾਮਰਸ ਵਿਭਾਗ ਦੇ ਨੈਸ਼ਨਲ ਟਰੈਵਲ ਐਂਡ ਟੂਰਿਜਮ ਦਫ਼ਤਰ (ਐਨ. ਟੀ. ਟੀ. ਓ.) ਅਨੁਸਾਰ ਜੂਨ 2025 ਵਿੱਚ 2.1 ਲੱਖ ਭਾਰਤੀ ਅਮਰੀਕਾ ਆਏ, ਜੋ ਕਿ ਪਿਛਲੇ ਸਾਲ ਦੇ ਇਸ ਮਹੀਨੇ ਦੀ ਤੁਲਨਾ ਵਿੱਚ 8% ਘੱਟ ਹਨ। ਜੂਨ 2024 ਵਿੱਚ 2.3 ਲੱਖ ਭਾਰਤੀ ਅਮਰੀਕਾ ਆਏ ਸਨ। ਅਗਲੇ ਮਹੀਨਿਆਂ ਵਿੱਚ ਵੀ ਇਹ ਹੀ ਰੁਝਾਨ ਜਾਰੀ ਰਹਿਣ ਦੀ ਸੰਭਾਵਨਾ ਹੈ। ਆਰਜੀ ਅੰਕੜਿਆਂ ਅਨੁਸਾਰ ਜੁਲਾਈ 2025 ਵਿੱਚ ਜੁਲਾਈ 2024 ਦੀ ਤੁਲਨਾ ਵਿੱਚ 5.5% ਭਾਰਤੀ ਅਮਰੀਕਾ ਘੱਟ ਆਏ ਹਨ। ਐਨ. ਟੀ. ਟੀ. ਓ. ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਜੂਨ ਵਿੱਚ ਸਮੁੱਚੇ ਤੌਰ 'ਤੇ ਅਮਰੀਕਾ ਆਉਣ ਵਾਲੇ ਕੌਮਾਂਤਰੀ ਯਾਤਰੀਆਂ ਦੀ ਗਿਣਤੀ (ਬਾਕੀ ਸਫ਼ਾ 27 'ਤੇ)




## ਭਾਰਤ ਨੂੰ ਰੂਸ-ਚੀਨ ਬਲਾਕ ਵਿੱਚ ਧੱਕਣ ਲਈ ਟਰੰਪ ਜਿੰਮੇਵਾਰ: ਅਮਰੀਕੀ ਮੀਡੀਆ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਸ਼ੰਘਾਈ ਸਹਿਯੋਗ ਸੰਗਠਨ ਦੇ ਚੀਨ ਦੇ ਸ਼ਹਿਰ ਟਿਆਨਜਿਨ ਵਿੱਚ ਹੋਏ ਸਿਖਰ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਤੇ ਚੀਨ ਦੇ ਰਾਸ਼ਟਰਪਤੀ ਸੀ ਜਿਨਪਿੰਗ ਵਿਚਾਲੇ ਆਪਸੀ ਦੋਸਤੀ ਦੀਆਂ ਤਸਵੀਰਾਂ ਵਿਸ਼ਵ ਪੱਧਰ 'ਤੇ ਵਾਇਰਲ ਹੋਈਆਂ ਹਨ। ਅਮਰੀਕੀ ਮੀਡੀਆ ਨੇ ਇਨ੍ਹਾਂ ਤਸਵੀਰਾਂ ਬਾਰੇ ਕਿਹਾ ਹੈ ਕਿ ਅਮਰੀਕੀ ਚੌਧਰ ਵਿਰੁੱਧ ਤਿੱਕੜੀ ਦਾ ਇਹ ਪ੍ਰਦਰਸ਼ਨ ਗਿਣ ਮਿਥ ਕੇ ਕੀਤਾ ਗਿਆ ਹੈ ਤੇ ਇਸ ਵਾਸਤੇ ਅਮਰੀਕੀ ਰਾਸ਼ਟਰਪਤੀ ਦੀਆਂ ਹਮਲਾਵਰ ਵਪਾਰਕ ਨੀਤੀਆਂ ਜਿੰਮੇਵਾਰ ਹਨ। ਦੀ ਨਿਊਯਾਰਕ ਟਾਈਮਜ਼ ਵਰਗੀ ਪ੍ਰਮੁੱਖ ਅਖ਼ਬਾਰ ਨੇ ਕਿਹਾ ਹੈ ਕਿ 3 ਆਗੂਆਂ ਦੇ ਮੁਸਕਰਾਉਂਦੇ ਚਿਹਰੇ ਯੂ ਐਸ ਦੀ ਗਲੋਬਲ ਲੀਡਰਸ਼ਿਪ ਦਾ ਬਦਲ ਪੇਸ਼ ਕਰ ਰਹੇ ਹਨ। ਅਖ਼ਬਾਰ ਨੇ ਆਖਰੀ ਮਿੰਟਾਂ ਵਿੱਚ ਪੂਤਿਨ ਦੀ ਲਿਮੋਜ਼ਿਨ ਗੱਡੀ ਵਿੱਚ ਮੋਦੀ ਦੀ ਰੂਸ ਨਾਲ ਨੇੜਤਾ ਦਾ ਵੀ ਹਵਾਲਾ ਦਿੱਤਾ ਹੈ। ਸੀ ਐਨ ਐਨ, ਫ਼ੌਕਸ ਨਿਊਜ਼ ਤੇ ਹੋਰ ਮੀਡੀਆ ਨੇ ਵੀ ਭਾਰਤ, ਰੂਸ ਤੇ ਚੀਨ ਵਿਚਾਲੇ ਵਧ ਰਹੇ ਸਹਿਯੋਗ ਲਈ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਨੂੰ ਜਿੰਮੇਵਾਰ ਠਹਿਰਾਇਆ ਹੈ।



## ਬਜ਼ੁਰਗ ਸਿੱਖ 'ਤੇ ਹਮਲਾ ਕਰਨ ਦੇ ਮਾਮਲੇ 'ਚ ਦੋਸ਼ੀ ਵਿਰੁੱਧ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਉੱਤਰੀ ਹਾਲੀਵੁੱਡ ਵਿੱਚ 70 ਸਾਲਾ ਸਿੱਖ ਹਰਪਾਲ ਸਿੰਘ ਉੱਪਰ ਹਮਲਾ ਕਰਨ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਰਿਚਰਡ ਵਿਟਾਗਲੀਆਨੋ ਨੂੰ ਮੁੱਢਲੀ ਸੁਣਵਾਈ ਦੌਰਾਨ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿਥੇ ਜੱਜ ਨੇ ਉਸ ਵਿਰੁੱਧ ਹੱਤਿਆ ਦੀ ਕੋਸ਼ਿਸ਼ ਸਮੇਤ ਗੰਭੀਰ ਦੋਸ਼ਾਂ ਦੀ ਪੁਸ਼ਟੀ ਕੀਤੀ। ਪਿਛਲੇ ਮਹੀਨੇ ਹਰਪਾਲ ਸਿੰਘ ਉੱਪਰ ਗੋਲਫ਼ ਸਟਿਕ ਨਾਲ ਹਮਲਾ ਕਰਕੇ ਉਸ ਨੂੰ ਬੁਰੀ ਤਰਾਂ ਜ਼ਖਮੀ ਕਰ ਦਿੱਤਾ ਗਿਆ ਸੀ। ਡਿਸਟ੍ਰਿਕਟ ਅਟਾਰਨੀ ਦੇ ਦਫ਼ਤਰ ਨੇ ਅਜੇ ਦੋਸ਼ੀ ਵਿਰੁੱਧ ਨਫ਼ਰਤੀ ਅਪਰਾਧ ਦੇ ਦੋਸ਼ ਨਹੀ ਲਾਏ ਹਨ ਪਰੰਤੂ ਕਿਹਾ ਹੈ ਕਿ ਹੋਰ ਸਬੂਤ ਮਿਲਣ 'ਤੇ ਉਹ ਇਹ ਦੋਸ਼ ਲਾਉਣ ਦੀ ਸਥਿਤੀ ਵਿੱਚ ਹੋਵੇਗਾ। ਹਰਪਾਲ ਸਿੰਘ ਹਸਪਤਾਲ ਵਿੱਚ ਦਾਖਲ ਹੈ ਤੇ ਅਜੇ ਉਹ ਆਪਣੇ ਬਿਆਨ ਦਰਜ ਕਰਵਾਉਣ ਦੀ ਹਾਲਤ ਵਿੱਚ ਨਹੀਂ ਹੈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ਦੀ ਖ਼ਾਲਿਸਤਾਨੀਆਂ ਬਾਰੇ 2025 ਰਿਪੋਰਟ ਸਬੰਧੀ ਭਾਰਤੀ ਮੀਡੀਆ ਦਾ ਸੱਚ ਕੀ ਹੈ ?

## ਭਾਰਤੀ ਮੀਡੀਆ ਦੇ ਦਾਅਵੇ: ਸੱਚ ਜਾਂ ਵਧਾ-ਚੜ੍ਹਾਕੇ ਪ੍ਰਚਾਰ ?

## ਕੈਨੇਡੀਅਨ ਮੀਡੀਆ ਦੀ ਕਵਰੇਜ: ਅਖਬਾਰਾਂ ਨੇ ਕੀ ਕਿਹਾ ?

ਕੈਨੇਡਾ ਦੇ ਵਿੱਤ ਵਿਭਾਗ ਨੇ '2025 ਅਸੈਸਮੈਂਟ ਆਫ ਮਨੀ ਲਾਂਡਰਿੰਗ ਐਂਡ ਟੈਰਰਿਸਟ ਫਾਈਨੈਂਸਿੰਗ ਰਿਸਕਸ ਇਨ ਕੈਨੇਡਾ' (2025 ਨੈਸ਼ਨਲ ਰਿਸਕ ਅਸੈਸਮੈਂਟ ) ਨਾਮਕ ਰਿਪੋਰਟ 22 ਅਗਸਤ 2025 ਨੂੰ ਸਰਕਾਰੀ ਵੈਬਸਾਈਟ 'ਤੇ ਜਾਰੀ ਕੀਤੀ ਗਈ ਸੀ,ਜਿਸਨੂੰ ਹੁਣ ਭਾਰਤੀ ਮੀਡੀਆ ਵਧਾ ਚੜ੍ਹਾਕੇ ਪੇਸ਼ ਕਰ ਰਿਹਾ ਹੈ। ਇਹ ਰਿਪੋਰਟ ਕੈਨੇਡਾ ਦੀ ਅੰਦਰੂਨੀ ਅਤੇ ਬਾਹਰੀ ਮਨੀ ਲਾਂਡਰਿੰਗ ਅਤੇ ਖਾੜਕੂ ਫੰਡਿੰਗ ਦੇ ਖਤਰਿਆਂ ਦੀ ਵਿਆਪਕ ਜਾਂਚ ਹੈ, ਜੋ 2015 ਅਤੇ 2023 ਦੀਆਂ ਪਿਛਲੀਆਂ ਰਿਪੋਰਟਾਂ 'ਤੇ ਅਧਾਰਿਤ ਸੀ। ਇਸ ਵਿੱਚ ਖ਼ਾਲਿਸਤਾਨੀ ਸਮੂਹਾਂ, ਜਿਵੇਂ ਕਿ ਬੱਬਰ ਖਾਲਸਾ ਇੰਟਰਨੈਸ਼ਨਲ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ , ਦਾ ਜ਼ਿਕਰ ਹੈ, ਜੋ ਕੈਨੇਡੀਅਨ ਕ੍ਰਿਮੀਨਲ ਕੋਡ ਅਧੀਨ ਖਾੜਕੂ ਸੰਗਠਨਾਂ ਵਜੋਂ ਸੂਚੀਬੱਧ ਹਨ। ਰਿਪੋਰਟ ਅਨੁਸਾਰ, ਇਹ ਸਮੂਹ ਰਾਜਨੀਤਕ ਤੌਰ 'ਤੇ ਪ੍ਰੇਰਿਤ ਹਿੰਸਕ ਖਾੜਕੂਵਾਦ ਦੀ ਸ਼੍ਰੇਣੀ ਵਿੱਚ ਆਉਂਦੇ ਹਨ ਅਤੇ ਕੈਨੇਡਾ ਵਿੱਚ ਵਿਅਕਤੀਆਂ ਅਤੇ ਛੋਟੇ ਸਮੂਹਾਂ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰਦੇ ਹਨ।

ਰਿਪੋਰਟ ਸਪੱਸ਼ਟ ਕਰਦੀ ਹੈ ਕਿ ਇਹਨਾਂ ਸਮੂਹਾਂ ਦੀ ਫੰਡਰੇਜ਼ਿੰਗ ਪਹਿਲਾਂ ਵਿਸ਼ਾਲ ਨੈਟਵਰਕਾਂ ਰਾਹੀਂ ਹੁੰਦੀ ਸੀ, ਪਰ ਹੁਣ ਇਹ ਛੋਟੇ-ਛੋਟੇ ਵਿਅਕਤੀਆਂ ਜਾਂ ਸਮੂਹਾਂ ਤੱਕ ਸੀਮਤ ਹੋ ਗਈ ਹੈ, ਜੋ ਖ਼ਾਲਿਸਤਾਨ ਦੇ ਮਕਸਦ ਨੂੰ ਸਮਰਥਨ ਦਿੰਦੇ ਹਨ। ਇਸ ਵਿੱਚ ਗੈਰ-ਮੁਨਾਫ਼ਾ ਸੰਗਠਨਾਂ , ਕ੍ਰਿਪਟੋਕਰੰਸੀ, ਅਤੇ ਅਪਰਾਧਿਕ ਗਤੀਵਿਧੀਆਂ (ਜਿਵੇਂ ਨਸ਼ੀਲੇ ਪਦਾਰਥਾਂ ਦੀ ਤਸਕਰੀ ) ਰਾਹੀਂ ਫੰਡਿੰਗ ਦਾ ਜ਼ਿਕਰ ਵੀ ਹੈ। ਇਸ ਦੀ ਜਾਣਕਾਰੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਖੁਫੀਆ ਰਿਪੋਰਟਾਂ ਅਤੇ ਅੰਤਰਰਾਸ਼ਟਰੀ ਸਹਿਯੋਗ 'ਤੇ ਅਧਾਰਿਤ ਹੈ।




### ਕੈਨੇਡੀਅਨ ਅਖਬਾਰਾਂ ਵਿੱਚ ਰਿਪੋਰਟ ਦੀ ਕਵਰੇਜ

ਕੈਨੇਡੀਅਨ ਮੁੱਖਧਾਰਾ ਮੀਡੀਆ ਵਿੱਚ ਇਸ ਰਿਪੋਰਟ ਨੂੰ ਸੀਮਤ ਪਰ ਨਿਰਪੱਖ ਕਵਰੇਜ ਮਿਲੀ,ਪਰ ਭਾਰਤੀ ਮੀਡੀਆ ਇਸ ਨੂੰ ਵਧਾ ਚੜ੍ਹਾਕੇ ਇਕਪਾਸੜ ਪੇਸ਼ ਕਰ ਰਿਹਾ ਹੈ। ਦਿ ਗਲੋਬ ਐਂਡ ਮੇਲ ਨੇ 4 ਸਤੰਬਰ 2025 ਨੂੰ ਇੱਕ ਨਿਊਜ ਛਾਪੀ ਸੀ, ਜਿਸ ਵਿੱਚ ਰਿਪੋਰਟ ਨੂੰ ਕੈਨੇਡਾ ਦੀ ਅੰਦਰੂਨੀ ਮਨੀ ਲਾਂਡਰਿੰਗ ਅਤੇ ਖਾੜਕੂ ਫੰਡਿੰਗ ਦੇ ਖਤਰਿਆਂ 'ਤੇ ਇੱਕ ਮਹੱਤਵਪੂਰਨ ਦਸਤਾਵੇਜ਼ ਦੱਸਿਆ। ਇਸ ਨੇ ਜ਼ੋਰ ਦਿੱਤਾ ਕਿ ਰਿਪੋਰਟ 38,000 ਤੋਂ ਵੱਧ ਰਿਪੋਰਟਿੰਗ ਐਂਟੀਟੀਜ਼ (ਜਿਵੇਂ ਬੈਂਕ, ਮਨੀ ਸਰਵਿਸਿਜ਼ ਬਿਜ਼ਨਸ) ਲਈ ਮਾਰਗਦਰਸ਼ਨ ਦਾ ਕੰਮ ਕਰਦੀ ਹੈ, ਜਿਨ੍ਹਾਂ ਨੂੰ ਪ੍ਰੋਸੀਡਜ਼ ਆਫ ਕ੍ਰਾਈਮ (ਮਨੀ ਲਾਂਡਰਿੰਗ) ਐਂਡ ਟੈਰਰਿਸਟ ਫਾਈਨੈਂਸਿੰਗ ਐਕਟ ਅਧੀਨ ਰਿਸਕ ਅਸੈਸਮੈਂਟ ਕਰਨ ਦੀ ਲੋੜ ਹੈ। ਨੈਸ਼ਨਲ ਪੋਸਟ ਨੇ 5 ਸਤੰਬਰ 2025 ਨੂੰ ਇਸ ਰਿਪੋਰਟ ਦੀ ਚਰਚਾ ਕੀਤੀ ਸੀ, ਜਿਸ ਵਿੱਚ ਖਾੜਕੂ ਫੰਡਿੰਗ ਦੀ ਘੱਟ ਮਾਤਰਾ ਪਰ ਗੰਭੀਰ ਨਤੀਜਿਆਂ 'ਤੇ ਜ਼ੋਰ ਦਿੱਤਾ।

ਇਸ ਤੋਂ ਇਲਾਵਾ, ਦਿ ਡੀਪ ਡਾਈਵ ਨੇ 6 ਸਤੰਬਰ 2025 ਨੂੰ ਇੱਕ ਖਬਰ ਵਿੱਚ ਕਿਹਾ ਕਿ ਰਿਪੋਰਟ ਅਨੁਸਾਰ ਕੈਨੇਡਾ ਵਿੱਚ ਹਰ ਸਾਲ 45-113 ਅਰਬ ਡਾਲਰ ਦੀ ਮਨੀ ਲਾਂਡਰਿੰਗ ਹੁੰਦੀ ਹੈ, ਜਿਸ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਭ ਤੋਂ ਵੱਡਾ ਖਤਰਾ ਹੈ। ਇਸ ਵਿੱਚ ਖਾਲਿਸਤਾਨੀ ਸਮੂਹਾਂ ਦੇ ਨਾਲ-ਨਾਲ ਹਮਾਸ ਅਤੇ ਹਿਜ਼ਬੁੱਲਾ ਵਰਗੇ ਸੰਗਠਨਾਂ ਦਾ ਵੀ ਜ਼ਿਕਰ ਸੀ। ਪਰ, ਕੈਨੇਡੀਅਨ ਮੀਡੀਆ ਨੇ ਖਾਲਿਸਤਾਨੀ ਸਮੂਹਾਂ 'ਤੇ ਜ਼ਿਆਦਾ ਜ਼ੋਰ ਨਹੀਂ ਦਿੱਤਾ ਅਤੇ ਇਸ ਨੂੰ ਵਿਸ਼ਾਲ ਸੁਰੱਖਿਆ ਸੰਦਰਭ ਵਿੱਚ ਵੇਖਿਆ। ਕੈਨੇਡੀਅਨ ਮੀਡੀਆ ਦੀ ਕਵਰੇਜ ਨਿਰਪੱਖ ਸੀ ਅਤੇ ਇਸ ਨੇ ਰਿਪੋਰਟ ਨੂੰ ਸਰਕਾਰੀ ਸੁਰੱਖਿਆ ਅਤੇ ਵਿੱਤੀ ਨੀਤੀ ਦੇ ਹਿੱਸੇ ਵਜੋਂ ਪੇਸ਼ ਕੀਤਾ, ਨਾ ਕਿ ਸਿੱਖ ਭਾਈਚਾਰੇ ਜਾਂ ਖਾਲਿਸਤਾਨ ਅੰਦੋਲਨ ਨੂੰ ਨਿਸ਼ਾਨਾ ਬਣਾਉਣ ਵਾਲੀ ਸਾਜ਼ਿਸ਼ ਵਜੋਂ।

### ਭਾਰਤੀ ਮੀਡੀਆ ਦੇ ਦਾਅਵੇ ਸ਼ੱਕੀ ਕਿਉਂ ?

ਭਾਰਤੀ ਮੀਡੀਆ, ਜਿਵੇਂ ਕਿ ਐਨਡੀਟੀਵੀ, ਦਿ ਵੀਕ, ਨਿਊਜ਼ ਆਨ ਏਅਰ,

(ਬਾਕੀ ਸਫ਼ਾ 27 'ਤੇ)

# ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਉਪਰਾਲੇ ਜਾਰੀ: ਕਾਰਨੀ

## ਅਮਰੀਕੀ ਟੈਰਿਫ਼ ਤੋਂ ਪ੍ਰਭਾਵਿਤ ਉਦਯੋਗਾਂ ਦੀ ਸਹਾਇਤਾ ਕਰੇਗੀ ਕੈਨੇਡਾ ਸਰਕਾਰ

ਵਿਨੀਪੈੱਗ/ਏ.ਟੀ.ਨਿਊਜ਼: ਟਰੰਪ ਦੇ ਟੈਕਸ ਦੇ ਜਵਾਬ 'ਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਈ ਉਪਾਵਾਂ ਦਾ ਐਲਾਨ ਕੀਤਾ ਕਰਦਿਆਂ ਕਿਹਾ ਹੈ ਕਿ ਇਹ ਉਪਾਅ ਕੈਨੇਡਾ ਦੀ ਆਰਥਿਕਤਾ ਨੂੰ ਇੱਕ ਅਜਿਹੀ ਤਾਕਤ ਵਿੱਚ ਬਦਲ ਦੇਣਗੇ ਜੋ ਟਰੰਪ ਪ੍ਰਸ਼ਾਸਨ ਦੇ ਵਪਾਰਕ ਝਟਕਿਆਂ ਦਾ ਸਾਹਮਣਾ ਕਰ ਸਕੇ। ਉਨ੍ਹਾਂ ਕਿਹਾ, "ਦੁਨੀਆ ਭਰ ਵਿੱਚ ਅਨਿਸ਼ਚਿਤਤਾ ਦੇ ਮੱਦੇਨਜ਼ਰ, ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਸਾਡੇ ਕਾਮੇ ਅਤੇ ਕਾਰੋਬਾਰ ਆਪਣੇ ਮੁਲਕ ਕੈਨੇਡਾ ਨੂੰ ਹੀ ਹੋਰ ਮਜ਼ਬੂਤ ਕਰਕੇ ਖ਼ੁਸ਼ਹਾਲ ਹੋਣ।"

ਕਾਰਨੀ ਦੀ ਨਵੀਂ ਯੋਜਨਾ ਵਿੱਚ 2026 ਲਈ ਇਲੈਕਟ੍ਰਿਕ ਗੱਡੀਆਂ ਦੀ ਜ਼ਰੂਰੀ ਵਿੱਕਰੀ ਦੀ ਸ਼ਰਤ ਨੂੰ ਰੋਕ ਦਿੱਤਾ ਗਿਆ ਹੈ। ਇਹ ਫ਼ੈਸਲਾ ਆਟੋ ਉਦਯੋਗ ਦੀ ਮੰਗ ਦੇ ਤਹਿਤ ਲਿਆ ਗਿਆ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ ਸਰਕਾਰ ਨੇ ਪਹਿਲਾਂ ਨਿਯਮ ਬਣਾਇਆ ਸੀ ਕਿ 2026 ਤੱਕ ਜੋ ਨਵੀਆਂ ਕਾਰਾਂ ਵਿਕਣ, ਉਨ੍ਹਾਂ ਵਿੱਚੋਂ ਘੱਟੋ-ਘੱਟ 20% ਇਲੈਕਟ੍ਰਿਕ ਜਾਂ ਕਗਰ-ਕਠਜਤਤਜਰਅ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਇਹ ਅੰਕੜਾ 2030 ਤੱਕ 60 ਫੀਸਦੀ ਤੇ 2035 ਤੱਕ 100 ਫੀਸਦੀ ਤੈਅ ਕੀਤਾ ਗਿਆ ਸੀ, ਤਾਂ ਜੋ ਵਾਤਾਵਰਣ ਨੂੰ ਸਾਫ਼ ਰੱਖਣ ਵਾਲੇ ਟੀਚੇ ਹਾਸਲ ਕੀਤੇ ਜਾ ਸਕਣ।



ਹੁਣ ਸਰਕਾਰ ਨੇ 2026 ਲਈ ਇਸ ਨੂੰ ਰੋਕ ਦਿੱਤਾ ਹੈ ਅਤੇ ਇਸ ਨੀਤੀ ਦੀ ਸਮੀਖਿਆ ਕਰਨ ਲਈ 60 ਦਿਨਾਂ ਦਾ ਸਮਾਂ ਰੱਖਿਆ ਗਿਆ ਹੈ। ਨਵੀਂ ਉਦਯੋਗਿਕ ਰਣਨੀਤੀ ਵਿੱਚ ਹੋਰ ਵੀ ਕਈ ਅਹਿਮ ਕਦਮ ਚੁੱਕੇ ਗਏ ਹਨ। ਸਰਕਾਰ ਨੇ ਰੀ-ਸਕਿਲਿੰਗ ਪੈਕੇਜ ਅਧੀਨ ਰੁਜ਼ਗਾਰ ਬੀਮਾ ਬੈਨਿਫ਼ਿਟਸ ਦਾ ਵਿਸਤਾਰ ਕਰਨ, ਡਿਜੀਟਲ ਨੌਕਰੀਆਂ ਲਈ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ ਕਰਨ ਅਤੇ 50,000 ਵਰਕਰਾਂ ਨੂੰ ਨਵੇਂ ਹੁਨਰ ਸਿਖਾਉਣ ਦਾ ਐਲਾਨ ਕੀਤਾ ਹੈ।

ਇਸ ਦੇ ਨਾਲ ਹੀ ਇੱਕ ਨਵਾਂ ਸਟੈਟਿਕ ਰਿਸਪਾਂਸ ਫ਼ੰਡ ਵੀ ਬਣਾਇਆ ਗਿਆ ਹੈ, ਜਿਸ 'ਚ ਸਰਕਾਰ 5 ਬਿਲੀਅਨ ਡਾਲਰ ਦਾ ਨਿਵੇਸ਼ ਕਰਨ ਜਾ ਰਹੀ ਹੈ। ਇਹ ਰਕਮ ਉਹਨਾਂ ਉਦਯੋਗਾਂ ਲਈ ਵਰਤੀ ਜਾਵੇਗੀ ਜੋ ਅਮਰੀਕੀ ਟੈਰਿਫ਼ਾਂ ਕਾਰਨ ਪ੍ਰਭਾਵਿਤ ਹੋਏ ਹਨ।

(ਬਾਕੀ ਸਫ਼ਾ 26 'ਤੇ)



# 'ਸਰਤਾਜ ਫਾਊਂਡੇਸ਼ਨ' ਕਰ ਰਹੀ ਹੈ ਤਨਦੇਹੀ ਨਾਲ ਹੜ੍ਹ ਪੀੜਤਾਂ ਦੀ ਮਦਦ

## ਇਸ ਔਖੇ ਸਮੇਂ ਵਿੱਚ ਸਾਰਿਆਂ ਨੂੰ ਇਨਸਾਨੀਅਤ ਦੇ ਨਾਤੇ ਪੀੜਤਾਂ ਨਾਲ ਖੜ੍ਹੇ ਹੋਣਾ ਚਾਹੀਦੈ: ਸਤਿੰਦਰ ਸਰਤਾਜ

ਸਤਿੰਦਰ ਸਰਤਾਜ ਦੀ ਫਾਊਂਡੇਸ਼ਨ ਹੜ੍ਹ-ਪ੍ਰਭਾਵਿਤ ਇਲਾਕਿਆਂ ਵਿੱਚ ਮਦਦ ਲਈ ਮੈਦਾਨ ਵਿੱਚ ਉਤਰ ਆਈ ਹੈ।ਮਸ਼ਹੂਰ ਸੂਫੀ ਗਾਇਕ ਸਤਿੰਦਰ ਸਰਤਾਜ ਨੇ ਇੱਕ ਵੱਡੀ ਪਹਿਲਕਦਮੀ ਲਈ ਹੈ। ਉਨ੍ਹਾਂ ਨੇ ਆਪਣੀ 'ਸਰਤਾਜ ਫਾਊਂਡੇਸ਼ਨ' ਰਾਹੀਂ ਅੰਮ੍ਰਿਤਸਰ ਦੇ ਅਜਨਾਲਾ, ਫਾਜ਼ਿਲਕਾ ਅਤੇ ਤਰਨ ਤਾਰਨ ਵਿੱਚ ਲਗਭਗ 500 ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਹਨ। ਇਸ ਵਿੱਚ ਇੱਕ ਮਹੀਨੇ ਦਾ ਭੋਜਨ ਅਤੇ ਜ਼ਰੂਰੀ ਵਸਤਾਂ ਸ਼ਾਮਲ ਸਨ। ਸਤਿੰਦਰ ਸਰਤਾਜ ਨੇ ਕਿਹਾ, 'ਇਸ ਔਖੇ ਸਮੇਂ ਵਿੱਚ ਸਾਰਿਆਂ ਨੂੰ ਇਨਸਾਨੀਅਤ ਦੇ ਨਾਤੇ ਪੀੜਤਾਂ ਨਾਲ ਖੜ੍ਹੇ ਹੋਣਾ ਚਾਹੀਦਾ ਹੈ।' ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿਚ ਅਸੀਂ 'ਸਰਤਾਜ ਫਾਊਂਡੇਸ਼ਨ' ਵੱਲੋਂ ਆਪਣੇ ਹਿੱਸੇ ਦੀ ਹਰ ਮਦਦ ਪਹੁੰਚਾਉਣ ਦੀ ਪੂਰੀ ਕੋਸ਼ਿਸ਼ਾਂ ਕਰਾਂਗੇ। ਉਨ੍ਹਾਂ ਨੇ ਹੋਰ ਲੋਕਾਂ ਨੂੰ ਵੀ ਬੇਨਤੀ ਕੀਤੀ ਕਿ ਉਹ ਇਸ ਦੁੱਖ ਭਰੀ ਘੜੀ ਵਿਚ ਲੋਕਾਂ ਦਾ ਹੌਂਸਲਾ ਬਣਨ ਤਾਂ ਕਿ ਜ਼ਿੰਦਗੀ ਦੁਬਾਰਾ ਆਪਣੀ ਖ਼ੁਸ਼ਹਾਲੀ ਭਰੀ ਸੁਭਾਵਿਕ ਚਾਲ ਵਿਚ ਆਵੇ।

ਉਨ੍ਹਾਂ ਦੀ ਟੀਮ ਨੇ ਹਰੀਕੇ ਪੱਤਣ ਵਿੱਚ ਵੀ ਰਾਸ਼ਨ ਵੰਡਿਆ। ਪੰਜਾਬ ਦੇ ਹਾਲਾਤ ਦੇਖਦੇ ਹੋਏ 'ਸਰਤਾਜ ਫਾਊਂਡੇਸ਼ਨ' ਦੀਆਂ ਟੀਮਾਂ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਹੜ੍ਹ ਪੀੜਤਾਂ ਦੀ ਮੱਦਦ ਕਰ ਰਹੀ ਹੈ

ਫਾਊਂਡੇਸ਼ਨ ਦੀ ਟੀਮ ਕਈ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਹੁੰਚੀ ਜਿੱਥੇ ਉਹਨਾਂ ਨੇ ਹੜ੍ਹ ਕਾਰਨ ਬੇਘਰ ਹੋਏ ਪਰਿਵਾਰਾਂ ਨੂੰ ਰਾਹਤ ਸਮੱਗਰੀ, ਖਾਣ-ਪੀਣ ਦਾ ਸਮਾਨ, ਕੱਪੜੇ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਵੰਡੀਆਂ।ਲੋਕਾਂ ਨੇ ਦੱਸਿਆ ਕਿ ਇਹ ਸਹਾਇਤਾ ਉਹਨਾਂ ਲਈ ਬਹੁਤ ਵੱਡਾ ਸਹਾਰਾ ਹੈ ਕਿਉਂਕਿ ਹੜ੍ਹ ਕਾਰਨ ਉਹਨਾਂ ਦੇ ਘਰ, ਪਸ਼ੂ ਅਤੇ ਰੋਜ਼ਗਾਰ ਤਬਾਹ ਹੋ ਚੁੱਕੇ ਹਨ।






















# ਸਿੱਖ ਸਿਧਾਂਤ 'ਦਸਵੰਧ' ਪੰਜਾਬ ਦੇ ਹੜ੍ਹਾਂ ਨਾਲੋਂ ਮਜ਼ਬੂਤ

## ਪੰਜਾਬ ਦੇ ਹੜ੍ਹਾਂ ਦੌਰਾਨ ਸਿੱਖ ਸਿਧਾਂਤ ਦੀ ਤਾਕਤ ਨੇ ਚਮਤਕਾਰ ਦਿਖਾਇਆ

## ਸਿੱਖ ਜੁਟੇ ਹਨ ਸਰਬਤ ਦੇ ਭਲੇ ਦੇ ਹਿਤ ਵਿੱਚ





ਪੰਜਾਬ, ਜਿਥੇ ਹਰ ਸਾਲ ਮੌਨਸੂਨ ਦੀ ਤਬਾਹੀ ਨਵੇਂ ਰਿਕਾਰਡ ਬਣਾਉਂਦੀ ਹੈ, ਇਸ ਵਾਰ ਵੀ ਭਿਆਨਕ ਹੜ੍ਹਾਂ ਨੇ ਸੂਬੇ ਨੂੰ ਤਬਾਹ ਕਰ ਦਿੱਤਾ। ਹਜ਼ਾਰਾਂ ਘਰ ਪਾਣੀ ਵਿੱਚ ਡੁੱਬ ਗਏ, ਫ਼ਸਲਾਂ ਬਰਬਾਦ ਹੋਈਆਂ, ਪਸ਼ੂ ਮਰ ਗਏ ਅਤੇ ਲੱਖਾਂ ਪਰਿਵਾਰ ਬੇਘਰ ਹੋ ਗਏ। ਪਰ ਇਸ ਤਬਾਹੀ ਦੇ ਵਿਚਕਾਰ ਸਿੱਖ ਸਿਧਾਂਤ 'ਦਸਵੰਧ' ਦੀ ਚਮਕ ਨੇ ਪੰਜਾਬ ਦੇ ਲੋਕਾਂ ਦੀ ਹਿੰਮਤ ਨੂੰ ਜਿਉਂਦਾ ਰੱਖਿਆ ਹੈ। 'ਦਸਵੰਧ', ਜਿਸ ਅਨੁਸਾਰ ਸਿੱਖ ਆਪਣੀ ਕਮਾਈ ਦਾ ਘੱਟੋ-ਘੱਟ ਦਸਵਾਂ ਹਿੱਸਾ ਗੁਰੂ ਦੇ ਨਾਂ 'ਤੇ ਸੇਵਾ ਲਈ ਦਿੰਦੇ ਹਨ, ਅੱਜ ਪੰਜਾਬ ਦੀ ਮੁੜ ਉਸਾਰੀ ਦਾ ਮੁੱਖ ਆਧਾਰ ਬਣਿਆ ਹੈ। ਇਹ ਸਿੱਖੀ ਦਾ ਉਹ ਸਿਧਾਂਤ ਹੈ ਜੋ ਸਮਾਜ ਸੇਵਾ, ਇਨਸਾਨੀਅਤ ਅਤੇ ਬੇਘਰਿਆਂ ਦੀ ਮਦਦ ਦੀ ਨੀਂਹ ਰੱਖਦਾ ਹੈ।

ਪੰਜਾਬ ਦੇ ਲੋਕ, ਜਿਨ੍ਹਾਂ ਦਾ ਸਭ ਕੁਝ ਹੜ੍ਹਾਂ ਨੇ ਖੋਹ ਲਿਆ, ਫਿਰ ਵੀ ਆਪਣੀ ਹਿੰਮਤ ਅਤੇ ਸੇਵਾ ਦੀ ਭਾਵਨਾ ਨਾਲ ਦੂਜਿਆਂ ਦੀ ਮਦਦ ਕਰ ਰਹੇ ਹਨ। ਸਰਕਾਰੀ ਏਜੰਸੀਆਂ, ਗੈਰ-ਸਰਕਾਰੀ ਸੰਸਥਾਵਾਂ, ਮਸ਼ਹੂਰ ਹਸਤੀਆਂ, ਨੌਜਵਾਨ ਅਤੇ ਇੱਥੋਂ ਤੱਕ ਕਿ ਪੀੜਤ ਵੀ ਹੁਣ ਬਚਾਅ ਕਾਰਜਾਂ ਵਿੱਚ ਸ਼ਾਮਲ ਹੋ ਗਏ ਹਨ। ਇਹ ਸਾਰੇ ਮਿਲ ਕੇ ਭੋਜਨ, ਸਾਫ਼ ਪਾਣੀ, ਦਵਾਈਆਂ ਅਤੇ ਅਸਥਾਈ ਰਿਹਾਇਸ਼ ਦਾ ਪ੍ਰਬੰਧ ਕਰ ਰਹੇ ਹਨ। ਨਾਲ ਹੀ, ਆਉਣ ਵਾਲੇ ਮਹੀਨਿਆਂ ਵਿਚ ਘਰਾਂ ਦੀ ਮੁੜ ਉਸਾਰੀ, ਖੇਤੀ ਨੂੰ ਮੁੜ ਸੁਰਜੀਤ ਕਰਨ ਅਤੇ ਜੀਵਨ ਨੂੰ ਪਹਿਲਾਂ ਵਾਂਗ ਚਲਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਚੁੱਕੀਆਂ ਹਨ।

**ਸੇਵਾ ਦੀ ਮਿਸਾਲ - ਸਕਸ਼ੀ ਸਾਹਨੀ ਦੀ ਅਗਵਾਈ**

ਅੰਮ੍ਰਿਤਸਰ ਦੀ ਮਹਿਲਾ ਡਿਪਟੀ ਕਮਿਸ਼ਨਰ ਸਕਸ਼ੀ ਸਾਹਨੀ ਇਸ ਸੰਕਟ ਵਿੱਚ ਇੱਕ ਮਿਸਾਲ ਬਣ ਕੇ ਸਾਹਮਣੇ ਆਈ ਹੈ। ਉਹ ਨਿੱਜੀ ਤੌਰ 'ਤੇ ਹੜ੍ਹ ਪੀੜਤ ਖੇਤਰਾਂ ਵਿੱਚ ਪਹੁੰਚ ਕੇ ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਜਾਣ ਲਈ ਪ੍ਰੇਰਿਤ ਕਰ ਰਹੀ ਹੈ। ਰਾਹਤ ਕੈਂਪਾਂ ਵਿੱਚ ਦਿਨ-ਰਾਤ ਕੰਮ ਕਰਦਿਆਂ, ਉਹ ਹਜ਼ਾਰਾਂ ਲੋਕਾਂ ਨੂੰ ਬਚਾਉਣ ਵਿੱਚ ਸਹਾਇਤਾ ਕਰ ਰਹੀ ਹੈ। ਸਕਸ਼ੀ ਸਾਹਨੀ ਨੇ ਦੱਸਿਆ ਕਿ ਪੀੜਤਾਂ ਦੀ ਹਿੰਮਤ ਅਤੇ ਸਹਿਣਸ਼ੀਲਤਾ ਨੇ ਉਸ ਨੂੰ ਬਹੁਤ ਪ੍ਰਭਾਵਿਤ ਕੀਤਾ।

ਜਦੋਂ ਅਸੀਂ ਪੀੜਤਾਂ ਦੇ ਘਰਾਂ ਵਿੱਚ ਪਹੁੰਚਦੇ ਹਾਂ ਅਤੇ ਉਨ੍ਹਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਜਾਣ ਲਈ ਕਹਿੰਦੇ ਹਾਂ, ਤਾਂ ਉਹ ਸਭ ਤੋਂ ਪਹਿਲਾਂ ਸਾਡੀ ਖ਼ੈਰ ਪੁੱਛਦੇ ਹਨ ਅਤੇ ਸਾਨੂੰ ਚਾਹ ਦੀ ਪੇਸ਼ਕਸ਼ ਕਰਦੇ ਹਨ। ਉਨ੍ਹਾਂ ਦੇ ਘਰ ਪਾਣੀ ਨਾਲ ਭਰੇ ਹੋਏ ਹਨ, ਫਰਸ਼ 'ਤੇ ਗਾਰ ਪਈ ਹੈ, ਖਾਣ-ਪੀਣ ਦਾ ਕੋਈ ਸਾਧਨ ਨਹੀਂ, ਪਰ ਫਿਰ ਵੀ ਉਨ੍ਹਾਂ ਦੀ ਜੀਵਨ ਪ੍ਰਤੀ ਉਮੀਦ ਅਤੇ ਹਿੰਮਤ ਕਮਾਲ ਦੀ ਹੈ।

**ਮਸ਼ਹੂਰ ਹਸਤੀਆਂ ਦਾ ਯੋਗਦਾਨ - ਪੰਜਾਬ ਦੀ ਮੁੜ ਉਸਾਰੀ**

ਹੜ੍ਹਾਂ ਦੀ ਤਬਾਹੀ ਨੇ ਜਿੱਥੇ ਪੰਜਾਬ ਦੇ ਲੋਕਾਂ ਨੂੰ ਝੰਜੋੜਿਆ, ਉੱਥੇ ਸੂਬੇ ਨਾਲ ਜੁੜੀਆਂ ਮਸ਼ਹੂਰ ਹਸਤੀਆਂ ਨੇ ਵੀ ਆਪਣਾ ਫ਼ਰਜ਼ ਨਿਭਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ 10 ਪਿੰਡਾਂ ਨੂੰ ਗੋਦ ਲੈ ਕੇ ਉਨ੍ਹਾਂ ਦੀ ਮੁੜ ਉਸਾਰੀ ਦਾ ਜ਼ਿੰਮਾ ਲਿਆ ਹੈ। ਉਸ ਨੇ ਵਾਅਦਾ ਕੀਤਾ ਹੈ ਕਿ ਜਦੋਂ ਤਕ ਇਨ੍ਹਾਂ ਪਿੰਡਾਂ ਦੇ ਲੋਕਾਂ ਦਾ ਜੀਵਨ ਪਹਿਲਾਂ ਵਾਂਗ ਨਹੀਂ ਹੋ ਜਾਂਦਾ, ਉਹ ਸਹਾਇਤਾ ਜਾਰੀ ਰੱਖੇਗਾ। ਮਨਕੀਰਤ ਔਲਖ ਨੇ 10 ਟਰੈਕਟਰ ਪੰਜਾਬ ਦੇ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ ਦਿੱਤੇ।

ਹੋਰ ਮਸ਼ਹੂਰ ਹਸਤੀਆਂ ਜਿਵੇਂ ਸੋਨੂੰ ਸੂਦ, ਸਤਿੰਦਰ ਸਰਤਾਜ, ਗਿੱਪੀ ਗਰੇਵਾਲ, (ਬਾਕੀ ਸਫ਼ਾ 26 'ਤੇ)

## ਸਿੱਖ ਫ਼ੈਡਰੇਸ਼ਨ (ਯੂ.ਐਸ.ਏ.) ਨੇ ਹੜ੍ਹ ਪੀੜ੍ਹਤਾਂ ਲਈ 1 ਕਰੋੜ ਰੁਪਏ ਰਾਹਤ ਫ਼ੰਡ ਦਾ ਕੀਤਾ ਐਲਾਨ

### ਦੁਨੀਆਂ ਭਰ ਦੇ ਸਿੱਖ ਭਾਈਚਾਰੇ ਤੇ ਸਮਾਜ ਸੇਵੀਆਂ ਨੂੰ ਯੋਗਦਾਨ ਪਾਉਣ ਦੀ ਕੀਤੀ ਅਪੀਲ

ਸਿੱਖ ਫ਼ੈਡਰੇਸ਼ਨ (ਯੂ.ਐਸ.ਏ.) ਨੇ ਅੱਜ ਹੜ੍ਹਾਂ ਨਾਲ ਤਬਾਹ ਹੋਏ ਪੰਜਾਬ ਦੇ ਲੋਕਾਂ ਦੇ ਲਈ ਤੁਰੰਤ ਰਾਹਤ ਦੇਣ ਦੇ ਲਈ ਇੱਕ ਮਨੁੱਖਤਾਵਾਦੀ ਪਹਿਲਕਦਮੀ ਦਾ ਐਲਾਨ ਕੀਤਾ। ਸੰਕਟ ਦੇ ਦੌਰ ਨੂੰ ਵੇਖਦੇ ਹੋਏ ਫ਼ੈਡਰੇਸ਼ਨ ਨੇ ਤੁਰੰਤ ਸਹਾਇਤਾ ਅਤੇ ਮੁੜ ਵਸੇਬੇ ਦੇ ਲਈ 1 ਕਰੋੜ ਰੁਪਏ ਦੇਣ ਦਾ ਵਾਅਦਾ ਕੀਤਾ। ਇਸ ਸਮੇਂ ਪੰਜਾਬ ਭਿਆਨਕ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ। ਹਜ਼ਾਰਾਂ ਪਰਿਵਾਰ, ਉਹਨਾਂ ਦੇ ਘਰ, ਫ਼ਸਲਾਂ, ਪਸ਼ੂ-ਡੰਗਰ ਇਸ ਕਰੋਪੀ ਦੀ ਲਪੇਟ ਵਿੱਚ ਹਨ। ਸਰਬਤ ਦਾ ਭਲਾ ਦੇ ਸਿੱਖ ਸਿਧਾਂਤ 'ਤੇ ਚਲਦੇ ਹੋਏ ਸਿੱਖ ਫ਼ੈਡਰੇਸ਼ਨ (ਯੂ.ਐਸ.ਏ.) ਨੇ ਲੋੜ ਦੇ ਸਮੇਂ ਪੀੜ੍ਹਤਾਂ ਦੀ ਸਹਾਇਤਾ ਦੇ ਲਈ ਉੱਤਰੀ ਅਮਰੀਕਾ ਦੇ ਮੈਂਬਰਾਂ ਅਤੇ ਸਮਰਥਕਾਂ ਦੇ ਸਹਿਯੋਗ ਨਾਲ ਇਹ ਧਨ ਰਾਸ਼ੀ ਪੀੜ੍ਹਤਾਂ ਤੱਕ ਪਹੁੰਚਾਉਣ ਦਾ ਐਲਾਨ ਕੀਤਾ। ਸਿੱਖ ਫ਼ੈਡਰੇਸ਼ਨ (ਯੂ.ਐਸ.ਏ.) ਦੇ ਬੁਲਾਰੇ ਭਾਈ ਗੁਰਿੰਦਰਜੀਤ ਸਿੰਘ ਦਾ ਕਹਿਣਾ ਹੈ, "ਪੰਜਾਬ ਵਿੱਚ ਸਾਡੇ ਭੈਣ ਭਰਾ ਅਣਗਿਣਤ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ। ਸਿੱਖ ਹੋਣ ਦੇ ਨਾਤੇ ਇਹ ਸਾਡਾ ਨੈਤਿਕ ਅਤੇ ਅਧਿਆਤਮਕ ਫ਼ਰਜ਼ ਹੈ ਕਿ ਅਸੀਂ ਉਹਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹੀਏ। ਇਹ ਇੱਕ ਕਰੋੜ ਰੁਪਏ ਦਾ ਰਾਹਤ ਫ਼ੰਡ ਅਸੀਂ ਪੀੜ੍ਹਤ ਜ਼ਿੰਦਗੀਆਂ ਨੂੰ ਮੁੜ ਵਸਾਉਣ ਦੇ ਲਈ ਅਤੇ ਉਹਨਾਂ ਦੀ ਉਮੀਦ ਦੀ ਕਿਰਨ ਨੂੰ ਜਿਉਂਦੇ ਰੱਖਣ ਲਈ ਸਾਡੀ ਸ਼ੁਰੂਆਤੀ ਕੋਸ਼ਿਸ਼ ਹੈ। ਅਸੀਂ ਸੰਸਾਰ ਭਰ ਦੇ ਸਿੱਖ ਭਾਈਚਾਰੇ ਅਤੇ ਮਨੁੱਖਤਾ ਪ੍ਰਤੀ ਸੰਜੀਦਾ ਵਿਅਕਤੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਵੱਧ ਚੜ੍ਹ ਕੇ ਕਿਸੇ ਵੀ ਤਰੀਕੇ ਦੇ ਨਾਲ ਇਹਨਾਂ ਲੋਕਾਂ ਦੇ ਲਈ ਆਪਣਾ ਯੋਗਦਾਨ ਪਾਉਣ। ਸਿਆਣੇ ਆਖਦੇ ਨੇ ਕਿ ਦੁੱਖ ਵੰਡਿਆ ਦੁੱਖ ਘਟਦੇ ਨੇ ਤੇ ਆਪਾਂ ਸਾਰੇ ਰਲ ਕੇ ਦੁਆ ਕਰਦੇ ਹਨ ਕਿ ਮਨੁੱਖਤਾ ਤੇ ਹਮਦਰਦੀ ਹੱਦਾਂ ਤੇ ਸਰਹੱਦਾਂ ਤੋਂ ਵੀ ਪਾਰ ਹੈ।

# ਡੈਮਾਂ ਨੂੰ ਪੰਜਾਬ 'ਤੇ ਪਾਣੀ ਦੀਆਂ ਤੋਪਾਂ ਵਾਂਗ ਵਰਤਿਆ ਜਾ ਰਿਹੈ : ਵਿਦਿਆਰਥੀ ਆਗੂ

## ਪੰਜਾਬ 'ਚ ਡੈਮਾਂ ਦੇ ਪਾਣੀ ਛੱਡਣ ਕਾਰਨ ਆਏ ਹੜ੍ਹਾਂ ਦੀ ਹੋਵੇ ਨਿਆਂਇਕ ਜਾਂਚ




ਪਟਿਆਲਾ/ਏ.ਟੀ.ਨਿਊਜ਼: ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਵਿਦਿਆਰਥੀ ਜਥੇਬੰਦੀ ਸੈਫੀ, ਪੰਜਾਬ ਵਿਦਿਆਰਥੀ ਪ੍ਰੀਸ਼ਦ ਅਤੇ ਲੋਕ-ਰਾਜ ਪੰਜਾਬ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਦਿਆਰਥੀ ਆਗੂਆਂ ਨੇ ਕਿਹਾ ਕਿ ਹਰ ਵਾਰ ਡੈਮਾਂ ਦਾ ਪਾਣੀ ਛੱਡ ਕੇ ਪੰਜਾਬ ਨੂੰ ਰੋੜ੍ਹ ਦਿੱਤਾ ਜਾਂਦਾ ਹੈ। ਡੈਮਾਂ ਨੂੰ ਪਾਣੀ ਦੀਆਂ ਤੋਪਾਂ ਵਾਂਗ ਵਰਤਣਾ ਬੰਦ ਕਰਨਾ ਚਾਹੀਦਾ ਹੈ। ਭਾਖੜਾ, ਪੌਂਗ ਅਤੇ ਦੇਹਰ ਡੈਮਾਂ ਦਾ ਕੰਟਰੋਲ ਪੰਜਾਬ ਹਵਾਲੇ ਹੋਣਾ ਚਾਹੀਦਾ ਹੈ। ਪੰਜਾਬ ਵਿਦਿਆਰਥੀ ਪ੍ਰੀਸ਼ਦ ਦੇ ਪ੍ਰਧਾਨ ਅਤੇ ਸੈਫੀ ਦੇ ਸੀਨੀਅਰ ਆਗੂ ਯਾਦਵਿੰਦਰ ਸਿੰਘ ਯਾਦੂ ਅਲਾਲ ਨੇ ਕਿਹਾ ਕਿ ਪੰਜਾਬ ਵਿੱਚ ਵਾਰ-ਵਾਰ ਆਉਣ ਵਾਲੇ ਹੜ੍ਹ ਕੁਦਰਤੀ ਨਾ ਹੋ ਕੇ ਮਨੁੱਖ ਦੁਆਰਾ ਲਿਆਂਦੇ ਗਏ ਹਨ ਕਿਉਂਕਿ ਇਹ ਹੜ੍ਹ ਦਰਿਆਵਾਂ ਵਿੱਚ ਜ਼ਿਆਦਾ ਮੀਂਹ ਦੇ ਪਾਣੀ ਦੇ ਵਹਾਅ ਕਾਰਨ ਨਹੀਂ ਆ ਰਹੇ, ਹਮੇਸ਼ਾ ਡੈਮਾਂ ਵਿੱਚ ਸਟੋਰ ਕੀਤੇ ਪਾਣੀ ਨੂੰ ਛੱਡੇ ਜਾਣ ਦੇ ਸਿੱਧੇ ਨਤੀਜੇ ਵਜੋਂ ਆਉਂਦੇ ਹਨ।

ਯਾਦੂ ਨੇ ਕਿਹਾ ਕਿ ਇਹ ਵੱਡਾ ਵਿਤਕਰਾ ਅਤੇ ਤਰਾਸਦੀ ਇਹ ਹੈ ਕਿ ਪੰਜਾਬ ਦੇ ਦਰਿਆਵਾਂ ਉੱਪਰ ਪੰਜਾਬ ਦਾ ਕੰਟਰੋਲ ਨਹੀਂ ਹੈ। ਕੇਂਦਰ ਸਰਕਾਰ ਵੱਲੋਂ ਦਰਿਆਵਾਂ ਦੀ ਮਾਰ ਝੱਲਣ ਵਾਲੇ 'ਰਿਪੇਰੀਅਨ ਰਾਜ ਪੰਜਾਬ' ਦੇ ਕੰਟਰੋਲ ਆਪਣੇ ਅਧਿਕਾਰ ਖੇਤਰ ਵਿੱਚ ਲਏ ਹੋਏ ਹਨ।

ਯਾਦਵਿੰਦਰ ਸਿੰਘ ਯਾਦੂ, ਸੇਵਾਮੁਕਤ ਸਿਵਲ ਸਰਜਨ ਅਤੇ ਲੋਕ-ਰਾਜ ਪੰਜਾਬ ਦੇ ਪ੍ਰਧਾਨ ਡਾ. ਮਨਜੀਤ ਸਿੰਘ ਰੰਧਾਵਾ ਨੇ ਭਾਖੜਾ, ਪੌਂਗ ਅਤੇ ਦੇਹਰ ਡੈਮਾਂ ਦਾ ਕੰਟਰੋਲ ਤੁਰੰਤ ਰਿਪੇਰੀਅਨ ਰਾਜ ਪੰਜਾਬ ਨੂੰ ਸੌਂਪਣ ਦੀ ਮੰਗ ਕੀਤੀ ਹੈ। ਕਿਉਂਕਿ ਪੰਜਾਬ ਨੂੰ ਵਾਰ-ਵਾਰ ਭਾਖੜਾ ਬਿਆਸ ਪ੍ਰਬੰਧਨ ਬੋਰਡ ਦੀ ਨਾਲਾਇਕੀ ਅਤੇ ਲਾਪਰਵਾਹੀ ਕਾਰਨ ਆ ਰਹੇ ਤਬਾਹਕੁੰਨ ਹੜ੍ਹਾਂ ਕਰਕੇ, ਫਸਲਾਂ, ਜਾਨਾਂ ਅਤੇ ਜਾਇਦਾਦਾਂ ਦਾ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਅਸੀਂ ਸਮੁੱਚੇ ਪੰਜਾਬ ਦੇ ਪਿੰਡਾਂ ਨੂੰ ਅਪੀਲ ਕਰਦੇ ਹਾਂ ਕਿ ਪੰਜਾਬ ਨੂੰ ਬਚਾਉਣ ਖਾਤਰ ਡੈਮਾਂ ਦਾ ਕੰਟਰੋਲ ਪੰਜਾਬ ਨੂੰ ਤੁਰੰਤ ਦੇਣ ਲਈ, ਆਪੋ ਆਪਣੀਆਂ ਗ੍ਰਾਮ ਸਭਾਵਾਂ ਦੇ ਮਤੇ ਪਾਉਣ ਤਾਂ ਜੋ ਜ਼ਬਰੀ ਜ਼ਮੀਨ ਖੋਹਣ ਦੇ ਕਾਨੂੰਨ ਰੱਦ ਕਰਵਾਉਣ ਵਾਂਗ, ਪੰਜਾਬ ਨੂੰ ਨਿੱਤ ਦੇ ਮਾਰੂ ਹੜ੍ਹਾਂ ਦੀ ਮਾਰ ਤੋਂ ਬਚਾਉਣ ਦਾ ਵੀ ਪੱਕਾ ਇਲਾਜ਼ ਹੋ ਸਕੇ। ਇਸ ਮੌਕੇ ਅਮਰਿੰਦਰ ਸਿੰਘ, ਐਤਪਾਲ ਸਿੰਘ ਬਰਾੜ, ਸਿਮਰਨਜੀਤ ਸਿੰਘ ਝੱਲ, ਯਾਦਵੀਰ ਸਿੰਘ ਗਿੱਲ, ਅਬੀਨੇਸ਼ ਬਰਾੜ, ਹਰਵੀਰ ਸਿੰਘ ਭੁੱਲਰ, ਫ਼ਤਹਿਜੀਤ ਸਿੰਘ ਸਿੱਧੂ, ਗਗਨਦੀਪ ਸਿੰਘ, ਰਣਧੀਰ ਸਿੰਘ, ਰਾਜਨ ਗਿੱਲ, ਪ੍ਰਦੀਪ ਸਿੰਘ, ਜਸ਼ਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਝਿਰਮਲ ਸਿੰਘ, ਹਰਪ੍ਰੀਤ ਸਿੰਘ, ਸਿਮਰਨ ਸਿੰਘ, ਧਮਨ ਸ਼ਰਮਾ, ਗੁਰਵਿੰਦਰ ਰਾਇਆ, ਸਤਵੀਰ ਬੈਨੀਪਾਲ, ਅਸੀਸ ਕੰਬੋਜ਼ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਕੈਨੇਡੀਅਨ ਪੰਜਾਬੀ ਭਾਈਚਾਰਾ ਆਇਆ ਅੱਗੇ

## ਕੈਨੇਡਾ ਦੇ ਪੰਜਾਬੀ ਰੇਡੀਓ ਨੇ ਹੜ੍ਹ ਪੀੜਤਾਂ ਲਈ 2 ਮਿਲੀਅਨ ਦੀ ਰਾਸ਼ੀ ਇਕੱਠੀ ਕੀਤੀ



ਟੋਰਂਟੋ/ਏ.ਟੀ.ਨਿਊਜ਼: ਕੈਨੇਡਾ ਦੇ ਪੰਜਾਬੀ ਰੇਡੀਓ ਰੈੱਡ ਐੱਫ਼ ਐੱਮ ਕੈਨੇਡਾ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਲਈ 2.2 ਮਿਲੀਅਨ ਕੈਨੇਡੀਅਨ ਡਾਲਰ ਇਕੱਠੇ ਕੀਤੇ ਗਏ ਹਨ। ਇਸ ਬਾਰੇ ਕੁਲਵਿੰਦਰ ਸੰਘੇੜਾ ਨੇ ਦੱਸਿਆ ਕਿ ਕੈਨੇਡਾ ਭਰ ਤੋਂ ਕਰੀਬ 2.2 ਮਿਲੀਅਨ ਡਾਲਰ ਦੀ ਰਾਸ਼ੀ ਇਕੱਠੀ ਹੋਈ ਹੈ। ਇਸ ਰਾਸ਼ੀ ਸਿੱਖ ਅਵੇਅਰਨੈੱਸ ਫਾਊਂਡੇਸ਼ਨ ਨੂੰ ਦਿੱਤੀ ਜਾਵੇਗੀ, ਜੋ ਇਹ ਰਾਸ਼ੀ ਅੱਗੇ ਚੱਲ ਕੇ ਹੜ੍ਹ ਪੀੜਤਾਂ ਤੱਕ ਪੁੱਜਦੀ ਕਰੇਗੀ। ਉਨ੍ਹਾਂ ਕਿਹਾ ਕਿ ਰਾਸ਼ੀ ਪੰਜਾਬ ਭੇਜਣ ਸਬੰਧੀ ਕਾਨੂੰਨੀ ਪੇਚੀਦਗੀਆਂ ਸਮਝਣ ਤੋਂ ਬਾਅਦ ਹੀ ਇਹ ਫ਼ੈਸਲਾ ਲਿਆ ਗਿਆ ਅਤੇ ਉਨ੍ਹਾਂ ਭਰੋਸਾ ਜਤਾਇਆ ਕਿ ਇਹ ਮਦਦ ਲੋੜਵੰਦਾਂ ਤੱਕ ਹਰ ਹਾਲ ਪੁੱਜਦੀ ਹੋਵੇਗੀ। ਇੱਕ ਵਿਸ਼ੇਸ਼ ਗੱਲਬਾਤ ਦੌਰਾਨ ਕੁਲਵਿੰਦਰ ਸੰਘੇੜਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਲੰਘੇ ਹਫ਼ਤੇ ਹੜ੍ਹ ਪੀੜਤਾਂ ਦੀ ਮਦਦ ਲਈ ਇਹ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਰੈੱਡ ਐੱਫ਼ ਐੱਮ ਦੇ ਵੈਨਕੂਵਰ, ਟੋਰਾਂਟੋ ਅਤੇ ਕੈਲਗਰੀ ਸਟੇਸ਼ਨ ਤੋਂ ਚੱਲੀ ਇਸ ਮੁਹਿੰਮ ਵਿੱਚ ਭਾਈਚਾਰੇ ਨੇ ਭਰਪੂਰ ਸਾਥ ਦਿੱਤਾ।

## ਖਡੂਰ ਸਾਹਿਬ ਤੋਂ 'ਆਪ' ਵਿਧਾਇਕ ਲਾਲਪੁਰਾ ਗ੍ਰਿਫ਼ਤਾਰ



ਤਰਨ ਤਾਰਨ/ਏ.ਟੀ.ਨਿਊਜ਼: ਸਾਲ 2013 'ਚ ਲੜਕੀ ਨਾਲ ਕੁੱਟਮਾਰ ਅਤੇ ਛੇੜ ਛਾੜ ਦੇ ਇੱਕ ਬਹੁਚਰਚਿਤ ਮਾਮਲੇ ਵਿੱਚ ਖਡੂਰ ਸਾਹਿਬ ਦੇ ਮੌਜੂਦਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਤਰਨਤਾਰਨ ਦੀ ਅਦਾਲਤ ਨੇ ਦੋਸ਼ੀ ਕਰਾਰ ਦੇ ਦਿੱਤਾ ਹੈ। ਜਿਸਦੇ ਚੱਲਦਿਆਂ ਉਨ੍ਹਾਂ ਨੂੰ ਅਦਾਲਤ ਵਿੱਚੋਂ ਹੀ ਗ੍ਰਿਫਤਾਰ ਕਰ ਲਿਆ ਗਿਆ। ਹੁਣ 12 ਸਤੰਬਰ ਨੂੰ ਅਦਾਲਤ ਸਜ਼ਾ ਦਾ ਸਮਾਂ ਮੁਕਰਰ ਕਰੇਗੀ।

ਪਿੰਡ ਉਸਮਾਂ ਵਾਸੀ ਕਸ਼ਮੀਰ ਸਿੰਘ, ਉਨ੍ਹਾਂ ਦੀ ਲੜਕੀ ਹਰਬਿੰਦਰ ਕੌਰ ਅਤੇ ਉਸਦੇ ਹੋਰ ਪਰਿਵਾਰਕ ਮੈਂਬਰਾਂ 'ਤੇ ਹਮਲੇ ਦੇ ਇਸ ਬਹੁਚਰਚਿਤ ਮਾਮਲੇ ਦੀ ਸੁਣਵਾਈ ਸੋਮਵਾਰ ਨੂੰ ਐਡੀਸ਼ਨਲ ਸੈਸ਼ਨ ਜੱਜ ਪ੍ਰੇਮ ਕੁਮਾਰ ਦੀ ਅਦਾਲਤ ਵਿੱਚ ਹੋਈ ਸੀ ਅਤੇ ਅੰਤਿਮ ਸੁਣਵਾਈ 10 ਸਤੰਬਰ ਤੈਅ ਕੀਤੀ ਗਈ ਸੀ। ਜਿਸ ਦੌਰਾਨ ਬੁੱਧਵਾਰ ਨੂੰ (ਬਾਕੀ ਸਫ਼ਾ 26 'ਤੇ)

# ਹੜ੍ਹ ਪੀੜਤ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇਗੀ ਪੰਜਾਬ ਸਰਕਾਰ

## ਪੰਜਾਬ ਵਜ਼ਾਰਤ ਵੱਲੋਂ 'ਜਿਸ ਦਾ ਖੇਤ ਉਸ ਦੀ ਰੇਤ' ਮੁਹਿੰਮ ਨੂੰ ਵੀ ਹਰੀ ਝੰਡੀ

## ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਵਿਸ਼ੇਸ਼ ਟੀਕਾਕਰਨ ਅਤੇ ਸਫਾਈ ਮੁਹਿੰਮਾਂ ਚਲਾਉਣ ਦਾ ਐਲਾਨ





ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਿਛਲੇ ਦਿਨੀਂ ਮੋਹਾਲੀ ਦੇ ਨਿੱਜੀ ਹਸਪਤਾਲ ਵਿੱਚੋਂ ਵੀਡੀਓ ਕਾਨਫਰਸਿੰਗ ਰਾਹੀਂ ਕੈਬਨਿਟ ਮੀਟਿੰਗ ਵਿੱਚ ਹਿੱਸਾ ਲਿਆ ਗਿਆ। ਪੰਜਾਬ ਵਜ਼ਾਰਤ ਨੇ ਇਸ ਮੀਟਿੰਗ ਵਿੱਚ ਹੜ੍ਹ ਪ੍ਰਭਾਵਿਤ ਇਲਾਕੇ ਦੇ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਹੜ੍ਹ ਪ੍ਰਭਾਵਿਤ ਇਲਾਕੇ ਦੇ ਖੇਤਾਂ ਵਿੱਚ ਆਈ ਮਿੱਟੀ ਨੂੰ ਚੁੱਕਣ ਲਈ 'ਜਿਸ ਦਾ ਖੇਤ ਉਸ ਦੀ ਰੇਤ' ਮੁਹਿੰਮ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। ਇਸ ਨਾਲ ਕਿਸਾਨ ਆਪਣੇ ਖੇਤਾਂ ਵਿੱਚੋਂ ਗਾਰ ਦੇ ਰੂਪ ਵਿਚ ਆਈ ਰੇਤ ਚੁੱਕ ਕੇ ਅੱਗੇ ਵੇਚ ਸਕਣਗੇ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਸਪਤਾਲ ਵਿੱਚੋਂ ਵੀਡੀਓ ਕਾਨਫਰਸਿੰਗ ਰਾਹੀਂ ਪੰਜਾਬ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ ਹੈ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਹੜ੍ਹਾਂ ਕਰਕੇ ਆਪਣੀ ਜੀਅ ਗੁਆਉਣ ਵਾਲੇ ਪਰਿਵਾਰਾਂ ਨੂੰ 4 ਲੱਖ ਰੁਪਏ ਪ੍ਰਤੀ ਵਿਅਕਤੀ ਮੁਆਵਜ਼ਾ ਦੇਵੇਗੀ। ਜਿਨ੍ਹਾਂ ਲੋਕਾਂ ਦੇ ਘਰ ਢਹਿ ਗਏ ਹਨ, ਉਸ ਬਾਰੇ ਸਰਵੇ ਕਰਵਾਇਆ ਜਾਵੇਗਾ ਅਤੇ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਹੜ੍ਹ ਪ੍ਰਭਾਵਿਤ ਇਲਾਕੇ ਦੇ ਕਿਸਾਨਾਂ ਨੂੰ ਸਹਿਕਾਰੀ ਬੈਂਕਾਂ ਵਿੱਚੋਂ ਲਏ ਕਰਜ਼ੇ ਦੀ ਅਦਾਇਗੀ ਲਈ ਛੇ ਮਹੀਨੇ ਦਾ ਵਾਧੂ ਸਮਾਂ ਦਿੱਤਾ ਜਾਵੇਗਾ। ਇਸ ਦੌਰਾਨ ਕਿਸਾਨਾਂ ਨੂੰ ਛੇ ਮਹੀਨੇ ਕੋਈ ਕਿਸ਼ਤ ਭਰਨ ਦੀ ਲੋੜ ਨਹੀਂ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਕਿਸਾਨਾਂ ਨੂੰ ਪਸ਼ੂਆਂ ਅਤੇ ਹੋਰ ਜਾਨਵਰਾਂ ਦੇ ਨੁਕਸਾਨ ਦਾ ਵੀ ਮੁਆਵਜ਼ਾ ਦਿੱਤਾ ਜਾਵੇਗਾ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਬਿਮਾਰੀਆਂ ਰੋਕਣ ਲਈ ਵਿਸ਼ੇਸ਼ ਟੀਕਾਕਰਨ ਮੁਹਿੰਮ ਚਲਾਈ ਜਾਵੇਗੀ। ਇਸ ਤੋਂ ਇਲਾਵਾ 1700 ਪਿੰਡਾਂ ਵਿੱਚ ਫੋਗਿੰਗ ਮਸ਼ੀਨਾਂ ਮੁਹੱਈਆ ਕਰਵਾਈਆਂ ਜਾਣਗੀਆਂ ਜਿਸ ਨਾਲ ਬਿਮਾਰੀਆਂ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਹਰੇਕ ਪਿੰਡ ਵਿੱਚ ਡਾਕਟਰਾਂ ਦੀ ਵਿਸ਼ੇਸ਼ ਟੀਮ ਆਵੇਗੀ ਅਤੇ ਲੋਕਾਂ ਦਾ ਇਲਾਜ ਕਰੇਗੀ। ਇਸ ਦੇ ਨਾਲ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸਫਾਈ ਮੁਹਿੰਮ ਵੀ ਚਲਾਈ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹਾਂ ਕਰਕੇ ਬਿਜਲੀ ਵਿਭਾਗ ਦੇ ਟ੍ਰਾਂਸਫਾਰਮਰਾਂ ਅਤੇ ਹੋਰ ਵਧੇਰੇ ਨੁਕਸਾਨ ਹੋ ਗਿਆ ਹੈ। ਇਸ ਦਾ ਵੀ ਸਰਵੇ ਕਰਵਾ ਕੇ ਭਵਿੱਖ ਦੀ ਯੋਜਨਾ ਤਿਆਰ ਕੀਤੀ ਜਾਵੇਗੀ।

# ਪੰਜਾਬ 'ਚ ਹੜ੍ਹਾਂ ਕਾਰਨ 13 ਹਜ਼ਾਰ ਕਰੋੜ ਤੋਂ ਵੱਧ ਦਾ ਨੁਕਸਾਨ

## ਹੜ੍ਹ ਖ਼ਤਮ ਹੋਣ ਤੋਂ ਬਾਅਦ ਹੀ ਲੱਗ ਸਕੇਗਾ ਅੰਤਿਮ ਅੰਕੜਿਆਂ ਦਾ ਪਤਾ

## ਕੇਂਦਰ ਅਤੇ ਪੰਜਾਬ ਦੇ ਅਧਿਕਾਰੀਆਂ ਵਿਚਾਲੇ ਹੋਈ ਅਹਿਮ ਮੀਟਿੰਗ





ਚੰਡੀਗੜ੍ਹ/ਏ.ਟੀ.ਨਿਊਜ਼ : ਹੜ੍ਹਾਂ ਨੇ ਪੰਜਾਬ ਵਿੱਚ ਤਬਾਹੀ ਮਚਾਈ ਹੋਈ ਹੈ ਅਤੇ ਹੁਣ ਤੱਕ ਸੂਬੇ ਦੇ 23 ਜ਼ਿਲ੍ਹਿਆਂ ਦੇ 1960 ਪਿੰਡ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਜਿੱਥੇ 1.74 ਲੱਖ ਹੈਕਟੇਅਰ ਫਸਲ ਪ੍ਰਭਾਵਿਤ ਹੋ ਚੁੱਕੀ ਹੈ ਅਤੇ 46 ਲੋਕਾਂ ਦੀ ਮੌਤ ਹੋਈ ਹੈ। ਇਸ ਤੋਂ ਇਲਾਵਾ ਲੱਖਾਂ ਲੋਕਾਂ ਦੇ ਘਰ ਅਤੇ ਸਾਮਾਨ ਦਾ ਨੁਕਸਾਨ ਹੋ ਗਿਆ ਹੈ। ਪੰਜਾਬ ਸਰਕਾਰ ਦੇ ਸ਼ੁਰੂਆਤੀ ਅਨੁਮਾਨ ਅਨੁਸਾਰ ਹੁਣ ਤੱਕ ਸੂਬੇ ਵਿੱਚ ਹੜ੍ਹਾਂ ਕਰਕੇ 13 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋ ਗਿਆ ਹੈ, ਜਦਕਿ ਅੰਤਿਮ ਅੰਕੜਿਆਂ ਦਾ ਪਤਾ ਹੜ੍ਹ ਖਤਮ ਹੋਣ ਤੋਂ ਬਾਅਦ ਹੀ ਲੱਗ ਸਕੇਗਾ।

ਪਿਛਲੇ ਦਿਨੀਂ ਕੇਂਦਰੀ ਟੀਮ ਦੇ ਮੈਂਬਰਾਂ ਵੱਲੋਂ ਚੰਡੀਗੜ੍ਹ 'ਚ ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਦੀ ਅਗਵਾਈ ਹੇਠ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਰਾਜੇਸ਼ ਗੁਪਤਾ ਤੇ ਪੇਂਡੂ ਵਿਕਾਸ ਮੰਤਰਾਲੇ ਤੋਂ ਸੰਤੋਸ਼ ਕੁਮਾਰ ਤਿਵਾੜੀ ਦੀ ਅਗਵਾਈ ਹੇਠ ਅਧਿਕਾਰੀ ਸ਼ਾਮਲ ਹੋਏ। ਇਸ ਦੌਰਾਨ ਪੰਜਾਬ ਦੇ ਅਧਿਕਾਰੀਆਂ ਨੇ ਕੇਂਦਰੀ ਟੀਮ ਦੇ ਮੈਂਬਰਾਂ ਨੂੰ ਪੰਜਾਬ ਵਿੱਚ ਹੜ੍ਹਾਂ ਕਰਕੇ 13 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਣ ਦੀ ਜਾਣਕਾਰੀ ਦਿੱਤੀ। ਉਨ੍ਹਾਂ ਪੰਜਾਬ ਵਿੱਚ ਆਈ ਕੁਦਰਤੀ ਆਫ਼ਤ ਕਰਕੇ ਹੋਏ ਨੁਕਸਾਨ ਦੀ ਭਰਪਾਈ ਲਈ ਵਿਸ਼ੇਸ਼ ਰਾਹਤ ਪੈਕੇਜ ਦੇਣ ਦੀ ਮੰਗ ਕੀਤੀ। ਪੰਜਾਬ ਦੇ ਅਧਿਕਾਰੀਆਂ ਨੇ ਕੇਂਦਰੀ ਟੀਮ ਨੂੰ ਦੱਸਿਆ ਕਿ ਪੰਜਾਬ ਵਿੱਚ ਹੜ੍ਹਾਂ ਕਰਕੇ ਸਾਰੇ 23 ਜ਼ਿਲ੍ਹਿਆਂ ਦੇ 1960 ਪਿੰਡ ਪ੍ਰਭਾਵਿਤ ਹੋ ਚੁੱਕੇ ਹਨ, ਜਿੱਥੇ 46 ਵਿਅਕਤੀਆਂ ਦੀ ਮੌਤ ਵੀ ਹੋ ਚੁੱਕੀ ਹੈ। ਇਸ ਤੋਂ ਇਲਾਵਾ ਕਿਸਾਨਾਂ ਦੇ ਘਰਾਂ ਤੇ ਵਾੜਿਆਂ ਦਾ ਵਧੇਰੇ ਨੁਕਸਾਨ ਹੋ ਗਿਆ ਅਤੇ ਕਿਸਾਨਾਂ ਦੇ ਪਸ਼ੂਆਂ ਦਾ ਵੀ ਨੁਕਸਾਨ ਹੋਇਆ ਹੈ। ਇਕ ਦਰਜਨ ਦੇ ਕਰੀਬ ਜ਼ਿਲ੍ਹਿਆਂ ਦੀ ਸੜਕਾਂ, ਪੁਲ, ਬਿਜਲੀ ਦੇ ਟਰਾਂਸਫਾਰਮਰ, ਸਕੂਲ, ਸਿਹਤ ਸੰਸਥਾਵਾਂ ਅਤੇ ਹੋਰ ਕਈ ਬੁਨਿਆਦੀ ਢਾਂਚਿਆਂ ਦਾ ਵੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਗੁਰਦਾਸਪੁਰ ਤੇ ਅੰਮ੍ਰਿਤਸਰ ਵਿੱਚ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਲੋਕਾਂ ਦੇ ਨੁਕਸਾਨ ਦੀ ਭਰਪਾਈ ਅਤੇ ਇਸ ਸਾਰੇ ਢਾਂਚੇ ਨੂੰ ਮੁੜ ਤੋਂ ਵਿਕਸਿਤ ਕਰਨ ਲਈ ਕੇਂਦਰ ਸਰਕਾਰ ਨੂੰ ਪੰਜਾਬ ਲਈ ਵਿਸ਼ੇਸ਼ ਪੈਕੇਜ ਜਾਰੀ ਕਰਨਾ ਚਾਹੀਦਾ ਹੈ।

(ਬਾਕੀ ਸਫ਼ਾ 26 'ਤੇ)

# ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਕੁੜੀ ਦੁਬਈ ਤੋਂ ਖਰੀਦ ਲਿਆਈ ਦੋ ਕਿਸ਼ਤੀਆਂ

## ਖ਼ਾਲਸਾ ਏਡ ਦੀ ਟੀਮ ਦੇ ਹਵਾਲੇ ਕੀਤੀਆਂ



ਫਿਰੋਜ਼ਪੁਰ/ਏ.ਟੀ.ਨਿਊਜ਼ : ਹਿਮਾਚਲ ਪ੍ਰਦੇਸ਼ ਦੇ ਬਨੀ ਖੇਤ (ਡਲਹੌਜ਼ੀ) ਵਿਖੇ ਮੈਡੀਟੇਸ਼ਨ ਐਂਡ ਵੈੱਲਨੈੱਸ ਸੈਂਟਰ ਚਲਾਉਣ ਵਾਲੀ ਮੀਰਾ ਹੜ੍ਹਾਂ ਵਿੱਚ ਫਸੇ ਲੋਕਾਂ ਵਾਸਤੇ ਕਿਸ਼ਤੀਆਂ ਅਤੇ ਹੋਰ ਘਰੇਲੂ ਰਾਹਤ ਸਮੱਗਰੀ ਲੈਕੇ ਸਰਹੱਦੀ ਜ਼ਿਲ੍ਹਾ ਫਿਰੋਜ਼ਪੁਰ ਪਹੁੰਚੀ ਹੈ। ਇਸ ਸਬੰਧੀ ਮੀਰਾ ਨੇ ਦੱਸਿਆ ਕਿ ਜਦੋਂ ਉਸ ਨੇ ਖ਼ਬਰਾਂ ਵਿੱਚ ਪੰਜਾਬ ਦੇ ਹੜ੍ਹਾਂ ਸਬੰਧੀ ਸੁਣਿਆ ਤਾਂ ਉਸ ਤੋਂ ਦਰਦ ਵੇਖਿਆ ਨਹੀਂ ਗਿਆ। ਉਸ ਨੇ ਪਤਾ ਕੀਤਾ ਕਿ ਭਾਰਤ ਵਿੱਚੋਂ ਕਿਤੋਂ ਵੀ ਕਿਸ਼ਤੀਆਂ ਜਲਦੀ ਨਹੀਂ ਮਿਲ ਰਹੀਆਂ ਸਨ ਤਾਂ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜੀ, ਜਿੱਥੋਂ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸ ਕਰਕੇ ਦੁਬਈ ਪਹੁੰਚ ਕੇ ਉੱਥੋਂ ਇੱਕ ਦਿਨ ਵਿੱਚ ਦੋ ਕਿਸ਼ਤੀਆਂ ਖਰੀਦ ਕੇ ਲਿਆਈ।

ਇਸ ਦੌਰਾਨ ਉਨ੍ਹਾਂ ਫਿਰੋਜ਼ਪੁਰ ਦੇ ਫਿਲਮੀ ਕਲਾਕਾਰ, ਗੀਤਕਾਰ ਗਾਮਾ ਸਿੱਧੂ ਅਤੇ ਫਿਲਮ ਡਾਇਰੈਕਟਰ ਅਵਤਾਰ ਭੁੱਲਰ ਨਾਲ ਸੰਪਰਕ ਕਰਕੇ ਫ਼ਿਰੋਜ਼ਪੁਰ ਦੇ ਪਿੰਡ ਹਾਮਦ ਚੱਕ ਵਿਖੇ ਪੁੱਜ ਕੇ ਕਿਸ਼ਤੀਆਂ ਗਾਇਕ ਇੰਦਰਜੀਤ ਨਿੱਕੂ ਤੇ ਖ਼ਾਲਸਾ ਏਡ ਦੀ ਟੀਮ ਦੇ ਹਵਾਲੇ ਕਰ ਦਿੱਤੀਆਂ।

ਉਹਨਾਂ ਕਿਹਾ ਕਿ ਉਹ ਭੈਣਾਂ ਅਤੇ ਬੱਚਿਆਂ ਲਈ ਵੀ ਜ਼ਰੂਰੀ ਸਾਮਾਨ ਵੀ ਲੈਕੇ ਆਈ ਹੈ। ਇਸ ਤੋਂ ਇਲਾਵਾ ਦਵਾਈਆਂ ਵੀ ਨਾਲ ਲਿਆਂਦੀਆਂ ਹਨ ਜੋ ਲੋੜਵੰਦ ਲੋਕਾਂ ਨੂੰ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਇੰਦਰਜੀਤ ਨਿੱਕੂ ਹੋਰਾਂ ਦੀ ਟੀਮ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਲੱਗੀ ਹੋਈ ਹੈ। ਉਹ ਲੋਕਾਂ ਨੂੰ ਘਰਾਂ ਵਿੱਚ ਜਾ ਕੇ ਰਾਸ਼ਨ ਆਦਿ ਵੰਡ ਰਹੀ ਹੈ। ਇਸ ਮੌਕੇ ਗਾਇਕ ਇੰਦਰਜੀਤ ਨਿੱਕੂ, ਯੁੱਧਵੀਰ ਮਾਣਕ, ਗਾਮਾ ਸਿੱਧੂ, ਅਵਤਾਰ ਭੁੱਲਰ, ਅਦਾਕਾਰਾ ਅਰਵਿੰਦਰ ਕੌਰ, ਪ੍ਰਭਜੋਤ ਸਿੰਘ ਹਾਜ਼ਰ ਸਨ।

# ਪੰਜਾਬੀ ਸਾਰੇ ਨੁਕਸਾਨ ਭੁੱਲ ਕੇ ਮੁੜ ਤਗੜੇ ਹੋ ਜਾਣਗੇ : ਮਨਕੀਰਤ ਔਲਖ

## ਹੜ੍ਹ ਪੀੜਤਾਂ ਦੀ ਮਦਦ ਲਈ ਦਿੱਤੇ 10 ਟਰੈਕਟਰ



ਡੇਰਾ ਬਾਬਾ ਨਾਨਕ/ਏ.ਟੀ.ਨਿਊਜ਼: ਪੰਜਾਬੀ ਸਿੰਗਰ ਮਨਕੀਰਤ ਔਲਖ ਮੁੜ ਡੇਰਾ ਬਾਬਾ ਨਾਨਕ ਹਲਕੇ 'ਚ ਪਿੰਡ ਸ਼ਾਹਪੁਰ ਜਾਜਨ ਪਹੁੰਚੇ। ਇੱਥੇ ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਇਸ ਇਲਾਕੇ ਦੇ ਹੜ੍ਹ ਪੀੜਤਾਂ ਦੀ ਮਦਦ ਲਈ 10 ਟਰੈਕਟਰ ਗਲੋਬਲ ਸਿੱਖ ਸੰਸਥਾ ਨੂੰ ਦੇ ਕੇ ਚੱਲੇ ਹਾਂ ਅਤੇ ਹੋਰ ਸੰਸਥਾ ਜਾਂ ਕਿਸਾਨਾਂ ਨੂੰ ਲੋੜ ਅਨੁਸਾਰ ਹੋਰ ਟਰੈਕਟਰ ਦਿੱਤੇ ਜਾਣਗੇ। ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਕੀਤੀ ਅਪੀਲ ਕਿ ਛੋਟੇ ਕਿਸਾਨ, ਜੋ ਇਸ ਵੇਲੇ ਹੜ੍ਹ ਦੀ ਮਾਰ ਝੱਲ ਰਹੇ ਹਨ, ਉਨ੍ਹਾਂ ਦਾ ਕਰਜ਼ ਮੁਆਫ਼ ਕੀਤਾ ਜਾਵੇ ਅਤੇ ਉਨ੍ਹਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ। ਇਸ ਤੋਂ ਪਹਿਲਾਂ ਮਨਕੀਰਤ ਔਲਖ ਨੇ ਹੜ੍ਹ ਪੀੜਤਾਂ ਦੀ 5 ਕਰੋੜ ਰੁਪਏ ਦੀ ਸੇਵਾ ਕਰਨ ਦਾ ਐਲਾਨ ਕੀਤਾ ਸੀ।

(ਬਾਕੀ ਸਫ਼ਾ 26 'ਤੇ)

## ਦਰਪਣ ਝੂਠ ਨਹੀਂ ਬੋਲਦਾ

# ਦਰਬਾਰ ਸਾਹਿਬ ਦੁਆਲੇ ਗ਼ੈਰ-ਕਾਨੂੰਨੀ ਉਸਾਰੀਆਂ: ਹਾਈ ਕੋਰਟ ਦਾ ਸਰਕਾਰ ਤੇ ਨਗਰ ਨਿਗਮ ਨੂੰ ਨੋਟਿਸ

### ਨਗਰ ਨਿਗਮ ਦੀ ਢਿੱਲੀ ਕਾਰਗੁਜ਼ਾਰੀ: ਅਧਿਕਾਰੀਆਂ ਦੀ ਮਿਲੀਭੁਗਤ 'ਤੇ ਸਵਾਲ

### ਸ਼੍ਰੋਮਣੀ ਕਮੇਟੀ ਦੀ ਚੁੱਪੀ: ਵਿਰਾਸਤੀ ਮਹੱਤਤਾ ਨੂੰ ਬਚਾਉਣ ਦੀ ਮੰਗ

ਸੱਚਖੰਡ ਸ੍ਰੀ ਦਰਬਾਰ ਸਾਹਿਬ, ਸਿੱਖ ਪੰਥ ਦਾ ਪਵਿੱਤਰ ਅਸਥਾਨ, ਜਿਥੇ ਰੋਜ਼ਾਨਾ ਲੱਖਾਂ ਸ਼ਰਧਾਲੂ ਮੱਥਾ ਟੇਕਣ ਆਉਂਦੇ ਹਨ, ਦੇ ਆਲੇ-ਦੁਆਲੇ ਗ਼ੈਰ-ਕਾਨੂੰਨੀ ਉਸਾਰੀਆਂ ਦਾ ਮਾਮਲਾ ਇੱਕ ਵਾਰ ਫ਼ਿਰ ਸੁਰਖੀਆਂ ਵਿੱਚ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਅੰਮ੍ਰਿਤਸਰ ਨਗਰ ਨਿਗਮ ਨੂੰ ਇਸ ਸੰਬੰਧ ਵਿੱਚ ਨੋਟਿਸ ਜਾਰੀ ਕੀਤਾ ਹੈ, ਜਿਸ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਅਦਾਲਤ ਦੀਆਂ ਪਿਛਲੀਆਂ ਹਦਾਇਤਾਂ ਅਤੇ ਸੁਪਰੀਮ ਕੋਰਟ ਵਿੱਚ ਚੱਲ ਰਹੇ ਮਾਮਲੇ ਦੇ ਬਾਵਜੂਦ, ਸ੍ਰੀ ਦਰਬਾਰ ਸਾਹਿਬ ਦੇ ਲਾਂਘੇ ਦੇ ਨੇੜੇ ਨਵੀਆਂ ਗੈਰ-ਕਾਨੂੰਨੀ ਇਮਾਰਤਾਂ ਉਸਾਰੀਆਂ ਜਾ ਰਹੀਆਂ ਹਨ। ਇਸ ਮਾਮਲੇ ਨੇ ਸਥਾਨਕ ਲੋਕਾਂ, ਸ਼ਰਧਾਲੂਆਂ ਅਤੇ ਸਮਾਜਿਕ ਸੰਗਠਨਾਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਇਸ ਮਾਮਲੇ ਦੀ ਸ਼ੁਰੂਆਤ ਬਾਘ ਰਾਮਾਨੰਦ ਦੇ 77 ਸਾਲਾ ਵਸਨੀਕ ਜਗਦੀਸ਼ ਸਿੰਘ ਵੱਲੋਂ ਦਾਇਰ ਜਨਹਿੱਤ ਪਟੀਸ਼ਨ ਨਾਲ ਹੋਈ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਬਾਘ ਰਾਮਾਨੰਦ ਨੇੜੇ ਇੱਕ ਸੀਲ ਕੀਤੀ ਜਾਇਦਾਦ ਨੂੰ ਅੰਮ੍ਰਿਤਸਰ ਵਾਲਡ ਸਿਟੀ (ਇਮਾਰਤ) ਐਕਟ, 2016 ਅਤੇ ਇਮਾਰਤ ਉਪ-ਨਿਯਮਾਂ ਦੀ ਉਲੰਘਣਾ ਕਰਕੇ ਹੋਟਲ ਵਿੱਚ ਬਦਲਿਆ ਜਾ ਰਿਹਾ ਹੈ। ਪਟੀਸ਼ਨਕਰਤਾ ਨੇ ਦੋਸ਼ ਲਗਾਇਆ ਕਿ ਨਗਰ ਨਿਗਮ ਵੱਲੋਂ ਲਗਾਈਆਂ ਸੀਲਾਂ ਨੂੰ ਤੋੜ ਦਿੱਤਾ ਗਿਆ ਅਤੇ ਅਧਿਕਾਰੀਆਂ ਦੀ ਨੱਕ ਹੇਠ ਗ਼ੈਰ-ਕਾਨੂੰਨੀ ਉਸਾਰੀ ਦਾ ਕੰਮ ਜਾਰੀ ਹੈ। ਜਗਦੀਸ਼ ਸਿੰਘ ਨੇ ਆਪਣੀ ਪਟੀਸ਼ਨ



ਵਿੱਚ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਰਗੇ ਪਵਿੱਤਰ ਅਸਥਾਨ ਦੇ ਨੇੜੇ ਅਜਿਹੀਆਂ ਗਤੀਵਿਧੀਆਂ ਨਾ ਸਿਰਫ਼ ਕਾਨੂੰਨ ਦੀ ਉਲੰਘਣਾ ਹਨ, ਸਗੋਂ ਸਿੱਖ ਧਰਮ ਦੀ ਵਿਰਾਸਤ ਅਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਉਂਦੀਆਂ ਹਨ।

ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਡਵੀਜ਼ਨ ਬੈਂਚ ਨੇ ਪਟੀਸ਼ਨ ਦੀ ਸੁਣਵਾਈ ਦੌਰਾਨ ਪਿਛਲੇ ਅਦਾਲਤੀ ਹੁਕਮਾਂ ਅਤੇ ਸੁਪਰੀਮ ਕੋਰਟ ਦੀ ਰੋਕ ਦੇ ਮੱਦੇਨਜ਼ਰ ਮਾਮਲੇ ਦੀ ਸੰਭਾਲ 'ਤੇ ਸਵਾਲ ਉਠਾਏ। ਬੈਂਚ ਨੇ ਸਪੱਸ਼ਟ ਕੀਤਾ ਕਿ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਕਿਸੇ ਵੀ ਉਸਾਰੀ ਕਾਰਜ ਵਿੱਚ ਨਗਰ ਨਿਗਮ ਨੂੰ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ। ਅਦਾਲਤ ਨੇ ਪੰਜਾਬ ਸਰਕਾਰ ਅਤੇ ਅੰਮ੍ਰਿਤਸਰ ਨਗਰ ਨਿਗਮ ਨੂੰ 15 ਅਕਤੂਬਰ 2025 ਤੱਕ ਆਪਣਾ ਜਵਾਬ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਹਨ।

ਸ੍ਰੀ ਦਰਬਾਰ ਸਾਹਿਬ ਦੇ ਲਾਂਘੇ ਦੇ ਨੇੜੇ ਉੱਚੀਆਂ ਇਮਾਰਤਾਂ ਅਤੇ ਗੈਰ-ਕਾਨੂੰਨੀ ਹੋਟਲਾਂ ਦਾ ਮੁੱਦਾ ਕੋਈ ਨਵਾਂ ਨਹੀਂ ਹੈ। ਪਿਛਲੇ ਕਈ ਸਾਲਾਂ ਤੋਂ ਸਥਾਨਕ ਲੋਕ ਅਤੇ ਸਮਾਜਿਕ ਸੰਗਠਨ ਇਸ ਸੰਬੰਧੀ ਸਰਕਾਰ ਅਤੇ ਨਗਰ ਨਿਗਮ ਦੀ ਨਿਗਰਾਨੀ 'ਤੇ ਸਵਾਲ ਉਠਾਉਂਦੇ ਰਹੇ ਹਨ। ਸਵਾਲ ਇਹ ਹੈ ਕਿ ਜਦੋਂ ਅਦਾਲਤਾਂ ਨੇ ਪਹਿਲਾਂ ਹੀ ਸਪੱਸ਼ਟ ਹਦਾਇਤਾਂ ਜਾਰੀ ਕਰ ਰੱਖੀਆਂ ਹਨ, ਤਾਂ ਸਰਕਾਰ ਅਤੇ ਨਗਰ ਨਿਗਮ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਵਿੱਚ ਅਸਫ਼ਲ ਕਿਉਂ ਹਨ? ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਕੁਝ ਪ੍ਰਭਾਵਸ਼ਾਲੀ ਵਿਅਕਤੀਆਂ ਦੀ ਸ਼ਹਿ 'ਤੇ ਅਜਿਹੀਆਂ ਉਸਾਰੀਆਂ ਜਾਰੀ ਹਨ, ਅਤੇ ਅਧਿਕਾਰੀ ਜਾਣਬੁੱਝ ਕੇ ਅੱਖਾਂ ਮੀਚ ਰਹੇ ਹਨ।

ਬਾਘ ਰਾਮਾਨੰਦ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਬਣ ਰਹੇ ਹੋਟਲ ਅਤੇ ਵਪਾਰਕ ਇਮਾਰਤਾਂ ਨਾਲ ਨਾ ਸਿਰਫ਼ ਵਿਰਾਸਤੀ ਮਹੱਤਤਾ ਨੂੰ ਨੁਕਸਾਨ ਪਹੁੰਚ ਰਿਹਾ ਹੈ, ਸਗੋਂ ਸ਼ਰਧਾਲੂਆਂ ਨੂੰ ਵੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਥਾਨਕ ਵਪਾਰੀ ਅਤੇ ਸ਼ਰਧਾਲੂ ਸੁਰਿੰਦਰ ਸਿੰਘ ਨੇ ਕਿਹਾ, 'ਸਾਡੇ ਪਵਿੱਤਰ ਅਸਥਾਨ ਦੀ ਸ਼ਾਂਤੀ ਅਤੇ ਪਵਿੱਤਰਤਾ ਨੂੰ ਬਚਾਉਣ ਲਈ ਸਰਕਾਰ ਨੂੰ ਸਖ਼ਤ ਕਦਮ ਚੁੱਕਣੇ ਚਾਹੀਦੇ। ਪਰ ਇੱਥੇ ਅਧਿਕਾਰੀਆਂ ਦੀ ਮਿਲੀਭੁਗਤ (**ਬਾਕੀ ਸਫ਼ਾ 27 'ਤੇ**)

# ਪੁਰਤਗਾਲ ਵਿੱਚ ਗੈਂਗਵਾਰ: ਲਾਰੰਸ ਬਿਸ਼ਨੋਈ ਦੀ ਅੰਤਰਰਾਸ਼ਟਰੀ ਸਾਜਿਸ਼

### ਕੈਨੇਡਾ ਤੋਂ ਯੂਰਪ: ਲਾਰੰਸ ਗੈਂਗ ਦਾ ਵਧ ਰਿਹਾ ਦਬਾਅ

ਪੁਰਤਗਾਲ ਦੀ ਰਾਜਧਾਨੀ ਲਿਸਬਨ ਦੇ ਓਡੀਵੇਲਸ ਇਲਾਕੇ ਵਿੱਚ ਹੋਈ ਤਾਜ਼ਾ ਗੈਂਗਵਾਰ ਨੇ ਪੂਰੀ ਦੁਨੀਆਂ ਵਿੱਚ ਹਲਚਲ ਮਚਾ ਦਿੱਤੀ ਹੈ। ਇਸ ਗੈਂਗਵਾਰ ਦੇ ਪਿੱਛੇ ਭਾਰਤ ਦੇ ਖਤਰਨਾਕ ਗੈਂਗਸਟਰ ਲਾਰੰਸ ਬਿਸ਼ਨੋਈ ਦਾ ਨਾਂ ਸਾਹਮਣੇ ਆਇਆ ਹੈ। ਇਸ ਘਟਨਾ ਨੇ ਨਾ ਸਿਰਫ਼ ਭਾਰਤੀ ਅਪਰਾਧੀ ਨੈੱਟਵਰਕ ਦੀ ਅੰਤਰਰਾਸ਼ਟਰੀ ਪਹੁੰਚ ਨੂੰ ਉਜਾਗਰ ਕੀਤਾ, ਸਗੋਂ ਸਥਾਨਕ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਲਈ ਵੀ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ। ਲਾਰੰਸ ਬਿਸ਼ਨੋਈ ਗੈਂਗ ਦੇ ਸਹਿਯੋਗੀ ਅਤੇ ਭਾਰਤ ਦੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ.ਆਈ.ਏ.) ਦੇ ਵਾਂਟਿਡ ਗੈਂਗਸਟਰ ਰਣਦੀਪ ਮਲਿਕ ਨੇ ਫ਼ੇਸਬੁੱਕ ਪੋਸਟ ਰਾਹੀਂ ਇਸ ਹਮਲੇ ਦੀ ਜ਼ਿੰਮੇਵਾਰੀ ਲਈ। ਉਸ ਨੇ ਰੋਮੀ ਅਤੇ ਪ੍ਰਿੰਸ ਨਾਮੀ ਗੈਂਗ ਦੇ ਟਿਕਾਣੇ 'ਤੇ ਗੋਲੀਬਾਰੀ ਕਰਵਾਉਣ ਦਾ ਦਾਅਵਾ ਕੀਤਾ, ਜੋ ਪੁਰਤਗਾਲ ਵਿੱਚ ਗੈਰ-ਕਾਨੂੰਨੀ ਧੰਦਿਆਂ ਵਿੱਚ ਸ਼ਾਮਲ ਦੱਸੇ ਜਾਂਦੇ ਹਨ।

ਰਣਦੀਪ ਮਲਿਕ ਨੇ ਆਪਣੀ ਪੋਸਟ 'ਚ ਲਿਖਿਆ, 'ਜੈ ਸ੍ਰੀ ਰਾਮ, ਸਤ ਸ੍ਰੀ ਅਕਾਲ... ਪੁਰਤਗਾਲ ਦੇ ਓਡੀਵੇਲਸ, ਲਿਸਬਨ ਵਿੱਚ ਹੋਈ ਗੋਲੀਬਾਰੀ ਮੈਂ, ਰਣਦੀਪ ਮਲਿਕ ਅਤੇ ਲਾਰੰਸ ਬਿਸ਼ਨੋਈ ਗੈਂਗ ਨੇ ਕਰਵਾਈ ਹੈ। ਪੁਰਤਗਾਲ ਵਿੱਚ ਗੈਰ-ਕਾਨੂੰਨੀ ਕੰਮ ਕਰ ਰਹੇ ਰੋਮੀ ਅਤੇ ਪ੍ਰਿੰਸ ਨੂੰ ਆਪਣਾ ਕੰਮ ਬੰਦ ਕਰ ਦੇਣਾ ਚਾਹੀਦਾ ਹੈ।' ਉਸ ਨੇ ਸਪੱਸ਼ਟ ਚਿਤਾਵਨੀ ਦਿੱਤੀ ਕਿ ਜੇ ਉਸ ਦੀ ਧਮਕੀ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਨਤੀਜੇ ਖਤਰਨਾਕ ਹੋਣਗੇ। ਪੋਸਟ ਵਿੱਚ ਮਲਿਕ ਨੇ



ਕਈ ਮਾਰੇ ਗਏ ਗੈਂਗਸਟਰਾਂ ਦੇ ਨਾਂ ਵੀ ਜ਼ਿਕਰ ਕੀਤੇ, ਜਿਵੇਂ ਅੰਕਿਤ ਭਾਦੂ ਸ਼ੇਰੇਵਾਲਾ, ਜਤਿੰਦਰ ਗੋਗੀ, ਗੋਲਡੀ ਢਿੱਲੋਂ, ਕਾਲਾ ਰਾਣਾ, ਅਰਜ਼ੂ ਬਿਸ਼ਨੋਈ, ਸ਼ੁਭਮ ਲੋਨਕਰ ਅਤੇ ਸਾਹਿਲ ਦੁਹਾਨ ਹਿਸਾਰ।

ਇਹ ਪਹਿਲੀ ਵਾਰ ਹੈ ਜਦੋਂ ਪੁਰਤਗਾਲ ਦੀ ਧਰਤੀ 'ਤੇ ਭਾਰਤੀ ਅਪਰਾਧੀ ਗਰੋਹਾਂ ਵਿਚਕਾਰ ਅਜਿਹੀ ਵੱਡੀ ਗੈਂਗਵਾਰ ਦੀ ਘਟਨਾ ਸਾਹਮਣੇ ਆਈ ਹੈ। ਇਸ ਤੋਂ ਪਹਿਲਾਂ ਕੈਨੇਡਾ ਵਿੱਚ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਮਾਹਿਰਾਂ ਅਨੁਸਾਰ, ਲਾਰੰਸ ਬਿਸ਼ਨੋਈ ਗੈਂਗ ਨੇ 2024 ਅਤੇ 2025 ਵਿੱਚ ਵਿਦੇਸ਼ੀ ਧਰਤੀ 'ਤੇ ਕਈ ਵੱਡੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ, ਜਿਸ ਨੇ ਇਸ ਗੈਂਗ ਦੀ ਅੰਤਰਰਾਸ਼ਟਰੀ ਪਕੜ ਨੂੰ ਹੋਰ ਮਜ਼ਬੂਤ ਕੀਤਾ ਹੈ।

ਲਾਰੰਸ ਬਿਸ਼ਨੋਈ ਗੈਂਗ ਦੀਆਂ ਗਤੀਵਿਧੀਆਂ ਸਿਰਫ਼ ਭਾਰਤ ਤੱਕ ਸੀਮਤ ਨਹੀਂ ਰਹੀਆਂ। ਕੈਨੇਡਾ ਵਿੱਚ ਵੀ ਇਸ ਗੈਂਗ ਨੇ ਆਪਣੀ ਖੂੰਖਾਰ ਸਾਜਿਸ਼ਾਂ ਨਾਲ ਹਲਚਲ ਮਚਾਈ ਹੋਈ ਹੈ। ਕੈਨੇਡਾ ਵਿੱਚ ਮਸ਼ਹੂਰ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਫ਼ੇ 'ਤੇ ਦੋ ਵਾਰ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਲਾਰੰਸ ਗੈਂਗ ਨਾਲ ਜੋੜਿਆ ਗਿਆ ਸੀ। ਇਸ ਤੋਂ ਇਲਾਵਾ, ਰਾਸ਼ਟਰੀ ਕਬੱਡੀ ਖਿਡਾਰੀ ਸੋਨੂੰ ਨੋਲਟਾ ਅਤੇ ਕੈਨੇਡੀਅਨ ਗੈਂਗਸਟਰ ਸੁੱਖਾ ਦੂਨੀਕੇ ਦੀ ਹੱਤਿਆ ਦੇ ਤਾਰ ਵੀ ਇਸ ਗੈਂਗ ਨਾਲ ਜੁੜੇ ਹੋਏ ਹਨ। ਇਨ੍ਹਾਂ ਘਟਨਾਵਾਂ ਨੇ ਸਥਾਨਕ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ।

## ਅਮਰੀਕਾ 'ਤੇ ਸੰਕਟ ਦਾ ਪਰਛਾਂਵਾ

# ਇਤਿਹਾਸ ਵਿੱਚ ਪਹਿਲੀ ਵਾਰ ਆਬਾਦੀ ਵਿੱਚ ਗਿਰਾਵਟ

### ਜਿਨਸੀ ਸਬੰਧਾਂ ਤੋਂ ਭੱਜਣ ਦਾ ਵਧ ਰਿਹਾ ਰੁਝਾਨ, ਕੌਣ ਹੈ ਜ਼ਿੰਮੇਵਾਰ ?

ਅਮਰੀਕਾ, ਜੋ 250 ਸਾਲਾਂ ਦੇ ਆਪਣੇ ਇਤਿਹਾਸ ਵਿੱਚ ਹਮੇਸ਼ਾ ਅਬਾਦੀ ਵਿੱਚ ਵਾਧੇ ਦਾ ਗਵਾਹ ਰਿਹਾ ਹੈ, ਹੁਣ ਇੱਕ ਅਜਿਹੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜੋ ਪਹਿਲਾਂ ਕਦੇ ਨਹੀਂ ਵੇਖਿਆ ਗਿਆ।



ਅਮਰੀਕਨ ਐਂਟਰਪ੍ਰਾਈਜ਼ ਇੰਸਟੀਟਿਊਟ ਦੀ ਇੱਕ ਰਿਪੋਰਟ ਮੁਤਾਬਕ, 2025 ਵਿੱਚ ਅਮਰੀਕਾ ਦੀ ਅਬਾਦੀ ਪਹਿਲੀ ਵਾਰ ਘਟਣ ਦੀ ਸੰਭਾਵਨਾ ਹੈ। ਇਸ ਦੇ ਮੁੱਖ ਕਾਰਨਾਂ ਵਿੱਚ ਪਰਵਾਸੀਆਂ ਦੀ ਗਿਣਤੀ ਵਿੱਚ ਭਾਰੀ ਕਮੀ ਅਤੇ ਜਨਮ ਦਰ ਦਾ ਲਗਾਤਾਰ ਡਿੱਗਣਾ ਸ਼ਾਮਲ ਹੈ। ਰਿਪੋਰਟ ਅਨੁਸਾਰ, ਇਸ ਸਾਲ ਅਮਰੀਕਾ ਵਿੱਚ ਸ਼ੁੱਧ ਪਰਵਾਸ 28 ਲੱਖ ਤੋਂ ਘਟ ਕੇ 11,500 ਤੋਂ -5,25,000 ਦੇ ਵਿਚਕਾਰ ਰਹਿ ਸਕਦਾ ਹੈ, ਜੋ ਅੰਤਰਰਾਸ਼ਟਰੀ ਪਰਵਾਸ ਵਿੱਚ 96 ਪ੍ਰਤੀਸ਼ਤ ਦੀ ਗਿਰਾਵਟ ਨੂੰ ਦਰਸਾਉਂਦਾ ਹੈ। ਇਸ ਦੇ ਨਾਲ ਹੀ, ਪਿਛਲੇ ਸਾਲ ਅਮਰੀਕੀ ਜਨਗਣਨਾ ਵਿੱਚ ਜਨਮੇ ਬੱਚਿਆਂ ਦੀ ਗਿਣਤੀ ਸਿਰਫ਼ 5,19,000 ਸੀ, ਜੋ ਅਬਾਦੀ ਨੂੰ ਸਥਿਰ ਰੱਖਣ ਲਈ ਕਾਫ਼ੀ ਨਹੀਂ ਹੈ। ਨਤੀਜੇ ਵਜੋਂ, 2025 ਵਿੱਚ ਅਮਰੀਕੀ ਅਬਾਦੀ ਵਿੱਚ 6,000 ਲੋਕਾਂ ਦੀ ਕਮੀ ਹੋ ਸਕਦੀ ਹੈ, ਜੋ ਇਤਿਹਾਸ ਵਿੱਚ ਪਹਿਲੀ ਵਾਰ ਹੋਵੇਗਾ।

ਨਿਊਯਾਰਕ ਪੋਸਟ ਦੀ ਰਿਪੋਰਟ ਮੁਤਾਬਕ, 1776 ਵਿੱਚ ਅਮਰੀਕਾ ਦੀ ਸਥਾਪਨਾ ਤੋਂ ਬਾਅਦ, ਨਾ ਤਾਂ ਅਮਰੀਕੀ ਸਿਵਲ ਵਾਰ (1861-1865) ਦੌਰਾਨ, ਜਦੋਂ 7 ਲੱਖ ਅਮਰੀਕੀ ਮਾਰੇ ਗਏ ਸਨ, ਅਤੇ ਨਾ ਹੀ ਹਾਲੀਆ ਕੋਵਿਡ-19 ਮਹਾਮਾਰੀ ਦੌਰਾਨ ਅਬਾਦੀ ਵਿੱਚ ਕੋਈ ਗਿਰਾਵਟ ਦਰਜ ਕੀਤੀ ਗਈ। ਪਰ ਹੁਣ, ਸਖਤ ਪਰਵਾਸ ਨੀਤੀਆਂ ਅਤੇ (**ਬਾਕੀ ਸਫ਼ਾ 27 'ਤੇ**)

# ਮੋਦੀ-ਪੁਤਿਨ-ਸ਼ੀ ਦੀ ਮੁਲਾਕਾਤ: ਕੀ ਨਵੀਂ ਵਿਸ਼ਵ ਵਿਵਸਥਾ ਉਸਰ ਸਕੇਗੀ ?

### ਭਾਰਤ ਲਈ ਚਿੰਤਾ: ਮਿੱਤਰ ਕੌਣ, ਦੁਸ਼ਮਣ ਕੌਣ ?

ਤਿਆਨਜਿਨ ਵਿੱਚ ਹੋਏ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਸਿਖਰ ਸੰਮੇਲਨ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਮੁਲਾਕਾਤ ਨੇ ਵਿਸ਼ਵ ਰਾਜਨੀਤੀ ਵਿੱਚ ਹਲਚਲ ਪਾ ਦਿੱਤੀ ਹੈ। ਇਸ ਮੁਲਾਕਾਤ ਦੀਆਂ ਤਸਵੀਰਾਂ, ਜਿਨ੍ਹਾਂ ਵਿੱਚ ਤਿੰਨੇ ਨੇਤਾ ਹੱਸਦੇ-ਮੁਸਕਰਾਉਂਦੇ ਅਤੇ ਦੋਸਤਾਨਾ ਅੰਦਾਜ਼ ਵਿੱਚ ਇੱਕ-ਦੂਜੇ ਨਾਲ ਹੱਥ ਮਿਲਾਉਂਦੇ ਨਜ਼ਰ ਆਏ, ਨੇ ਅਮਰੀਕੀ ਮੀਡੀਆ ਨੂੰ ਹੈਰਾਨ-ਪ੍ਰੇਸ਼ਾਨ ਕਰ ਦਿੱਤਾ। ਅਮਰੀਕੀ ਨਿਊਜ਼ ਚੈਨਲ ਸੀ.ਐਨ.ਐਨ. ਦੇ ਵਿਸ਼ਲੇਸ਼ਕ ਵੈਨ ਜੋਂਸ ਨੇ ਇਸ ਨੂੰ 'ਹਰ ਅਮਰੀਕੀ ਲਈ ਤਕਲੀਫ਼ਦੇਹ ਪੈਦਾ ਕਰਨ ਵਾਲਾ ਪਲ' ਕਰਾਰ




ਦਿੱਤਾ। ਪਰ ਸਵਾਲ ਇਹ ਹੈ ਕਿ ਕੀ ਇਹ ਤਸਵੀਰ ਸੱਚਮੁੱਚ ਨਵੇਂ ਵਿਸ਼ਵ ਰਾਜ ਦੀ ਸ਼ੁਰੂਆਤ ਦਾ ਸੰਕੇਤ ਹੈ, ਜਾਂ ਚੀਨ ਭਾਰਤ ਲਈ ਨਵੀਂ ਸਿਰਦਰਦੀ ਖੜ੍ਹੀ ਕਰ ਸਕਦਾ ਹੈ? ਇਸ ਤੋਂ ਇਲਾਵਾ, ਚੀਨ-ਪਾਕਿਸਤਾਨ ਦੀ ਵਧਦੀ ਨੇੜਤਾ ਅਤੇ ਭਾਰਤ ਦੀ ਵਿਸ਼ਵ ਰਾਜਨੀਤੀ ਵਿੱਚ ਫ਼ਸਣ ਦੀ ਸਥਿਤੀ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਅਮਰੀਕੀ ਮੀਡੀਆ ਨੇ ਇਸ ਨੂੰ ਨਵੀਂ ਵਿਸ਼ਵ ਵਿਵਸਥਾ ਦੀ ਸ਼ੁਰੂਆਤ (**ਬਾਕੀ ਸਫ਼ਾ 27 'ਤੇ**)



# ਮੋਰ ਪੁਛੇਂਦੇ ਕੂੰਜਾਂ ਕੋਲੋਂ, ਤੁਸਾਂ ਨਿੱਤ ਪਰਦੇਸ ਤਿਆਰੀ...

## ਸੱਤ ਸਮੁੰਦਰ ਪਾਰ ਜਾਣ ਲਈ ਮਜਬੂਰ ਕਿਉਂ ਨੇ ਪੰਜਾਬੀਆਂ ਦੇ ਕਾਫ਼ਲੇ?

### ਹੜ੍ਹਾਂ ਕਾਰਨ ਲੀਹੋਂ ਲੱਥੀ ਜ਼ਿੰਦਗੀ ਨੂੰ ਮੁੜ ਰੁਸ਼ਨਾਉਣ ਵਾਸਤੇ ਪਰਵਾਸ ਕਰਨ ਲਈ ਮਜਬੂਰ ਹੋਣਗੇ ਪੰਜ ਦਰਿਆਵਾਂ ਦੇ ਧੀਆਂ-ਪੁੱਤਰ

ਜਗਮੋਹਨ ਸਿੰਘ 'ਲੱਕੀ'

**ਪੰਜਾਬ ਇਸ ਸਮੇਂ ਹੜ੍ਹਾਂ ਕਾਰਨ ਭਾਵੇਂ ਉੱਜੜ ਗਿਆ ਹੈ, ਪਰ ਬਹਾਦਰ ਪੰਜਾਬੀਆਂ ਦੇ ਹੌਸਲੇ ਅਜੇ ਵੀ ਬੁਲੰਦ ਹਨ। ਪੰਜਾਬੀਆਂ ਨੂੰ ਹੜ੍ਹਾਂ ਦੀ ਮਾਰ ਤੋਂ ਸੰਭਲਣ ਲਈ ਕੁਝ ਸਮਾਂ ਤਾਂ ਲੱਗੇਗਾ ਪਰ ਉਹ ਸੰਭਲ ਜਾਣਗੇ। ਹਾਲਾਤ ਆਮ ਵਰਗੇ ਹੋਣ ਤੋਂ ਬਾਅਦ ਵੱਡੀ ਗਿਣਤੀ ਪੰਜਾਬੀ ਆਪਣੀ ਅਤੇ ਆਪਣੇ ਪਰਿਵਾਰ ਦੀ ਜੂਨ ਸੁਧਾਰਨ ਅਤੇ ਹੜ੍ਹਾਂ ਦੌਰਾਨ ਹੋਏ ਨੁਕਸਾਨ ਦਾ ਘਾਟਾ ਦੂਰ ਕਰਨ ਲਈ ਵਿਦੇਸ਼ਾਂ ਨੂੰ ਪਰਵਾਸ ਵੀ ਕਰਨਗੇ ਕਿਉਂਕਿ ਪੰਜਾਬ ਵਿੱਚ ਰੁਜ਼ਗਾਰ ਦੇ ਮੌਕੇ ਘੱਟ ਹੋਣ ਕਾਰਨ ਉਹਨਾਂ ਕੋਲ ਵਿਦੇਸ਼ਾਂ ਨੂੰ ਪਰਵਾਸ ਕਰਨ ਤੋਂ ਸਿਵਾਏ ਹੋਰ ਕੋਈ ਰਸਤਾ ਵੀ ਨਹੀਂ ਹੈ।**



ਕਾਦਰ ਵੱਲੋਂ ਸਾਜੀ ਇਸ ਕੁਦਰਤ ਵਿੱਚ ਜੇ ਮਨੁੱਖ ਅਤੇ ਪੰਛੀਆਂ ਵਿਚਾਲੇ ਕੁਦਰਤੀ ਸਾਂਝ ਹੈ ਤਾਂ ਹੁਣ ਮਨੁੱਖ ਅਤੇ ਪੰਛੀਆਂ ਦੀ 'ਹੋਣੀ' ਵੀ ਇਕੋ ਜਿਹੀ ਹੈ। ਦੋਵੇਂ ਹੀ ਪਰਵਾਸ ਦਾ ਦਰਦ ਹੰਢਾ ਰਹੇ ਹਨ। ਦੋਵੇਂ ਹੀ ਚੋਗ ਚੁਗਣ ਲਈ ਹੁਣ ਲੰਬੀਆਂ ਉਡਾਰੀਆਂ ਮਾਰਨ ਲੱਗੇ ਹਨ। ਜੇ ਪੰਛੀ ਪੁਰਾਤਨ ਸਮੇਂ ਤੋਂ ਹੀ ਚੋਗ ਲਈ ਲੰਬੀਆਂ ਉਡਾਰੀਆਂ ਮਾਰਦੇ ਹਨ ਤਾਂ ਹੁਣ ਮਨੁੱਖ ਵੀ ਸੱਤ ਸਮੁੰਦਰ ਪਾਰ ਕਰਕੇ ਡਾਲਰ ਅਤੇ ਪੌਂਡ ਕਮਾ ਰਹੇ ਹਨ। ਮਨੁੱਖ ਨੇ ਪੰਛੀਆਂ ਵਾਂਗ ਹੀ ਹੁਣ ਉੱਡਣਾ ਸ਼ੁਰੂ ਕਰ ਦਿੱਤਾ ਹੈ, ਅਸਲ ਵਿੱਚ ਹਵਾਈ ਜਹਾਜ਼ ਦੀ ਖੋਜ ਹੀ ਪੰਛੀਆਂ ਨੂੰ ਉੱਡਦੇ ਹੋਏ ਵੇਖ ਕੇ ਕੀਤੀ ਗਈ ।

ਹਰ ਸਾਲ ਹੀ ਕੂੰਜਾਂ ਰੂਸ ਦੇ ਸਾਈਬੇਰੀਆਂ ਇਲਾਕੇ ਅਤੇ ਹੋਰ ਦੇਸ਼ਾਂ ਵਿਚੋਂ ਹਜ਼ਾਰਾਂ ਮੀਲ ਦਾ ਸਫ਼ਰ ਤੈਅ ਕਰਕੇ ਭਾਰਤ ਆਉਂਦੀਆਂ ਨੇ , ਇਹ ਪਰਵਾਸੀ ਕੂੰਜਾਂ ਕਾਫ਼ੀ ਸਮਾਂ ਭਾਰਤ ਦੇ ਵੱਖ- ਵੱਖ ਇਲਾਕਿਆਂ ਵਿੱਚ ਰਹਿ ਕੇ ਮੁੜ ਆਪਣੇ ਵਤਨ ਨੂੰ ਉੱਡ ਜਾਂਦੀਆਂ ਨੇ। ਸਾਈਬੇਰੀਆ ਰੂਸ ਦਾ ਇੱਕ ਅਜਿਹਾ ਇਲਾਕਾ ਹੈ ਜਿਥੇ ਕਿ ਸੰਘਣੇ ਜੰਗਲ ਹੋਣ ਦੇ ਨਾਲ- ਨਾਲ ਠੰਡ ਵੀ ਬਹੁਤ ਪੈਂਦੀ ਹੈ। ਇਸੇ ਤਰਾਂ ਦੁਨੀਆ ਵਿੱਚ ਹੋਰ ਵੀ ਕਈ ਇਲਾਕੇ ਅਜਿਹੇ ਹਨ ਜਿਥੇ ਸਰਦੀਆਂ ਵਿੱਚ ਤਾਂ ਉਥੇ ਲਗਾਤਾਰ ਅਸਮਾਨ ਵਿਚੋਂ ਬਰਫ਼ ਡਿੱਗਦੀ ਹੈ ਅਤੇ ਬਰਫ਼ੀਲੇ ਤੂਫਾਨ ਚਲਦੇ ਹਨ। ਉਥੇ ਝੀਲਾਂ ਜੰਮ ਜਾਂਦੀਆਂ ਹਨ, ਪੰਛੀਆਂ ਲਈ ਖਾਣ ਲਈ ਕੋਈ ਚੀਜ਼ ਨਹੀਂ ਬਚਦੀ ਕਿਉਂਕਿ ਰੁੱਖ ਵੀ ਬਰਫ਼ ਹੇਠ ਦੱਬ ਜਾਂਦੇ ਹਨ। ਹਰੇ ਭਰੇ ਰੁੱਖਾਂ ਉੱਪਰ ਚਿੱਟੀ ਬਰਫ਼ ਜੰਮ ਜਾਂਦੀ ਹੈ ਅਤੇ ਉਹ ਸਫ਼ੈਦ ਭਾਅ ਮਾਰਦੇ ਹਨ। ਰਾਤ ਸਮੇਂ ਇਹ ਰੁੱਖ ਚੰਨ ਦੀ ਚਾਨਣੀ ਵਿੱਚ ਚਮਕਦੇ ਤਾਂ ਬਹੁਤ ਹਨ ਪਰ ਇਹ ਚਮਕ ਚੰਨ ਦੀ ਚਾਨਣੀ ਵਾਂਗ ਉਧਾਰੀ ਹੀ ਹੁੰਦੀ ਹੈ ਜਿਵੇਂ ਚੰਨ ਸੂਰਜ ਤੋਂ ਰੋਸ਼ਨੀ ਲੈ ਕੇ ਹੀ ਰਾਤ ਨੂੰ ਦਿੰਦਾ ਹੈ ਉਵੇਂ ਹੀ ਰੁੱਖਾਂ ਦੀ ਚਮਕ ਪੰਛੀਆਂ ਨੂੰ ਚੋਗ ਨਹੀਂ ਦੇ ਸਕਦੀ। ਇਸ ਤੋਂ ਇਲਾਵਾ ਹੱਡ ਚੀਰਵੀਂ ਠੰਡ ਵਿੱਚ ਜਦੋਂ ਸਰਦ ਅਤੇ ਬਰਫ਼ੀਲੀਆਂ ਹਵਾਵਾਂ ਚਲਦੀਆਂ





ਹਨ ਅਤੇ ਰੂੰ ਦੇ ਫੰਭਿਆਂ ਵਾਂਗ ਬਰਫ਼ ਹਵਾ ਵਿੱਚ ਉੱਡਦੀ ਹੈ ਤਾਂ ਇਹਨਾਂ ਪੰਛੀਆਂ ਲਈ ਪਰਵਾਸ ਕਰਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਰਹਿੰਦਾ ।ਜਿਸ ਧਰਤੀ ਉੱਪਰ ਇਹ ਪੰਛੀ ਜੰਮੇ ਪਲੇ ਹੁੰਦੇ ਹਨ ਜਿਸ ਧਰਤੀ ਦੇ ਆਕਾਸ਼ ਉੱਪਰ ਇਹਨਾਂ ਨੇ ਉਡਾਰੀਆਂ ਮਾਰੀਆਂ ਹੁੰਦੀਆਂ ਹਨ, ਉਹ ਹੀ ਅਸਮਾਨ ਇਹਨਾਂ ਲਈ ਪਰਾਇਆ ਹੋ ਜਾਂਦਾ ਹੈ। ਮਜਬੂਰੀ ਵੱਸ ਇਹਨਾਂ ਪੰਛੀਆਂ ਨੂੰ ਪਰਵਾਸ ਕਰਨਾ ਪੈਂਦਾ ਹੈ। ਇਹ ਪੰਛੀ ਹਜ਼ਾਰਾਂ ਮੀਲ ਦੀ ਉਡਾਰੀ ਮਾਰ ਕੇ ਭਾਰਤ-ਪੰਜਾਬ ਦੇ ਵਿੱਚ ਪਹੁੰਚ ਜਾਂਦੇ ਹਨ ਅਤੇ ਜਦੋਂ ਉਹਨਾਂ ਦੇ ਆਪਣੇ ਵਤਨ ਮੌਸਮ ਸਾਫ ਹੁੰਦਾ ਹੈ ਤਾਂ ਇਹ ਮੁੜ ਵਤਨਾਂ ਲਈ ਵਾਪਸ ਉਡਾਰੀ ਮਾਰ ਜਾਂਦੇ ਹਨ। ਇਹ ਵਰਤਾਰਾ ਹਰ ਸਾਲ ਹੀ ਚੱਲਦਾ ਹੈ ਅਤੇ ਸਦੀਆਂ ਤੋਂ ਹੀ ਚੱਲਦਾ ਆ ਰਿਹਾ ਹੈ।

ਹੁਣ ਗੱਲ ਕਰੀਏ ਮਨੁੱਖਾਂ ਦੀ ਤਾਂ ਇਹ ਮਨੁੱਖ ਹੀ ਹੁੰਦੇ ਹਨ ਜਿਹੜੇ ਕਿ ਪੰਛੀਆਂ ਵਾਂਗ ਜੇ ਜਹਾਜ਼ ਵਿੱਚ ਬੈਠ ਕੇ ਉੱਡਣ ਲੱਗੇ ਹਨ ਤਾਂ ਪਰਵਾਸ ਵੀ ਪੰਛੀਆਂ ਵਾਂਗ ਹੰਢਾ ਰਹੇ ਹਨ। ਹੁਣ ਹਰ ਪੰਜਾਬੀ ਬੱਚੇ ਦੇ ਜਦੋਂ ਮੁੱਛ ਆਉਣੀ ਸ਼ੁਰੂ ਹੁੰਦੀ ਹੈ ਤਾਂ ਉਸ ਦੀ ਇਹ ਇੱਛਾ ਹੁੰਦੀ ਹੈ ਕਿ ਉਹ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਜਾ ਪਹੁੰਚੇ। ਵਿਦੇਸ਼ ਜਾਣ ਲਈ ਇਹਨਾਂ ਵੱਲੋਂ ਤਰੀਕੇ ਵੀ ਕਈ ਤਰ੍ਹਾਂ ਦੇ ਅਪਣਾਏ ਜਾ ਰਹੇ ਹਨ। ਅਸਲ ਵਿੱਚ ਪੰਜਾਬੀਆਂ ਦਾ ਪਰਵਾਸ ਅੱਜ ਜਾਂ ਕੱਲ੍ਹ ਹੀ ਸ਼ੁਰੂ ਨਹੀਂ ਹੋਇਆ, ਸਗੋਂ ਇਹ ਤਾਂ ਸਦੀਆਂ ਤੋਂ ਹੀ ਜਾਰੀ ਹੈ। ਪਹਿਲਾਂ ਲੋਕ ਇੰਗਲੈਂਡ ਜਾਂਦੇ ਸਨ ਪਰ ਹੁਣ ਹੋਲੀ ਹੋਲੀ ਹੋਰ ਮੁਲਕਾਂ ਵਿੱਚ ਜਾਣ ਲੱਗੇ ਅਤੇ ਉਥੋਂ ਦੇ ਹੀ ਵਸਨੀਕ ਬਣ ਗਏ। ਜੇ ਭਾਰਤ ਆਜ਼ਾਦ ਹੋਣ ਸਮੇਂ 'ਬਾਰਾਂ' ਵਿਚੋਂ ਉੱਜੜ ਕੇ ਆਏ ਲੋਕਾਂ ਨੂੰ ਭਾਰਤ ਦੇ ਪੰਜਾਬ ਖਾਸ ਕਰਕੇ ਦੋਆਬੇ ਵਿੱਚ ਜ਼ਮੀਨ ਦੀ ਘਾਟ ਰੜਕਣ ਲੱਗੀ ਤਾਂ ਉਹਨਾਂ ਨੇ ਵਿਦੇਸ਼ ਉਡਾਰੀ ਮਾਰਨੀ ਸ਼ੁਰੂ ਕਰ ਦਿੱਤੀ, ਇਸੇ ਤਰ੍ਹਾਂ ਮਾਲਵਾ ਖਾਸ ਕਰਕੇ ਬਰਨਾਲਾ ਨੇੜਲੇ ਇਤਿਹਾਸਿਕ ਪਿੰਡ ਭਦੌੜ ਦੇ ਬਰਮਾ ਵਿਚੋਂ ਉੱਜੜ ਕੇ ਜਾਂ ਬਰਮਾ ਉੱਪਰ ਹੋਏ ਹਮਲੇ ਦੌਰਾਨ ਆਪਣੀ ਜ਼ਿੰਦਗੀ ਬਚਾ ਕੇ ਆਏ ਲੋਕਾਂ ਨੂੰ ਮਜਬੂਰੀ ਵਸ ਕੈਨੇਡਾ ਜਾਣਾ ਪਿਆ। ਹੁਣ ਤਾਂ ਪੰਜਾਬ ਦਾ ਸਾਰਾ ਮਾਝਾ, ਮਾਲਵਾ ਅਤੇ ਦੋਆਬਾ ਵਿਦੇਸ਼ ਜਾਣ ਲਈ ਸੱਤ ਸਮੁੰਦਰ ਪਾਰ ਕਰ ਰਿਹਾ ਹੈ।






ਭਾਰਤ ਦਾ ਹਾਲ ਇਹ ਹੈ ਕਿ ਜਦੋਂ ਵੀ ਕਿਸੇ ਦੇ ਘਰ ਕੋਈ ਬੱਚਾ ਪੈਦਾ ਹੁੰਦਾ ਹੈ ਤਾਂ ਉਸ ਬੱਚੇ ਦੇ ਮਾਪੇ ਦੁਨੀਆ ਦਾ ਨਕਸ਼ਾ ਖੋਲ ਕੇ ਇਹ ਵੇਖਣ ਲੱਗ ਜਾਂਦੇ ਹਨ ਕਿ ਉਹਨਾਂ ਦਾ ਬੱਚਾ ਦੁਨੀਆ ਦੇ ਕਿਹੜੇ ਮੁਲਕ ਵਿੱਚ ਸਿੱਖਿਆ ਪ੍ਰਾਪਤ ਕਰੇਗਾ। ਪੰਜਾਬੀਆਂ ਬਾਰੇ ਤਾਂ ਇਹ ਕਿਹਾ ਜਾਂਦਾ ਹੈ ਕਿ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਭਾਵ ਜਦੋਂ ਬੱਚਾ ਅਜੇ ਮਾਂ ਦੇ ਗਰਭ ਵਿੱਚ ਹੀ ਹੁੰਦਾ ਹੈ ਤਾਂ ਉਦੋਂ ਹੀ ਪੰਜਾਬੀ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿੰਦੇ ਹਨ ਕਿ ਉਹਨਾਂ ਦਾ ਬੱਚਾ ਜਨਮ ਲੈ ਕੇ ਕਿਹੜੇ ਦੇਸ਼ ਵਿੱਚ ਸਿੱਖਿਆ ਪ੍ਰਾਪਤ ਕਰਨ ਬਹਾਨੇ ਉਥੋਂ ਦੀ ਪੀ.ਆਰ. ਪ੍ਰਾਪਤ ਕਰੇਗਾ। ਪੰਜਾਬ ਸਮੇਤ ਭਾਰਤ ਦੇ ਵੱਖ- ਵੱਖ ਰਾਜਾਂ ਵਿੱਚ ਵਿਦਿਆਰਥੀਆਂ ਦੇ ਨਾਲ ਆਮ ਲੋਕਾਂ ਦਾ ਵਿਦੇਸ਼ ਜਾਣ ਦਾ ਰੁਝਾਨ ਦਿਨੋਂ ਦਿਨ ਵਧਦਾ ਜਾ ਰਿਹਾ ਹੈ।

ਕਹਿਣ ਦਾ ਭਾਵ ਇਹ ਹੈ ਕਿ ਜਿੰਨਾਂ ਚਿਰ ਪੰਜਾਬ ਵਿੱਚ ਰੁਜ਼ਗਾਰ ਦੇ ਮੌਕੇ ਵਧਾਏ ਨਹੀਂ ਜਾਂਦੇ ਉਹਨਾਂ ਚਿਰ ਪੰਜਾਬੀ ਨੌਜਵਾਨਾਂ ਨੂੰ ਸੱਤ ਸਮੁੰਦਰ ਪਾਰ ਦੀ ਪਰਾਈ ਧਰਤੀ ਉੱਪਰ ਡਾਲਰਾਂ ਦੀ ਚਮਕ ਖਿੱਚ ਪਾਉਂਦੀ ਹੀ ਰਹੇਗੀ।

# ਸਿੱਖ ਸੇਵਕ ਸੁਸਾਇਟੀ ਹੜ੍ਹ ਪੀੜਤ ਪਿੰਡਾਂ ਵਿੱਚ ਸਰਗਰਮ

## ਪਿੰਡਾਂ ਵਿੱਚ ਬਿਮਾਰੀਆਂ ਤੋਂ ਬਚਾਉਣ ਲਈ ਮੱਛਰਮਾਰ ਦਵਾਈਆਂ ਦਾ ਛਿੜਕਾਅ ਕੀਤਾ

## ਸਿੱਖ ਸੰਗਤਾਂ ਇਸ ਸੰਕਟ ਦੀ ਘੜੀ ਵਿੱਚ ਅੱਗੇ ਆਉਣ ਅਤੇ ਪੀੜਤਾਂ ਦੀ ਮਦਦ ਲਈ ਹੱਥ ਵਟਾਉਣ







ਪੰਜਾਬ ਦੇ ਕਈ ਖੇਤਰਾਂ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ, ਜਿਸ ਦੀ ਇੱਕ ਵੱਡੀ ਮਿਸਾਲ ਸੁਲਤਾਨਪੁਰ ਲੋਧੀ ਦੇ ਨੇੜਲੇ ਪਿੰਡ ਸਰੂਪਵਾਲ, ਸੇਖਮਾਗਾ, ਭਰੂਵਾਣਾ, ਟਿੱਬੀ, ਮੰਡ, ਅਤੇ ਇੰਦਰਪੁਰ ਆਲੂਵਾਲ ਵਿੱਚ ਵੇਖਣ ਨੂੰ ਮਿਲੀ। ਇੱਥੇ ਬਾਊਪੁਰ ਵਾਲਾ ਬੰਨ ਟੁੱਟਣ ਕਾਰਨ ਹੜ੍ਹ ਦਾ ਪਾਣੀ ਪਿੰਡਾਂ ਪਿੰਡ ਸੇਖਮਾਗਾ, ਭਰੂਵਾਣਾ, ਟਿੱਬੀ, ਮੰਡ, ਅਤੇ ਇੰਦਰਪੁਰ ਆਲੂਵਾਲ ਆਦਿ ਵਿੱਚ ਵਿੱਚ ਵੜ ਗਿਆ, ਜਿਸ ਨੇ ਝੋਨੇ ਅਤੇ ਪਠੇ ਦੀਆਂ ਫਸਲਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ। ਲੋਕਾਂ ਦੇ ਘਰਾਂ ਵਿੱਚ ਪਾਣੀ ਵੜਨ ਕਾਰਨ ਉਨ੍ਹਾਂ ਦਾ ਸਮਾਨ ਵੀ ਤਬਾਹ ਹੋ ਗਿਆ। ਇਸ ਤਬਾਹੀ ਦੇ ਵਿਚਕਾਰ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਮਨੁੱਖਤਾ ਦੀ ਸੇਵਾ ਦਾ ਬੀੜਾ ਚੁੱਕਿਆ ਅਤੇ ਪੀੜਤ ਪਿੰਡਾਂ ਵਿੱਚ ਰਾਸ਼ਨ, ਪਾਣੀ ਅਤੇ ਹੋਰ ਜਰੂਰੀ ਸਮੱਗਰੀ ਵੰਡੀ ਤੇ ਮੱਛਰਮਾਰ ਦਵਾਈਆਂ ਦਾ ਛਿੜਕਾਅ ਕੀਤਾ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦਾ ਕਹਿਣਾ ਹੈ ਕਿ ਸਰਕਾਰੀ ਅਧਿਕਾਰੀ ਅਜੇ ਵੀ ਇਨ੍ਹਾਂ ਪਿੰਡਾਂ ਵਿੱਚ ਨਹੀਂ ਪਹੁੰਚੇ, ਜਿਸ ਕਾਰਨ ਲੋਕਾਂ ਵਿੱਚ ਰੋਸ ਹੈ।

**ਹੜ੍ਹ ਦੀ ਤਬਾਹੀ ਅਤੇ ਸਿੱਖ ਸੇਵਕ ਸੁਸਾਇਟੀ ਦੀ ਸੇਵਾ**

ਸਿੱਖ ਸੇਵਕ ਸੁਸਾਇਟੀ ਦੇ ਮੁੱਖ ਜਥੇਦਾਰ ਪਰਮਿੰਦਰ ਪਾਲ ਸਿੰਘ ਖ਼ਾਲਸਾ ਅਤੇ ਸਕੱਤਰ ਜਨਰਲ ਪ੍ਰੋਫ਼ੈਸਰ ਬਲਵਿੰਦਰ ਪਾਲ ਸਿੰਘ ਦੀ ਅਗਵਾਈ ਵਿੱਚ ਸੇਵਕਾਂ ਨੇ ਪਿੰਡ ਸਰੂਪਵਾਲ ਅਤੇ ਨੇੜਲੇ ਖੇਤਰਾਂ ਵਿੱਚ ਰਾਸ਼ਨ ਅਤੇ ਪੀਣ ਵਾਲਾ ਪਾਣੀ ਵੰਡਿਆ। ਇਸ ਦੌਰਾਨ ਸੇਵਾ ਵਿੱਚ ਬਾਬਾ ਲਾਲ ਸਿੰਘ, ਦਲਜਿੰਦਰ ਸਿੰਘ ਗਰੇਵਾਲ, ਬਾਬਾ ਅਜੀਤਪਾਲ ਸਿੰਘ ਅਤੇ ਸਾਹਿਬ ਸਿੰਘ ਆਰਟਿਸਟ ਜਲੰਧਰ, ਬਲਜੀਤ ਸਿੰਘ ਸਿੱਖ ਮਿਸ਼ਨਰੀ ਕਾਲਜ, ਹਰਦੇਵ ਸਿੰਘ ਗਰਚਾ, ਕਮਲਜੀਤ ਸਿੰਘ ਜਮਸ਼ੇਰ ਵਰਗੇ ਸੇਵਾਦਾਰ ਸ਼ਾਮਲ ਸਨ। ਪਿੰਡ ਦੇ ਮੁਹਤਬਰ ਸੱਜਣਾਂ ਵਿੱਚ ਬਲਕਾਰ ਸਿੰਘ, ਰੇਸ਼ਮ ਸਿੰਘ, ਲਖਵਿੰਦਰ ਸਿੰਘ (ਪ੍ਰਧਾਨ ਗੁਰਦੁਆਰਾ ਸਿੰਘ ਸਭਾ ਸਰੂਪਵਾਲ), ਗਿਆਨੀ ਬਲਵੰਤ ਸਿੰਘ, ਜੋਗਿੰਦਰ ਸਿੰਘ, ਸੁਖਰਾਜ ਸਿੰਘ ਅਤੇ ਮਦਨ ਲਾਲ ਬਾਲਮੀਕੀ ਨੇ ਵੀ ਸਹਿਯੋਗ ਦਿੱਤਾ। ਪਿੰਡ ਸੇਖਮਾਗਾ ਵੱਲੋਂ ਗੁਰਚਰਨ ਸਿੰਘ ਅਤੇ ਸਾਬਕਾ ਸਰਪੰਚ ਬਲਵਿੰਦਰ ਸਿੰਘ ਨੇ ਮਹੱਤਵਪੂਰਨ ਯੋਗਦਾਨ ਪਾਇਆ।

**ਜ਼ਰੂਰੀ ਸਮੱਗਰੀ ਦੀ ਲੋੜ ਅਤੇ ਮੈਡੀਕਲ ਸਹਾਇਤਾ**

ਸਿਖ ਸੇਵਕ ਸੁਸਾਇਟੀ ਦੇ ਆਗੂਆਂ ਨੇ ਦੱਸਿਆ ਕਿ ਹੜ੍ਹ ਪੀੜਤ ਪਿੰਡਾਂ ਵਿੱਚ ਰਾਸ਼ਨ ਅਤੇ ਪੀਣ ਵਾਲੇ ਪਾਣੀ ਦੀ ਵੰਡ ਤਾਂ ਸ਼ੁਰੂ ਹੋ ਚੁੱਕੀ ਹੈ, ਪਰ ਅਜੇ ਵੀ ਕਈ ਜਰੂਰੀ ਚੀਜਾਂ ਦੀ ਘਾਟ ਹੈ। ਪੀੜਤ ਲੋਕਾਂ ਨੂੰ ਤਿਰਪਾਲਾਂ, ਮਛਰਦਾਨੀਆਂ, ਮੱਛਰ ਮਾਰ ਦਵਾਈਆਂ ਅਤੇ ਫੋਗਿੰਗ ਮਸ਼ੀਨਾਂ ਦੀ ਸਖ਼ਤ ਲੋੜ ਹੈ। ਹੜ੍ਹ ਦੇ ਪਾਣੀ ਕਾਰਨ ਮੱਛਰਾਂ ਦੀ ਗਿਣਤੀ ਵਧਣ ਨਾਲ ਡੇਂਗੂ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਦਾ ਖ਼ਤਰਾ ਵਧ ਗਿਆ ਹੈ। ਇਸ ਲਈ ਸੁਸਾਇਟੀ ਨੇ ਫੈਸਲਾ ਕੀਤਾ ਹੈ ਕਿ ਇਨ੍ਹਾਂ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਜਾਣਗੇ, ਜਿਸ ਵਿੱਚ ਲੋਕਾਂ ਨੂੰ ਸਿਹਤ ਸੰਬੰਧੀ ਸਹਾਇਤਾ ਦਿੱਤੀ ਜਾਵੇਗੀ। ਜ਼ਰੂਰੀ ਸਮੱਗਰੀ ਵੰਡੀ ਜਾਵੇਗੀ।

ਸੁਸਾਇਟੀ ਕੋਲ ਦੋ ਵਿਦੇਸ਼ੀ ਫੋਗਿੰਗ ਮਸ਼ੀਨਾਂ ਹਨ, ਜਿਨ੍ਹਾਂ ਨਾਲ ਪਿੰਡਾਂ ਵਿੱਚ ਮਛਰ ਮਾਰ ਦਵਾਈ ਦਾ ਛਿੜਕਾਅ ਕੀਤਾ ਜਾਵੇਗਾ।

**ਸਰਕਾਰੀ ਨਿਘਾਰ ਅਤੇ ਗ਼ੈਰ-ਕਾਨੂੰਨੀ ਰੇਤ ਖੁਦਾਈ**

ਸਿੱਖ ਸੇਵਕ ਸੁਸਾਇਟੀ ਦੇ ਆਗੂਆਂ ਜਥੇਦਾਰ ਪਰਮਿੰਦਰਪਾਲ ਸਿੰਘ ਖ਼ਾਲਸਾ, ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਨੇ ਕਿਹਾ ਕਿ ਭਾਰੀ ਮੀਂਹ ਅਤੇ ਹੜ੍ਹਾਂ ਨੇ ਤਾਂ ਤਬਾਹੀ ਮਚਾਈ ਹੀ, ਪਰ ਇਸ ਦਾ ਇੱਕ ਵੱਡਾ ਕਾਰਨ ਦਹਾਕਿਆਂ ਤੋਂ ਗੈਰ-ਕਾਨੂੰਨੀ ਰੇਤ ਅਤੇ ਬਜਰੀ ਦੀ ਖੁਦਾਈ ਵੀ ਹੈ। ਅਫਸਰਸ਼ਾਹੀ ਅਤੇ ਸਰਕਾਰਾਂ ਇਸ ਕਾਲੇ ਧੰਦੇ ਨੂੰ ਰੋਕਣ ਵਿੱਚ ਨਾਕਾਮ ਰਹੀਆਂ ਹਨ। ਇਸ ਕਾਰਨ ਨਦੀਆਂ ਦੇ ਬੰਨ ਕਮਜ਼ੋਰ ਹੋ ਗਏ ਅਤੇ ਹੜ੍ਹ ਦੀ ਸਥਿਤੀ ਹੋਰ ਵਿਗੜ ਗਈ।

(ਬਾਕੀ ਸਫ਼ਾ 27 'ਤੇ)

## ਹੜ੍ਹ ਪੀੜਤਾਂ ਨਾਲ ਡੱਟ ਕੇ ਖੜ੍ਹੀ ਹੈ ਪੰਜਾਬੀ ਫਿਲਮ ਇੰਡਸਟਰੀ: ਕਰਮਜੀਤ ਅਨਮੋਲ

ਡੇਰਾ ਬਾਬਾ ਨਾਨਕ/ਏ.ਟੀ.ਨਿਊਜ਼: ਪੰਜਾਬੀ ਫਿਲਮਾਂ ਦੇ ਹਾਸਰਸ ਕਲਾਕਾਰ ਕਰਮਜੀਤ ਅਨਮੋਲ ਨੇ ਹੜ੍ਹ ਪ੍ਰਭਾਵਿੱਤ ਖੇਤਰ ਡੇਰਾ ਬਾਬਾ ਨਾਨਕ ਦਾ ਦੌਰਾ ਕੀਤਾ। ਉਨ੍ਹਾਂ ਆਪਣੀ ਟੀਮ ਨਾਲ ਘੋਨੇਵਾਲ ਧੁੱਸੀ ਬੰਨ੍ਹ 'ਚ ਪਾੜ ਨੂੰ ਦੇਖਿਆ ਅਤੇ ਗੁਰੂ ਕਾ ਬਾਗ ਕਾਰ ਸੇਵਾ ਵਾਲੇ ਬਾਬਾ ਸਤਨਾਮ ਸਿੰਘ ਨੂੰ ਮਿਲੇ। ਪੱਤਰਕਾਰਾਂ ਨਾਲ ਗੱਲ ਕਰਦਿਆਂ ਕਰਮਜੀਤ ਅਨਮੋਲ ਨੇ ਦੱਸਿਆ ਕਿ ਪੰਜਾਬੀ ਫਿਲਮ ਇੰਡਸਟਰੀ ਹੜ੍ਹ ਪੀੜਤਾਂ ਨਾਲ ਡੱਟ ਕੇ ਖੜ੍ਹੀ ਹੈ। ਇਸ ਮੌਕੇ ਨੇੜਲੇ ਪਿੰਡਾਂ ਦੇ ਕਿਸਾਨਾਂ ਨੇ ਉਨ੍ਹਾਂ ਨੂੰ ਆਪਣੀਆਂ ਫਸਲਾਂ ਦੇ ਨੁਕਸਾਨ ਤੋਂ ਜਾਣੂ ਕਰਵਾਇਆ ਅਦਾਕਾਰ ਨੇ ਪੰਜਾਬੀ ਫਿਲਮ ਇੰਡਸਟਰੀ ਵੱਲੋਂ ਹੜ੍ਹ ਪੀੜਤ ਪਰਿਵਾਰਾਂ ਦੀ ਵੱਧ ਤੋਂ ਵੱਧ ਮੱਦਦ ਕਰਨ ਦਾ ਭਰੋਸਾ ਦਿੱਤਾ।



ਉਨ੍ਹਾਂ ਗਾਇਕਾਂ, ਅਦਾਕਾਰਾਂ ਸਮੇਤ ਹੋਰ ਕਲਾ ਖੇਤਰ ਨਾਲ ਜੁੜੇ ਲੋਕਾਂ ਵੱਲੋਂ ਹੜ੍ਹ ਪੀੜਤਾਂ ਦੀ ਕੀਤੀ ਸਹਾਇਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਹੜ੍ਹ ਦਾ ਪਾਣੀ ਉਤਰ ਜਾਣ ਤੋਂ ਬਾਅਦ ਵੀ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਣਾ ਹੈ। ਅਨਮੋਲ ਨੇ ਕਾਰ ਸੇਵਾ ਵਾਲੇ ਬਾਬਾ ਸਤਨਾਮ ਸਿੰਘ ਵੱਲੋਂ ਸੰਗਤ ਦੇ ਸਹਿਯੋਗ ਨਾਲ ਧੁੱਸੀ ਬੰਨ੍ਹ ਨੂੰ ਭਰਨ ਦੇ ਕੀਤੇ ਜਾ ਰਹੇ ਉਪਰਾਲਿਆਂ ਦੀ ਵਡਿਆਈ ਕੀਤੀ।

## ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੜ੍ਹ ਮਾਰੇ ਇਲਾਕਿਆਂ 'ਚ ਮੈਡੀਕਲ ਕੈਂਪ ਲਗਾਏ

ਅੰਮ੍ਰਿਤਸਰ/ਏ.ਟੀ.ਨਿਊਜ਼: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਦੇ ਹੜ੍ਹ ਮਾਰੇ ਖੇਤਰਾਂ ਵਿੱਚ ਰਾਹਤ ਕਾਰਜ ਪਿਛਲੇ ਕਈ ਦਿਨਾਂ ਤੋਂ ਨਿਰੰਤਰ ਚਲਾਏ ਜਾ ਰਹੇ ਹਨ। ਕਮੇਟੀ ਵੱਲੋਂ ਅਜਨਾਲਾ ਦੇ ਹਡਰ ਕਲਾਂ ਅਤੇ ਗੁੱਜਰਪੁਰ ਪਿੰਡਾਂ ਵਿੱਚ ਐੱਸ. ਕੇ. ਹਸਪਤਾਲ ਦੇ ਸਹਿਯੋਗ ਨਾਲ ਮੈਡੀਕਲ ਕੈਂਪ ਦੀ ਵੀ ਸ਼ੁਰੂਆਤ ਕੀਤੀ ਗਈ ਹੈ। ਡਾਕਟਰਾਂ ਦੀ ਟੀਮ ਮਰੀਜ਼ਾਂ ਦੀ ਜਾਂਚ ਕਰਕੇ ਇਲਾਜ ਕਰ ਰਹੀ ਹੈ ਅਤੇ ਦਵਾਈਆਂ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਮੈਂਬਰ ਭੁਪਿੰਦਰ ਸਿੰਘ ਗਿੰਨੀ ਅਤੇ ਰਾਜਿੰਦਰ ਸਿੰਘ ਖਿਆਲਾ ਦੀ ਮੌਜੂਦਗੀ ਵਿਚ ਮੈਡੀਕਲ ਕੈਂਪ ਦੀ ਸ਼ੁਰੂਆਤ ਕੀਤੀ ਗਈ।



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਮਗਰੋਂ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਮੇਟੀ ਵੱਲੋਂ ਪਿਛਲੇ ਕਈ ਦਿਨਾਂ ਤੋਂ ਰਾਹਤ ਕਾਰਜ ਨਿਰੰਤਰ ਚਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਡੇਰਾ ਬਾਬਾ ਨਾਨਕ ਦੇ ਡੇਰਾ ਪਠਾਣਾਂ ਅਤੇ ਅਜਨਾਲਾ ਵਿਚ ਲੰਗਰ ਸੇਵਾ ਲਗਾਤਾਰ ਚੱਲ ਰਹੀ ਹੈ ਅਤੇ ਦਿੱਲੀ ਕਮੇਟੀ ਮੈਂਬਰਾਂ ਨੂੰ ਲੈ ਕੇ 400 ਤੋਂ ਜ਼ਿਆਦਾ ਵਲੰਟੀਅਰਜ਼ ਰਾਹਤ ਕਾਰਜਾਂ ਵਿਚ ਲੱਗੇ ਹੋਏ ਹਨ। ਉਹਨਾਂ ਕਿਹਾ ਕਿ ਇਸਦੇ ਨਾਲ ਹੀ ਲੋਕਾਂ ਨੂੰ ਸੁੱਕਾ ਰਾਸ਼ਨ, ਦਵਾਈਆਂ, ਮੱਛਰਦਾਨੀਆਂ, ਤਰਪਾਲਾਂ, ਨੌਜਵਾਨਾਂ ਨੂੰ ਟਰੈਕ ਸੂਟ ਵੀ ਉਪਲਬਧ ਕਰਵਾਏ ਜਾ ਰਹੇ ਹਨ ਜਿਹਨਾਂ ਦੀ ਵੰਡ ਪ੍ਰਧਾਨ ਤੇ ਜਨਰਲ ਸਕੱਤਰ ਨੇ ਖੁਦ ਲੋਕਾਂ ਵਿਚ ਜਾ ਕੇ ਕੀਤੀ ਹੈ। ਕਾਲਕਾ ਤੇ ਕਾਹਲੋਂ ਨੇ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਹੜ੍ਹ ਮਾਰੇ ਇਲਾਕਿਆਂ ਵਿੱਚ ਲੋਕਾਂ ਨੂੰ ਪੂਰਾ ਭਰੋਸਾ ਦੁਆਇਆ ਗਿਆ ਹੈ ਕਿ ਇਹ ਸੇਵਾ ਨਿਰੰਤਰ ਜਾਰੀ ਰਹੇਗੀ ਅਤੇ ਜਦੋਂ ਤੱਕ ਪੂਰੀ ਤਰ੍ਹਾਂ ਪਾਣੀ ਦੀ ਨਿਕਾਸੀ ਨਹੀਂ ਹੋ ਜਾਂਦੀ ਤੇ ਉਹਨਾਂ ਦਾ ਜੀਵਨ ਆਮ ਵਰਗਾ ਨਹੀਂ ਹੋ ਜਾਂਦਾ, ਕਮੇਟੀ ਇਸ ਸੇਵਾ ਨੂੰ ਜਾਰੀ ਰੱਖੇਗੀ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਹਰ ਸੰਭਵ ਮਦਦ ਲਈ ਪੰਜਾਬ ਦੇ ਲੋਕਾਂ ਨਾਲ ਖੜ੍ਹੀ ਹੋਈ ਹੈ ਅਤੇ ਅੱਗੇ ਵੀ ਡਟੀ ਰਹੇਗੀ।

## ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਹੜ੍ਹ ਪੀੜਤਾਂ ਲਈ ਦੋ ਕਰੋੜ ਰੁਪਏ ਦੇਣ ਦਾ ਐਲਾਨ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਹੀ ਹੜ੍ਹ ਪੀੜਤਾਂ ਦੀ ਮਦਦ ਕਰ ਰਹੀ ਹੈ, ਹੁਣ ਇਸ ਦੇ ਮੁਲਾਜ਼ਮਾਂ ਵੱਲੋਂ ਵੀ ਹੜ੍ਹ ਪੀੜਤਾਂ ਵਾਸਤੇ ਰਾਹਤ ਫੰਡ ਵਿੱਚ ਦੋ ਕਰੋੜ ਰੁਪਏ ਇਕੱਠੇ ਕਰ ਕੇ ਦੇਣ ਦਾ ਐਲਾਨ ਕੀਤਾ ਗਿਆ ਹੈ। ਮੁਲਾਜ਼ਮਾਂ ਨੇ ਇੱਕ ਕਰੋੜ ਰੁਪਏ ਦਾ ਚੈੱਕ ਅੱਜ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਸੌਂਪਿਆ ਹੈ। ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਹੜ੍ਹ ਪੀੜਤ ਲੋਕਾਂ ਦੇ ਮੁੜ ਵਸੇਬੇ ਲਈ ਵੀ ਕਾਰਜ ਕਰੇਗੀ।



ਪੱਤਰਕਾਰ ਸੰਮੇਲਨ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਦੱਸਿਆ ਕਿ ਕਮੇਟੀ ਵੱਲੋਂ ਹੜ੍ਹ ਰਾਹਤ ਫੰਡ ਸ਼ੁਰੂ ਕੀਤਾ ਗਿਆ ਹੈ ਤਾਂ ਜੋ ਪੰਜਾਬ ਦੇ ਹੜ੍ਹ ਪੀੜਤ ਲੋਕਾਂ ਨੂੰ ਵੱਧ ਤੋਂ ਵੱਧ ਰਾਹਤ ਪਹੁੰਚਾਈ ਜਾ ਸਕੇ। ਇਸ ਲਈ ਉਨ੍ਹਾਂ ਦੋ ਬੈਂਕ ਖਾਤਿਆਂ ਦੇ ਨੰਬਰ ਵੀ ਜਾਰੀ ਕੀਤੇ ਹਨ। ਕਰਮਚਾਰੀਆਂ ਵੱਲੋਂ ਇੱਕ ਕਰੋੜ ਰੁਪਏ ਦਾ ਚੈਕ ਦੇਣ 'ਤੇ ਉਨ੍ਹਾਂ ਕਿਹਾ ਕਿ ਇਕੱਤਰ ਹੋਈ ਰਾਸ਼ੀ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਵਰਤੀ ਜਾਵੇਗੀ। ਹੜ੍ਹਾਂ ਦੀ ਇਸ ਕਰੋਪੀ ਲਈ ਉਨ੍ਹਾਂ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਜੇ ਡੈਮਾਂ ਤੋਂ ਸਮੇਂ ਸਿਰ ਪਾਣੀ ਛੱਡਿਆ ਜਾਂਦਾ ਤਾਂ ਅੱਜ ਇਹ ਹਾਲਾਤ ਨਾ ਬਣਦੇ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਨੂੰ ਤੁਰੰਤ ਰਾਹਤ ਦੇਣ ਦੀ ਬਜਾਏ ਕੇਵਲ ਸੋਸ਼ਲ ਮੀਡੀਆ 'ਤੇ ਹੀ ਦਿਖਾਵਾ ਕਰ ਰਹੀ ਹੈ।

## ਨਸ਼ੇੜੀਆਂ ਦੀ ਕਰਤੂਤ: ਹਬੀਬ ਕੇ ਬੰਨ੍ਹ ਦੇ ਲੋਹੇ ਦੇ ਜਾਲ ਕੱਟੇ, ਤਬਾਹੀ ਦਾ ਖ਼ਤਰਾ

### ਚਿੱਟੇ ਨੇ ਪੰਜਾਬ ਨੂੰ ਡੋਬਣ ਦੀ ਕੀਤੀ ਸਾਜਿਸ਼, ਪਿੰਡ ਵਾਸੀਆਂ ਨੇ ਬਚਾਇਆ

ਫਿਰੋਜ਼ਪੁਰ/ਏ.ਟੀ.ਨਿਊਜ਼: ਪੰਜਾਬ ਵਿੱਚ ਚਿੱਟੇ ਦੇ ਨਸ਼ੇ ਨੇ ਹੁਣ ਨਾ ਸਿਰਫ਼ ਨੌਜਵਾਨਾਂ ਨੂੰ ਉਡਾਇਆ ਹੈ, ਸਗੋਂ ਪੂਰੇ ਰਾਜ ਨੂੰ ਡੁੱਬਣ ਅਤੇ ਰੁੜ੍ਹਨ ਦੇ ਕੰਢੇ ਖੜ੍ਹਾ ਕਰ ਦਿੱਤਾ ਹੈ। 'ਉਡਦਾ ਪੰਜਾਬ' ਵਾਲੀ ਗੱਲ ਹੁਣ ਇਤਿਹਾਸ ਬਣ ਗਈ ਹੈ ਅਤੇ ਇਸ ਵਾਰ ਦੇ ਹੜ੍ਹਾਂ ਵਿੱਚ ਨਸ਼ੇੜੀਆਂ ਨੇ ਹਿੰਦ-ਪਾਕ ਸਰਹੱਦੀ ਬੰਨ੍ਹ ਹਬੀਬ ਕੇ ਨੂੰ ਨਿਸ਼ਾਨਾ ਬਣਾਇਆ। ਨਸ਼ੇ ਦੀ ਪੂਰਤੀ ਲਈ ਉਹਨਾਂ ਨੇ ਬੰਨ੍ਹ ਦੀਆਂ ਨੋਚਾਂ ਅਤੇ ਸੇਫਟੀ ਵਾਲਾਂ ਵਿੱਚ



ਵਰਤੇ ਲੋਹੇ ਦੇ ਜਾਲ ਕੱਟ ਕੇ ਕਬਾੜੀਆਂ ਨੂੰ ਵੇਚ ਦਿੱਤੇ। ਨਤੀਜਾ ਇਹ ਹੋਇਆ ਕਿ ਤੇਜ਼ ਰਫ਼ਤਾਰ ਵਾਲੇ ਦਰਿਆ(ਬਾਕੀ ਸਫ਼ਾ 27 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਹਾਕੀ: ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰ ਨਾ ਜਾਣ

ਏਸ਼ੀਆ ਹਾਕੀ ਕੱਪ ਜਿੱਤਣ ਤੋਂ ਬਾਅਦ ਭਾਰਤ ਹਾਕੀ ਟੀਮ ਨੇ 'ਵਿਸ਼ਵ ਕੱਪ' ਲਈ ਕੁਆਲੀਫਾਈ ਕਰ ਲਿਆ ਹੈ। ਏਸ਼ੀਆ ਕੱਪ ਦੀ ਟਰਾਫ਼ੀ ਹੱਥ ਵਿੱਚ ਫੜ ਕੇ ਭਾਰਤੀ ਖਿਡਾਰੀ ਹੁਣੇ ਤੋਂ ਹੀ 'ਵਿਸ਼ਵ ਕੱਪ ਜੇਤੂ' ਬਣਨ ਦਾ ਸੁਪਨਾ ਵੇਖਣ ਲੱਗ ਪਏ ਹਨ। ਵਿਸ਼ਵ ਹਾਕੀ ਕੱਪ ਅਗਲੇ ਸਾਲ 14 ਤੋਂ 30 ਅਗਸਤ ਤੱਕ ਬੈਲਜੀਅਮ ਅਤੇ ਨੀਦਰਲੈਂਡ ਵਿੱਚ ਹੋਣਾ ਹੈ। ਭਾਰਤ ਨੇ ਹੁਣ ਤੱਕ ਸਿਰਫ਼ ਇੱਕ ਵਾਰ 1975 ਵਿੱਚ ਕੁਆਲਾਲੰਪੁਰ ਵਿੱਚ ਵਿਸ਼ਵ ਕੱਪ ਜਿੱਤਿਆ ਹੈ। ਜੇ ਏਸ਼ੀਆ ਹਾਕੀ ਕੱਪ ਦੀ ਗੱਲ ਕੀਤੀ ਜਾਵੇ ਤਾਂ ਭਾਰਤ ਨੇ ਇਸ ਤੋਂ ਪਹਿਲਾਂ 2003, 2007 ਅਤੇ 2017 ਵਿੱਚ ਏਸ਼ੀਆ ਕੱਪ ਜਿੱਤਿਆ ਸੀ। ਦੱਖਣੀ ਕੋਰੀਆ ਨੇ 1994, 1999, 2009, 2013 ਅਤੇ 2022 ਵਿੱਚ ਏਸ਼ੀਆ ਕੱਪ ਜਿੱਤਿਆ ਹੈ।

ਭਾਰਤੀ ਹਾਕੀ ਦਾ ਇਤਿਹਾਸ ਸੁਨਿਹਰੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਭਾਰਤੀ ਹਾਕੀ ਪੂਰੇ 28 ਸਾਲ ਲਗਾਤਾਰ ਉਲੰਪਿਕ ਖੇਡਾਂ ਵਿੱਚ ਸੋਨੇ ਦੇ ਤਗਮੇ ਜਿੱਤ ਕੇ ਆਪਣਾ ਸੁਨਿਹਰੀ ਇਤਿਹਾਸ ਸਿਰਜਦੀ ਰਹੀ। ਭਾਰਤੀ ਹਾਕੀ ਨੂੰ ਇਹ ਮਾਣ ਜਾਂਦਾ ਹੈ ਕਿ ਉਲੰਪਿਕ ਖੇਡਾਂ ਵਿੱਚ ਸਭ ਤੋਂ ਪਹਿਲਾ ਸੋਨੇ ਦਾ ਤਗਮਾ ਵੀ ਹਾਕੀ ਦੀ ਖੇਡ ਵਿੱਚ ਹੀ ਭਾਰਤ ਨੂੰ ਮਿਲਿਆ। ਇਸ ਤੋਂ ਇਲਾਵਾ ਹਾਕੀ ਵਿੱਚ ਹੀ ਭਾਰਤ ਉਲੰਪਿਕ ਖੇਡਾਂ ਵਿੱਚ ਅੱਠ ਵਾਰ ਸੋਨੇ ਦੇ ਤਗਮੇ, ਇੱਕ ਵਾਰ ਚਾਂਦੀ ਤੇ ਦੋ ਵਾਰ ਕਾਂਸੇ ਦਾ ਤਗਮਾ ਵੀ ਜਿੱਤ ਚੁੱਕਿਆ ਹੈ।

ਉਲੰਪਿਕ ਖੇਡਾਂ ਵਿੱਚ ਪਹਿਲੀ ਵਾਰ ਹਾਕੀ ਨੂੰ ਸੰਨ 1908 ਵਿੱਚ ਸ਼ਾਮਲ ਕੀਤਾ ਗਿਆ। ਇਹ ਖੇਡਾਂ ਲੰਡਨ ਵਿਖੇ ਹੋਈਆਂ ਸਨ ਤੇ ਇਹਨਾਂ ਉਲੰਪਿਕ ਖੇਡਾਂ ਵਿੱਚ ਹਾਕੀ ਦਾ ਗੋਲਡ ਮੈਡਲ ਇੰਗਲੈਂਡ ਨੇ ਜਿੱਤਿਆ ਸੀ। ਇਸ ਤੋਂ ਬਾਅਦ 1920 ਦੀਆਂ ਉਲੰਪਿਕ ਖੇਡਾਂ ਵਿੱਚ ਇੱਕ ਵਾਰ ਫੇਰ ਹਾਕੀ ਨੂੰ ਸ਼ਾਮਲ ਕੀਤਾ ਗਿਆ, ਇਹ ਉਲੰਪਿਕ ਖੇਡਾਂ ਐਂਟਵਰਪ ਵਿਖੇ ਹੋਈਆਂ ਸਨ ਅਤੇ ਇਹਨਾਂ ਖੇਡਾਂ ਵਿੱਚ ਇਕ ਵਾਰ ਫਿਰ ਇੰਗਲੈਂਡ ਨੇ ਹੀ ਗੋਲਡ ਮੈਡਲ ਜਿੱਤਿਆ। ਜਦੋਂ ਉਲੰਪਿਕ ਖੇਡਾਂ 1928 ਵਿੱਚ ਨੀਦਰਲੈਂਡ ਦੇ ਸ਼ਹਿਰ ਐਮਸਟਰਡਮ ਵਿਖੇ ਹੋਈਆਂ ਤਾਂ ਹਾਕੀ ਨੂੰ ਪੱਕੇ ਤੌਰ ਉਪਰ ਹੀ ਉਲੰਪਿਕ ਖੇਡਾਂ ਦਾ ਹਿਸਾ ਬਣਾ ਲਿਆ ਗਿਆ। ਅਗਲੀਆਂ ਉਲੰਪਿਕ ਖੇਡਾਂ ਸਾਲ 2028 ਵਿੱਚ ਹੋਣੀਆਂ ਹਨ, ਪਰ ਉਸ ਤੋਂ ਪਹਿਲਾਂ ਅਗਲੇ ਸਾਲ 'ਵਿਸ਼ਵ ਹਾਕੀ ਕੱਪ' ਹੋਣਾ ਹੈ, ਜਿਸ ਲਈ ਭਾਰਤੀ ਟੀਮ ਨੇ ਕੁਆਲੀਫਾਈ ਕਰਕੇ ਆਪਣੀ ਸ਼ਕਤੀ ਦਾ ਪ੍ਰਗਟਾਵਾ ਕੀਤਾ ਹੈ। ਏਸ਼ੀਆ ਕੱਪ ਜਿੱਤਣ ਤੋਂ ਬਾਅਦ ਭਾਰਤੀ ਹਾਕੀ ਟੀਮ ਦੀਆਂ ਗੱਲਾਂ ਪੂਰੇ ਵਿਸ਼ਵ ਵਿੱਚ ਹੋਣ ਲੱਗੀਆਂ ਹਨ ਅਤੇ ਭਾਰਤੀ ਹਾਕੀ ਟੀਮ ਨੇ ਪੂਰੇ ਵਿਸ਼ਵ ਦੇ ਖੇਡ ਪ੍ਰੇਮੀਆ ਦਾ ਧਿਆਨ ਖਿੱਚਿਆ ਹੈ। ਇਸ ਸਮੇਂ ਭਾਰਤੀ ਹਾਕੀ ਟੀਮ ਵਿੱਚ 10 ਖਿਡਾਰੀ ਪੰਜਾਬ ਦੇ ਹਨ, ਜਿਸ ਕਰਕੇ ਭਾਰਤੀ ਹਾਕੀ ਟੀਮ ਦੀਆਂ ਪ੍ਰਾਪਤੀਆਂ ਵਿੱਚ ਪੰਜਾਬ ਦਾ ਵੱਡਾ ਯੋਗਦਾਨ ਮੰਨਿਆ ਜਾ ਸਕਦਾ ਹੈ।

ਇੱਕ ਸਮਾਂ ਅਜਿਹਾ ਵੀ ਸੀ, ਜਦੋਂ ਪੂਰੇ ਵਿਸ਼ਵ ਦੀ ਹਾਕੀ ਵਿੱਚ ਭਾਰਤ ਦੀ ਸ਼ਾਨ ਅਤੇ ਸਰਦਾਰੀ ਹੁੰਦੀ ਸੀ। ਹਾਕੀ ਖਿਡਾਰੀ ਬਲਬੀਰ ਸਿੰਘ (ਸਾਰੇ), ਊਧਮ ਸਿੰਘ, ਸੁਰਜੀਤ ਸਿੰਘ ਦੀਆਂ ਵਾਰਾਂ ਮੇਲਿਆਂ ਵਿੱਚ ਢਾਡੀ ਅਤੇ ਕਵੀਸ਼ਰ ਗਾਇਆ ਕਰਦੇ ਸਨ ਪਰ ਕਈ ਸਾਲ ਪਹਿਲਾਂ ਭਾਰਤੀ ਹਾਕੀ ਟੀਮ ਦਾ ਕਾਰਗੁਜ਼ਾਰੀ ਕਾਫ਼ੀ ਢਿੱਲੀ ਰਹਿਣ ਲੱਗ ਪਈ ਸੀ, ਜਿਸ ਕਾਰਨ ਟੀਮ ਦੀ ਚੋਣ 'ਤੇ ਵੀ ਸਵਾਲ ਉੱਠਣ ਲੱਗ ਪਏ ਸਨ ਅਤੇ ਸਾਰੇ ਵਿਸ਼ਵ ਨੂੰ ਹਾਕੀ ਸਿਖਾਉਣ ਵਾਲਾ ਭਾਰਤ ਹਾਕੀ ਵਿੱਚ ਫਾਡੀ ਰਹਿਣ ਲੱਗ ਪਿਆ ਸੀ।

ਸਮਾਂ ਬਦਲਿਆ ਅਤੇ ਭਾਰਤੀ ਹਾਕੀ ਵਿੱਚ ਮੁੜ ਜਾਨ ਪੈ ਗਈ। ਪਿਛਲੀਆਂ ਦੋ ਉਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਲਗਾਤਾਰ ਕਾਂਸੇ ਦੇ ਤਗਮੇ ਜਿੱਤਦੀ ਆ ਰਹੀ ਹੈ ਅਤੇ ਸਾਲ 2028 ਦੀਆਂ ਉਲੰਪਿਕ ਖੇਡਾਂ ਵਿੱਚ ਤਗਮੇ ਦਾ ਰੰਗ ਬਦਲਣ ਲਈ ਭਾਰਤੀ ਹਾਕੀ ਟੀਮ ਹੁਣੇ ਤੋਂ ਤਿਆਰੀ ਕਰ ਰਹੀ ਹੈ। ਇਸ ਤੋਂ ਪਹਿਲਾਂ ਅਗਲੇ ਸਾਲ ਹੋਣ ਵਾਲੇ ਵਿਸ਼ਵ ਹਾਕੀ ਕੱਪ ਲਈ ਭਾਰਤੀ ਹਾਕੀ ਟੀਮ ਪੂਰੀ ਤਰ੍ਹਾਂ ਤਿਆਰ ਹੈ। ਏਸ਼ੀਆ ਕੱਪ ਜਿੱਤਣ ਤੋਂ ਬਾਅਦ ਭਾਰਤੀ ਹਾਕੀ ਟੀਮ ਵੱਲੋਂ ਵਿਸ਼ਵ ਹਾਕੀ ਕੱਪ ਜਿੱਤਣ ਦੀ ਉਮੀਦ ਵੀ ਬਣ ਗਈ ਹੈ।

ਜੇ ਹੁਣ ਭਾਰਤੀ ਹਾਕੀ ਟੀਮ ਦੀਆਂ ਕਮਜ਼ੋਰੀਆਂ ਦੀ ਗੱਲ ਨਾ ਕੀਤੀ ਗਈ ਤਾਂ ਗੱਲ ਅਧੂਰੀ ਰਹੇਗੀ ਭਾਵੇਂ ਕਿ ਭਾਰਤੀ ਹਾਕੀ ਟੀਮ ਅਹਿਮ ਜਿੱਤਾਂ ਪ੍ਰਾਪਤ ਕਰ ਰਹੀ ਹੈ, ਪਰ ਅਜੇ ਵੀ ਇਸ ਟੀਮ ਵਿੱਚ ਕੁਝ ਕਮਜ਼ੋਰੀਆਂ ਹਨ, ਜਿਨ੍ਹਾਂ ਨੂੰ ਦੂਰ ਵੀ ਕੀਤਾ ਜਾ ਸਕਦਾ ਹੈ। ਏਸ਼ੀਆ ਕੱਪ ਦੌਰਾਨ ਕਈ ਮੈਚਾਂ ਵਿੱਚ ਭਾਰਤੀ ਹਾਕੀ ਟੀਮ ਦੇ ਖਿਡਾਰੀਆਂ ਵਿੱਚ ਆਪਸੀ ਤਾਲਮੇਲ ਦੀ ਘਾਟ ਵੀ ਦਿਖਾਈ ਦਿੱਤੀ ਅਤੇ ਮੌਕਿਆਂ ਨੂੰ ਗੋਲ ਵਿੱਚ ਬਦਲਣ ਦੀ ਸੂਝ-ਬੂਝ ਅਤੇ ਯੋਗਤਾ ਵੀ ਘੱਟ ਦਿਖਾਈ ਦਿੱਤੀ। ਏਸ਼ੀਆ ਕੱਪ ਦੌਰਾਨ ਭਾਰਤ ਨੇ ਭਾਵੇਂ ਚੀਨ ਅਤੇ ਜਪਾਨ 'ਤੇ ਵੀ ਜਿੱਤਾਂ ਪ੍ਰਾਪਤ ਕੀਤੀਆਂ ਪਰ ਇਹ ਜਿੱਤਾਂ ਏਨੀਆਂ ਸੰਘਰਸ਼ਪੂਰਨ ਸਨ ਕਿ ਭਾਰਤੀ ਟੀਮ ਲੈਅ ਨਹੀਂ ਸੀ ਫੜ ਸਕੀ। ਇਸ ਤੋਂ ਇਲਾਵਾ ਭਾਰਤੀ ਹਾਕੀ ਟੀਮ ਮੈਚ ਦੌਰਾਨ ਮਿਲਦੇ ਸਾਰੇ ਪੈਨਲਟੀ ਕੋਰਨਰਾਂ ਨੂੰ ਗੋਲ ਵਿੱਚ ਬਦਲਣ ਦੇ ਮੌਕੇ ਵੀ ਅਕਸਰ ਖੁੰਝਾਅ ਦਿੰਦੀ ਹੈ, ਜੋ ਕਿ ਉਸ ਦੀ ਵੱਡੀ ਕਮਜੋਰੀ ਹੈ। ਭਾਰਤੀ ਹਾਕੀ ਟੀਮ ਦੇ ਕੋਚ ਕ੍ਰੇਗ ਫੁਲਟੋਨ ਹੁਣ ਭਾਰਤੀ ਹਾਕੀ ਟੀਮ ਦੀਆਂ ਇਹਨਾਂ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਯਤਨ ਕਰ ਰਹੇ ਹਨ।

ਏਸ਼ੀਆ ਕੱਪ ਜਿੱਤ ਕੇ ਭਾਰਤੀ ਹਾਕੀ ਟੀਮ ਨੇ ਭਾਰਤੀਆਂ ਦੇ ਦਿਲ ਜਿੱਤ ਲਏ ਹਨ। ਬਿਹਾਰ ਦੇ ਰਾਜਗੀਰ ਵਿਖੇ ਕਰਵਾਇਆ ਗਿਆ ਏਸ਼ੀਆ ਹਾਕੀ ਕੱਪ ਨਵੀਂ ਪੀੜ੍ਹੀ ਨੂੰ ਹਾਕੀ ਦੀ ਜਾਗ ਲਗਾਉਣ ਵਿੱਚ ਵੀ ਕਾਮਯਾਬ ਰਿਹਾ ਹੈ। ਭਾਰਤੀ ਹਾਕੀ ਟੀਮ ਤੋਂ ਭਾਰਤੀਆਂ ਨੂੰ ਬਹੁਤ ਉਮੀਦਾਂ ਹਨ। ਭਾਰਤੀ ਹਾਕੀ ਟੀਮ ਨੂੰ ਭਾਰਤੀਆਂ ਦੀਆਂ ਉਮੀਦਾਂ 'ਤੇ ਖਰ੍ਹਾ ਉਤਰਣ ਅਤੇ ਆਪਣੀ ਜੇਤੂ ਲੈਅ ਬਰਕਰਾਰ ਰੱਖਣ ਲਈ ਸਖ਼ਤ ਮਿਹਨਤ ਕਰਨੀ ਪਵੇਗੀ ਤਾਂ ਕਿ ਫ਼ੌਜਾਂ ਜਿੱਤ ਕੇ ਅੰਤ ਨੂੰ ਭਾਵ ਵਿਸ਼ਵ ਹਾਕੀ ਕੱਪ 'ਚ ਹਾਰ ਨਾ ਜਾਣ।

# ਪੰਜਾਬ ਨੂੰ ਹੜ੍ਹਾਂ ਤੋਂ ਬਚਾਉਣ ਲਈ ਪੁਖਤਾ ਯੋਜਨਾ ਜ਼ਰੂਰੀ

## ਹੜ੍ਹਾਂ ਪਿੱਛੇ ਮਨੁੱਖੀ ਗਤੀਵਿਧੀਆਂ ਅਤੇ ਮਨੁੱਖਾਂ ਦੀ ਕੁਦਰਤ ਨਾਲ ਹੱਦੋਂ ਵੱਧ ਛੇੜਛਾੜ ਹੈ ਜ਼ਿੰਮੇਵਾਰ

**ਡਾ. ਗੁਰਿੰਦਰ ਕੌਰ**



ਪੰਜਾਬ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ। ਪਹਾੜੀ ਰਾਜਾਂ ਵਿੱਚ ਭਾਰੀ ਮੀਂਹ ਪੈਣ ਕਾਰਨ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਵਿੱਚ ਜ਼ਿਆਦਾ ਪਾਣੀ ਆਉਣ ਨਾਲ ਪੰਜਾਬ ਦੇ ਅੱਠ ਜ਼ਿਲ੍ਹੇ ਤਰਨ ਤਾਰਨ, ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ, ਹੁਸ਼ਿਆਰਪੁਰ, ਫ਼ਾਜ਼ਿਲਕਾ ਤੇ ਫ਼ਿਰੋਜ਼ਪੁਰ ਹੜ੍ਹਾਂ ਨਾਲ ਜ਼ਿਆਦਾ ਪ੍ਰਭਾਵਿਤ ਹੋਏ ਹਨ ਅਤੇ ਘੱਗਰ ਦਰਿਆ ਵਿੱਚ ਪਾਣੀ ਦਾ ਪੱਧਰ ਇੱਕਦਮ ਵਧਣ ਮਗਰੋਂ ਮੋਹਾਲੀ, ਪਟਿਆਲਾ ਅਤੇ ਸੰਗਰੂਰ ਜ਼ਿਲ੍ਹਿਆਂ ਵਿੱਚ ਚਿਤਾਵਨੀ ਜਾਰੀ ਕੀਤੀ ਗਈ ਹੈ।

ਪਠਾਨਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਹੜ੍ਹਾਂ ਨਾਲ ਹਾਲਤ ਇੰਨੀ ਵਿਗੜ ਚੁੱਕੀ ਹੈ ਕਿ ਇਨ੍ਹਾਂ ਜ਼ਿਲ੍ਹਿਆਂ ਵਿੱਚੋਂ ਦਰਜਨਾਂ ਵਿਅਕਤੀਆਂ ਨੂੰ ਸੁਰੱਖਿਅਤ ਥਾਵਾਂ ਉੱਤੇ ਪਹੁੰਚਾਇਆ ਗਿਆ ਹੈ। ਰਾਵੀ ਅਤੇ ਬਿਆਸ ਦਰਿਆਵਾਂ ਉੱਤੇ ਬਣੇ ਲਗਭਗ ਅੱਧੀ ਦਰਜਨ ਪੱਕੇ ਅਤੇ ਆਰਜ਼ੀ ਬੰਨ੍ਹ ਪਾਣੀ ਦੇ ਤੇਜ਼ ਵਹਾਅ ਦੀ ਮਾਰ ਝੱਲਣ ਤੋਂ ਅਸਮਰੱਥ ਹੋ ਕੇ ਪਾਣੀ ਵਿੱਚ ਰੁੜ੍ਹ ਗਏ ਹਨ। ਲੱਖਾਂ ਏਕੜ ਫ਼ਸਲ ਨੁਕਸਾਨੀ ਗਈ ਹੈ। ਹੜ੍ਹਾਂ ਦੀ ਮਾਰ ਹੋਰ ਵੀ ਭਿਆਨਕ ਹੋ ਸਕਦੀ ਹੈ ਕਿਉਂਕਿ ਅਜੇ ਵੀ ਡੈਮਾਂ ਵਿੱਚੋਂ ਪਾਣੀ ਛੱਡਣਾ ਜਾਰੀ ਹੈ।

ਪੰਜਾਬ ਦਰਿਆਵਾਂ ਦੀ ਧਰਤੀ ਹੈ। ਦਰਿਆਵਾਂ ਵਾਲੇ ਖੇਤਰਾਂ ਵਿੱਚ ਹੜ੍ਹ ਆਉਣਾ ਕੁਦਰਤੀ ਵਰਤਾਰਾ ਹੈ। ਪੰਜਾਬ ਵਿੱਚ ਹੜ੍ਹ ਆਉਣੇ ਨਾ ਤਾਂ ਕੋਈ ਨਵੀਂ ਗੱਲ ਹੈ ਤੇ ਨਾ ਹੀ ਕੋਈ ਅਨੋਖੀ ਘਟਨਾ ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਨਾ ਤਾਂ ਇਸ ਸਾਲ ਵਾਲੇ ਹੜ੍ਹ ਅਤੇ ਨਾ ਹੀ 2023 ਵਾਲੇ ਹੜ੍ਹ ਕੁਦਰਤੀ ਵਰਤਾਰੇ ਕਰ ਕੇ ਆਏ; ਇਨ੍ਹਾਂ ਹੜ੍ਹਾਂ ਪਿੱਛੇ ਮਨੁੱਖੀ ਗਤੀਵਿਧੀਆਂ ਅਤੇ ਮਨੁੱਖਾਂ ਦੀ ਕੁਦਰਤ ਨਾਲ ਹੱਦੋਂ ਵੱਧ ਛੇੜਛਾੜ ਹੈ। 2023 ਵਿੱਚ ਜਦੋਂ ਪੰਜਾਬ ਭਾਰੀ ਹੜ੍ਹਾਂ ਦੀ ਲਪੇਟ ਵਿੱਚ ਆਇਆ ਸੀ, ਉਦੋਂ 18 ਜ਼ਿਲ੍ਹਿਆਂ ਦੇ 1400 ਪਿੰਡਾਂ ਵਿੱਚ ਭਾਰੀ ਤਬਾਹੀ ਹੋਈ ਸੀ। ਇਸ ਸਾਲ ਵਾਂਗ 2023 ਵਿੱਚ ਵੀ ਪੰਜਾਬ ਵਿੱਚ ਹੜ੍ਹ ਭਾਰੀ ਮੀਂਹ ਪੈਣ ਕਰ ਕੇ ਨਹੀਂ ਸਗੋਂ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਪੈਣ ਅਤੇ ਡੈਮਾਂ ਤੋਂ ਜ਼ਿਆਦਾ ਪਾਣੀ ਛੱਡਣ ਕਰ ਕੇ ਆਏ ਸਨ। ਪੰਜਾਬ ਵਿੱਚ ਆਏ ਹੜ੍ਹ ਕੋਈ ਕੁਦਰਤੀ ਵਰਤਾਰਾ ਜਾਂ ਆਫ਼ਤ ਨਹੀਂ, ਇਹ ਮਨੁੱਖ ਦੀ ਆਪ ਸਹੇੜੀ ਤ੍ਰਾਸਦੀ ਹੈ।

ਪੰਜਾਬ ਵਿੱਚ ਅਜਿਹੇ ਅਚਨਚੇਤੀ ਹੜ੍ਹ ਆਉਣ ਦਾ ਮੁੱਖ ਕਾਰਨ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਵਿੱਚ ਹੋ ਰਿਹਾ ਗ਼ੈਰ-ਯੋਜਨਾਬੱਧ ਆਰਥਿਕ ਵਿਕਾਸ ਹੈ। ਇਸ ਆਰਥਿਕ ਵਿਕਾਸ ਲਈ ਪਹਾੜੀ ਅਤੇ ਮੈਦਾਨੀ ਖੇਤਰਾਂ ਵਿੱਚ ਦਰੱਖ਼ਤਾਂ ਦੀ ਅੰਧਾਧੁੰਦ ਕਟਾਈ, ਦਰਿਆਵਾਂ ਉੱਤੇ ਵੱਡੇ-ਵੱਡੇ ਡੈਮ ਬਣਾਉਣੇ, ਦਰਿਆਵਾਂ, ਨਦੀਆਂ, ਬਰਸਾਤੀ ਨਾਲਿਆਂ ਦੇ ਵਹਾਅ ਖੇਤਰਾਂ, ਚੋਅ ਖੇਤਰਾਂ, ਟੋਬਿਆਂ, ਬਾਉੜੀਆਂ ਆਦਿ ਦੀਆਂ ਖਾਲੀ ਪਈਆਂ ਥਾਵਾਂ ਉੱਤੇ ਉਸਾਰੀਆਂ ਅਤੇ ਪਾਣੀ ਦੇ ਸਰੋਤਾਂ ਦੀ ਸਾਂਭ-ਸੰਭਾਲ ਪ੍ਰਤੀ ਅਣਗਹਿਲੀ ਸ਼ਾਮਿਲ ਹਨ।

ਗ਼ੈਰ-ਯੋਜਨਾਬੱਧ ਵਿਕਾਸ ਦੀ ਗੱਲ ਦਰਿਆਵਾਂ ਉੱਤੇ ਬਣੇ ਡੈਮਾਂ ਤੋਂ ਹੀ ਸ਼ੁਰੂ ਕਰਦੇ ਹਾਂ। ਅਣਵੰਡੇ ਪੰਜਾਬ ਵਿੱਚ ਪੰਜ ਦਰਿਆ ਹੁੰਦੇ ਸਨ ਪਰ ਹੁਣ ਪੰਜਾਬ ਵਿੱਚੋਂ ਸਿਰਫ਼ ਢਾਈ ਦਰਿਆ ਸਤਲੁਜ, ਬਿਆਸ ਅਤੇ ਰਾਵੀ ਲੰਘਦੇ ਹਨ। ਤਿੰਨਾਂ ਦਰਿਆਵਾਂ ਉੱਤੇ ਕ੍ਰਮਵਾਰ ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਡੈਮ ਬਣੇ ਹੋਏ ਹਨ। ਆਮ ਤੌਰ ਉੱਤੇ ਦਰਿਆਵਾਂ ਦਾ ਬਹੁਤਾ ਪਾਣੀ ਇਨ੍ਹਾਂ ਡੈਮਾਂ ਵਿੱਚ ਇਕੱਠਾ ਕਰ ਲਿਆ ਜਾਂਦਾ ਹੈ ਜਿਸ ਤੋਂ ਪਹਿਲਾਂ ਪਣ-ਬਿਜਲੀ ਪੈਦਾ ਕੀਤੀ ਜਾਂਦੀ ਹੈ ਅਤੇ ਬਾਅਦ ਵਿੱਚ ਪਾਣੀ ਨਹਿਰਾਂ ਵਿੱਚ ਛੱਡ ਕੇ ਫ਼ਸਲਾਂ ਦੀ ਸਿੰਜਾਈ, ਪੀਣ ਵਾਲੇ ਪਾਣੀ, ਉਦਯੋਗਿਕ ਇਕਾਈਆਂ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਲੋੜਾਂ ਆਦਿ ਪੂਰੀਆਂ ਕਰਨ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਡੈਮਾਂ ਦੀਆਂ ਮੈਨਜਮੈਂਟਾਂ ਆਮ ਦਿਨਾਂ ਵਿੱਚ ਦਰਿਆਵਾਂ ਦੇ ਪਾਣੀ ਨੂੰ ਡੈਮਾਂ ਦੀਆਂ ਸਮਰੱਥਾ ਅਨੁਸਾਰ ਇਕੱਠਾ ਕਰਦੀਆਂ ਰਹਿੰਦੀਆਂ ਹਨ ਅਤੇ ਬਾਕੀ ਦਾ ਪਾਣੀ ਦਰਿਆਵਾਂ ਵਿੱਚ ਛੱਡ ਦਿੰਦੀਆਂ ਹਨ। ਬਰਸਾਤ ਦੇ ਦਿਨਾਂ ਵਿੱਚ ਜਦੋਂ ਪਾਣੀ ਡੈਮਾਂ ਦੀ ਸਮਰੱਥਾ ਤੋਂ ਵਧ ਜਾਂਦਾ ਹੈ ਤਾਂ ਡੈਮ ਬਚਾਉਣ ਲਈ ਬਾਕੀ ਦਾ ਪਾਣੀ ਸਿੱਧਾ ਹੀ ਦਰਿਆਵਾਂ ਵਿੱਚ ਛੱਡ ਦਿੱਤਾ ਜਾਂਦਾ ਹੈ ਜਿਸ ਕਾਰਨ ਮੈਦਾਨੀ ਖੇਤਰਾਂ ਵਿੱਚ ਹੜ੍ਹ ਆ ਜਾਂਦਾ ਹੈ।

ਸਤਲੁਜ ਉੱਤੇ ਬਣਿਆ ਭਾਖੜਾ ਡੈਮ ਦੁਨੀਆ ਦਾ ਦੂਜਾ ਸਭ ਤੋਂ ਉੱਚਾ ਡੈਮ ਹੈ। ਇਸ ਡੈਮ ਵਿੱਚ ਸਤਲੁਜ ਦਰਿਆ ਦਾ ਬਹੁਤ ਜ਼ਿਆਦਾ ਪਾਣੀ ਇਕੱਠਾ ਕਰ ਲਿਆ ਜਾਂਦਾ ਹੈ। ਨਤੀਜੇ ਵਜੋਂ ਸਾਲ ਦਾ ਬਹੁਤਾ ਸਮਾਂ ਇਹ ਦਰਿਆ ਨਾ-ਮਾਤਰ ਪਾਣੀ ਨਾਲ ਵਗਦਾ ਹੈ ਅਤੇ ਦਰਿਆ ਦਾ ਵਹਾਅ ਖੇਤਰ ਖਾਲੀ ਪਿਆ ਰਹਿੰਦਾ ਹੈ। ਖਾਲੀ ਪਏ ਵਹਾਅ ਖੇਤਰ ਉੱਤੇ ਕਬਜ਼ੇ ਕਰ ਕੇ ਲੋਕਾਂ ਨੇ ਕੁਝ ਥਾਵਾਂ ਉੱਤੇ ਖੇਤੀਬਾੜੀ ਦਾ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ ਕੁਝ ਥਾਵਾਂ ਉੱਤੇ ਘਰ, ਝੌਂਪੜੀਆਂ ਆਦਿ ਬਣਾ ਲਏ ਹਨ। ਬਰਸਾਤ ਦੇ ਦਿਨਾਂ ਵਿੱਚ ਭਾਰੀ ਮੀਂਹ ਪੈਣ ਤੋਂ ਬਾਅਦ ਜਦੋਂ ਡੈਮ ਵਿੱਚ ਪਾਣੀ ਉਸ ਦੀ ਸਮਰੱਥਾ ਤੋਂ ਵਧ ਜਾਂਦਾ ਹੈ ਤਾਂ ਡੈਮ ਮੈਨੇਜਮੈਂਟ ਡੈਮ ਦੇ ਫਲੱਡਗੇਟ ਖੋਲ੍ਹ ਦਿੰਦੀ ਹੈ; ਨਤੀਜੇ ਵਜੋਂ ਦਰਿਆ ਦੇ ਵਹਾਅ ਖੇਤਰ ਵਿੱਚ ਬਣੇ ਘਰ, ਝੌਂਪੜੀਆਂ, ਖੇਤਾਂ ਵਿੱਚ ਫ਼ਸਲਾਂ ਸਭ ਹੜ੍ਹ ਦੀ ਮਾਰ ਵਿਚ ਆ ਜਾਂਦੇ ਹਨ। ਵਹਾਅ ਖੇਤਰ ਉੱਤੇ ਹੋਏ ਅਜਿਹੇ ਕਬਜ਼ੇ ਪਾਣੀ ਦੇ ਵਹਾਅ ਵਿੱਚ ਵੀ ਰੁਕਾਵਟ ਪਾਉਂਦੇਹਨ ਜਿਸ ਕਾਰਨ ਪਾਣੀ ਦਾ ਪੱਧਰ ਉੱਚਾ ਹੋ ਕੇ ਦਰਿਆ ਦੇ ਕਿਨਾਰੇ ਵੱਸੇ ਪਿੰਡਾਂ, ਸ਼ਹਿਰਾਂ ਵਿੱਚ ਜਾ ਵੜਦਾ ਹੈ ਅਤੇ ਭਾਰੀ ਨੁਕਸਾਨ ਪਹੁੰਚਾਉਂਦਾਹੈ। ਦਰਿਆਵਾਂ ਕਿਨਾਰੇ ਵੱਸੇ ਪਿੰਡ ਵੀ ਇਸੇ ਤਰ੍ਹਾਂ ਹੜ੍ਹ ਆਉਣ ਨਾਲ ਨੁਕਸਾਨੇ ਜਾ ਰਹੇ ਹਨ।

ਮੀਂਹ ਦਾ ਵਾਧੂ ਪਾਣੀ ਲਿਜਾਣ ਵਾਲੀਆਂ ਡਰੇਨਾਂ, ਬਰਸਾਤੀ ਨਦੀਆਂ, ਨਾਲਿਆਂ, ਬੰਨ੍ਹਾਂ ਆਦਿ ਦੀ ਵੇਲੇ ਸਿਰ ਮੁਰੰਮਤ ਤੇ ਸਫ਼ਾਈ ਨਾ ਹੋਣ ਕਰ ਕੇ ਵੀ ਹੜ੍ਹ ਆ ਜਾਂਦਾ ਹੈ। ਰਾਵੀ ਅਤੇ ਬਿਆਸ ਦਰਿਆਵਾਂ ਉੱਤੇ ਬਣੇ ਕਰੀਬ ਅੱਧੀ ਦਰਜਨ ਬੰਨ੍ਹ (ਧੁੱਸੀ ਬੰਨ੍ਹ, ਸੁਲਤਾਨਪੁਰ ਲੋਧੀ ਨੇੜਲਾ ਬੰਨ੍ਹ, ਨਰੋਟ ਜੈਮਲ ਨੇੜੇ ਰਾਵੀ ਦਰਿਆ ਉੱਤੇ ਬਣਿਆ ਬੰਨ੍ਹ ਆਦਿ) ਹਨ। ਡੈਮਾਂ ਦੇ ਫਲੱਡਗੇਟ ਖੋਲ੍ਹਣ ਨਾਲ ਜਦੋਂ ਇੱਕਦਮ ਬਹੁਤ ਸਾਰਾ ਪਾਣੀ ਡਰੇਨਾਂ, ਰਜਵਾਹਿਆਂ ਜਾਂ ਨਹਿਰਾਂ ਵਿੱਚ ਆ ਜਾਂਦਾ ਹੈ ਤਾਂ ਇਨ੍ਹਾਂ ਦੇ ਕਮਜ਼ੋਰ ਕਿਨਾਰੇ ਟੁੱਟਣ ਨਾਲ ਵੀ ਹੜ੍ਹ ਆ ਜਾਂਦਾ ਹੈ। ਬਰਸਾਤੀ ਨਦੀਆਂ, ਨਾਲਿਆਂ ਦੇ ਵਹਾਅ ਖੇਤਰਾਂ ਵਿੱਚ ਗਾਰ ਜਮ੍ਹਾਂ ਹੋ ਜਾਣ ਕਾਰਨ ਵੀ ਇਨ੍ਹਾਂ ਦੀ ਪਾਣੀ ਚੁੱਕਣ ਦੀ ਸਮਰੱਥਾ ਘਟ ਜਾਂਦੀ ਹੈ। ਪੰਜਾਬ ਸਰਕਾਰ ਦੇ ਮਾਈਨਜ਼ ਐਂਡ ਜੀਓਲੋਜੀ ਡਿਪਾਰਟਮੈਂਟ ਦੀ 2020 ਦੀ ਰਿਪੋਰਟ ਅਨੁਸਾਰ ਦਰਿਆਵਾਂ, ਨਦੀਆਂ, ਨਾਲਿਆਂ ਆਦਿ ਦੀ ਵੇਲੇ ਸਿਰ ਸਫ਼ਾਈ ਨਾ ਹੋਣ ਕਰ ਕੇ ਇਨ੍ਹਾਂ ਵਿੱਚ ਗਾਰ, ਰੇਤ, ਬਜਰੀ ਆਦਿ ਦੀ ਬਹੁਤਾਤ ਕਾਰਨ ਪੰਜਾਬ ਵਿੱਚ 2019 ਵਿੱਚ ਹੜ੍ਹ ਆਏ ਸਨ।

ਪੰਜਾਬ ਵਿੱਚ ਵੀ ਹੋਰਨਾਂ ਰਾਜਾਂ ਵਾਂਗ ਪਾਣੀ ਦੇ ਵਹਾਅ ਖੇਤਰਾਂ ਵਿੱਚ ਉਸਾਰੀਆਂ ਹੋਣ ਕਰ ਕੇ ਹੜ੍ਹ ਆ ਰਹੇ ਹਨ। ਪਟਿਆਲਾ ਦੇ ਅਰਬਨ ਅਸਟੇਟ ਦੇ ਸਾਰੇ ਫੇਜ਼ ਚੋਅ ਖੇਤਰ ਵਿੱਚ ਬਣੇ ਹੋਏ ਹਨ ਜੋ ਪੰਜਾਬ ਅਰਬਨ ਪਲਾਨਿੰਗ ਐਂਡ ਡਿਵੈੱਲਪਮੈਂਟ ਅਥਾਰਟੀ ਦੇ ਅਧੀਨ ਹੈ। ਸਵਾਲ ਉੱਠਦਾ ਹੈ ਕਿ ਜੇ ਪੰਜਾਬ ਦੀ ਪਲਾਨਿੰਗ ਅਤੇ ਡਿਵੈੱਲਪਮੈਂਟ ਅਥਾਰਟੀ ਹੀ ਚੋਅ ਖੇਤਰ ਵਿੱਚ ਮਕਾਨ ਬਣਾਉਣ ਦੀ ਵਿਉਂਤਬੰਦੀ ਕਰ ਕੇ ਦਿੰਦੀ ਹੈ ਤਾਂ ਆਮ ਲੋਕਾਂ ਦੀ ਵਿਉਂਤਬੰਦੀ ਬਾਰੇ ਕਿਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇ? ਪੰਜਾਬ ਦੇ ਪਿੰਡਾਂ ਵਿੱਚ ਹੜ੍ਹ ਆਉਣ ਦਾ ਇੱਕ ਕਾਰਨ ਪੰਜਾਬ ਸਿਰ ਮੜ੍ਹੀ ਝੋਨੇ ਦੀ ਫ਼ਸਲ ਵੀ ਹੈ। ਇਸ ਫ਼ਸਲ ਲਈ ਛੱਪੜ ਸਿੰਜਾਈ ਦੀ ਲੋੜ ਹੁੰਦੀ ਹੈ, ਪੰਜਾਬ ਦੀਆਂ ਖੇਤੀਬਾੜੀ ਜਲਵਾਯੂ ਹਾਲਤਾਂ ਅਨੁਸਾਰ ਢੁਕਵੀਆਂ ਫ਼ਸਲਾਂ (ਕਪਾਹ, ਮੱਕੀ ਆਦਿ) ਲਈ ਸਿੰਜਾਈ ਦੀ ਜ਼ਿਆਦਾ ਲੋੜ ਨਹੀਂ ਹੁੰਦੀ। ਜ਼ਿਆਦਾ ਮੀਂਹ ਦੇ ਦਿਨਾਂ ਵਿੱਚ ਇਨ੍ਹਾਂ ਫ਼ਸਲਾਂ ਵਾਲੇ ਖੇਤ ਵਾਧੂ ਪਾਣੀ ਜਜ਼ਬ ਕਰ ਲੈਂਦੇ ਹਨ ਪਰ ਝੋਨੇ ਦੀ ਫ਼ਸਲ ਅਧੀਨ ਖੇਤ ਛੱਪੜ ਸਿੰਜਾਈ ਦੀ ਲੋੜ ਨੂੰ ਪੂਰਾ ਕਰਨ ਲਈ ਕੱਦੂ ਕਰਨ ਕਰ ਕੇ ਪਾਣੀ ਜਜ਼ਬ ਨਹੀਂ ਕਰ ਸਕਦੇ।

ਦੱਸਣਾ ਜ਼ਰੂਰੀ ਹੈ ਕਿ ਸਾਡੇ ਬਜ਼ੁਰਗ ਪਹਿਲਾਂ ਉੱਚੀਆਂ ਥਾਵਾਂ ਉੱਤੇ ਘਰ ਬਣਾਉਂਦੇਸਨ। ਮੀਂਹ ਪੈਣ ਤੋਂ ਬਾਅਦ ਵਾਧੂ ਪਾਣੀ ਆਪਮੁਹਾਰੇ ਟੋਬਿਆਂ ਤੇ ਤਲਾਬਾਂ ਦਾ ਰੂਪ ਧਾਰਨ ਲੈਂਦਾ ਸੀ ਅਤੇ ਹੜ੍ਹ ਤੋਂ ਬਚਾਅ ਹੋ ਜਾਂਦਾ ਸੀ। ਅੱਜ ਕੱਲ੍ਹ ਲੋਕਾਂ ਨੇ ਟੋਬੇ, ਤਲਾਬਾਂ ਅਤੇ ਹੋਰ ਨੀਵੀਆਂ ਥਾਵਾਂ ਭਰ ਕੇ ਉਸਾਰੀਆਂ ਕਰ ਲਈਆਂ ਹਨ। ਮੀਂਹ ਦਾ ਪਾਣੀ ਹੁਣ ਹੜ੍ਹ ਦੇ ਰੂਪ ਵਿੱਚ ਉਨ੍ਹਾਂ ਨੀਵੀਆਂ ਥਾਵਾਂ ਉੱਤੇ ਹੀ ਆ ਕੇ ਇਕੱਠਾ ਹੋ ਜਾਂਦਾ ਹੈ।

20 ਫਰਵਰੀ 2023 ਨੂੰ ਜਾਰੀ ਕਰਾਸ ਡਿਪੈਂਡੈਂਸੀ ਇਨੀਸ਼ੀਏਟਿਵ ਦੀ ਰਿਪੋਰਟ ਅਨੁਸਾਰ ਪੰਜਾਬ ਦੁਨੀਆ ਦੇ ਉਨ੍ਹਾਂ ਪਹਿਲੇ 50 ਖੇਤਰਾਂ ਵਿੱਚ ਸ਼ਾਮਿਲ ਹੈ, ਜਿੱਥੇ ਮੌਸਮੀ ਤਬਦੀਲੀਆਂ ਕਾਰਨ ਮਨੁੱਖਾਂ ਦੁਆਰਾ ਬਣਾਏ ਬੁਨਿਆਦੀ ਢਾਂਚੇ ਦਾ ਸਭ ਤੋਂ ਵੱਧ ਨੁਕਸਾਨ ਹੋ ਸਕਦਾ ਹੈ। ਰਾਜ ਅਤੇ ਕੇਂਦਰ ਸਰਕਾਰਾਂ ਨੂੰ ਅਜਿਹੀਆਂ ਕੌਮਾਂਤਰੀ ਰਿਪੋਰਟਾਂ ਦੇ ਮੱਦੇਨਜ਼ਰ ਕੁਦਰਤੀ ਆਫ਼ਤਾਂ ਨਾਲ ਸਿੱਝਣ ਲਈ ਅਗਾਊਂ ਉਚੇਚੇ ਪ੍ਰਬੰਧ ਕਰਨੇ ਚਾਹੀਦੇ ਹਨ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਦਰਿਆਵਾਂ, ਨਦੀਆਂ, ਬਰਸਾਤੀ ਨਾਲਿਆਂ, ਚੋਆਂ ਦੇ ਵਹਾਅ ਖੇਤਰਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਉਸਾਰੀ ਅਤੇ ਵਰਤੋਂ ਉੱਤੇ ਪੂਰਨ ਤੌਰ ਉੱਤੇ ਪਾਬੰਦੀ ਲਗਾਵੇ। ਇਨ੍ਹਾਂ ਸਾਰਿਆਂ ਦੇ ਵਹਾਅ ਖੇਤਰਾਂ ਦੀ ਸਾਫ਼-ਸਫ਼ਾਈ ਅਤੇ ਸਾਂਭ-ਸੰਭਾਲ ਨਿਯਮਤ ਰੂਪ ਵਿੱਚ ਕਰਵਾਵੇ। ਪੁਰਾਣੇ ਬਰਸਾਤੀ ਨਾਲਿਆਂ, ਟੋਬਿਆਂ, ਛੱਪੜਾਂ ਆਦਿ ਦੀ ਸਾਫ਼-ਸਫ਼ਾਈ ਵੱਲ ਉਚੇਚਾ ਧਿਆਨ ਦੇਵੇ। ਸੰਭਵ ਹੋਵੇ ਤਾਂ ਟੋਬੇ ਮੁੜ ਸੁਰਜੀਤ ਕੀਤੇ ਜਾਣ। ਮੀਂਹ ਪੈਣ ਤੋਂ ਬਾਅਦ ਸ਼ਹਿਰਾਂ ਅਤੇ ਪਿੰਡਾਂ ਵਿੱਚ ਜਿਨ੍ਹਾਂ ਨੀਵੀਆਂ ਥਾਵਾਂ ਉੱਤੇ ਪਾਣੀ ਇਕੱਠਾ ਹੋ ਜਾਂਦਾ ਹੈ, ਉੱਥੇ ਰੀਚਾਰਜ ਖੂਹ ਬਣਾਏ ਜਾਣ ਤਾਂ ਕਿ ਮੀਂਹ ਦਾ ਪਾਣੀ ਹੜ੍ਹ ਦਾ ਰੂਪ ਧਾਰਨ ਕਰਨ ਤੋਂ ਪਹਿਲਾਂ ਹੀ ਇਨ੍ਹਾਂ ਖੂਹਾਂ ਵਿੱਚ ਚਲਾ ਜਾਵੇ। ਹਰ ਤਰ੍ਹਾਂ ਦੀ ਉਸਾਰੀ (ਮਕਾਨ ਜਾਂ ਇਮਾਰਤ) ਤੋਂ ਪਹਿਲਾਂ ਹੀ ਉੱਥੇ ਮੀਂਹ ਦਾ ਪਾਣੀ ਸੰਭਾਲਣ ਦਾ ਇੰਤਜ਼ਾਮ ਕਰਨਾ ਲਾਜ਼ਮੀ ਹੋਵੇ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਝੋਨੇ ਦੀ ਫ਼ਸਲ ਦੀ ਥਾਂ ਪੰਜਾਬ ਦੀਆਂ ਖੇਤੀਬਾੜੀ ਜਲਵਾਯੂ ਹਾਲਤਾਂ ਅਨੁਸਾਰ ਢੁੱਕਵੀਆਂ ਫ਼ਸਲਾਂ ਦੀਆਂ ਲਾਹੇਵੰਦ ਘੱਟੋ-ਘੱਟ ਸਮਰਥਨ ਕੀਮਤਾਂ ਦੇਣੀਆਂ ਯਕੀਨੀ ਬਣਾਵੇ।

***ਸਾਬਕਾ ਪ੍ਰੋਫੈਸਰ, ਜਿਓਗਰਾਫੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਸਿਆਸਤਦਾਨਾਂ ਦੇ ਲਾਰਿਆਂ ਤੋਂ ਪ੍ਰੇਸ਼ਾਨ ਹਨ ਘੱਗਰ ਨੇੜਲੇ ਇਲਾਕਿਆਂ ਦੇ ਵਸਨੀਕ

ਅਮਰਜੀਤ ਸਿੰਘ ਵੜੈਚ

ਪੰਜਾਬ ਤੇ ਹਰਿਆਣਾ ਦੀ ਸਰਹੱਦ ਦੇ ਨਾਲ-ਨਾਲ ਵਸਦੇ ਪੁਆਧੀਆਂ ਦੇ ਸਾਹ ਹਰ ਸਾਲ ਸਾਉਣ ਮਹੀਨਾ ਚੜ੍ਹਨ ਤੋਂ ਪਹਿਲਾਂ ਹੀ ਸੁੱਕਣ ਲੱਗ ਪੈਂਦੇ ਹਨ ਕਿਉਂਕਿ ਬਰਸਾਤ ਦੇ ਦਿਨਾਂ 'ਚ ਇੱਥੋਂ ਦੇ ਲੋਕਾਂ ਨੂੰ ਘੱਗਰ ਦੀਆਂ ਛੱਲਾਂ ਦੇ ਸੁਪਨੇ ਝੰਜੋੜ ਕੇ ਰੱਖ ਦਿੰਦੇ ਹਨ। ਸਬੰਧਿਤ ਵਿਭਾਗਾਂ ਦੀ ਗੰਭੀਰਤਾ ਦੇਖੋ: ਪਿਛਲੇ ਤਿੰਨ ਸਾਲਾਂ ਤੋਂ ਘਨੌਰ ਨੇੜੇ ਸਰਾਲ਼ਾ ਹੈੱਡ ਤੋਂ ਅੱਗੇ ਪੈਂਦੇ ਪਿੰਡ ਕਾਮੀ ਕਲਾਂ ਕੋਲ ਘੱਗਰ ਦੇ ਟੁੱਟੇ ਬੰਨ੍ਹ ਦੀ ਮੁਰੰਮਤ ਹਾਲੇ ਤੱਕ ਨਹੀਂ ਕੀਤੀ ਗਈ, ਜਿਸ ਕਾਰਨ ਇਸੇ ਵਰ੍ਹੇ ਅਗਸਤ ਮਹੀਨੇ ਘੱਗਰ ਦਾ ਪਾਣੀ ਇਸ ਪਾੜ 'ਚੋਂ ਨਿਕਲ਼ ਕੇ ਪਿੰਡਾਂ 'ਚ ਫੈਲ ਗਿਆ। ਮੀਹਾਂ ਦੇ ਮੌਸਮ ਤੋਂ ਪਹਿਲਾਂ ਸਰਕਾਰਾਂ ਤੇ ਪ੍ਰਸ਼ਾਸਨ ਦੇ ਬਿਆਨ ਆਉਂਦੇ ਹਨ ਕਿ ਸਰਕਾਰ ਨੇ ਹੜ੍ਹਾਂ ਨਾਲ ਨਿਪਟਣ ਦੀ ਤਿਆਰੀ ਕਰ ਲਈ ਹੈ ਤੇ ਲੋਕਾਂ ਨੂੰ ਡਰਨ ਦੀ ਲੋੜ ਨਹੀਂ।

ਆਜ਼ਾਦੀ ਮਗਰੋਂ ਵੱਖ-ਵੱਖ ਸਮੇਂ ਆਈਆਂ ਸਰਕਾਰਾਂ ਨੇ ਬਿਨਾ ਲੰਮੇ ਸਮੇਂ ਦੀ ਯੋਜਨਾਬੰਦੀ ਤੋਂ ਘੱਗਰ ਦੇ ਇਲਾਕੇ 'ਚ ਆਪੋ-ਆਪਣਾ ਵੋਟ ਬੈਂਕ ਪੱਕਾ ਕਰਨ ਦੀ ਬਦਨੀਤੀ ਨਾਲ 'ਵਿਕਾਸ' (ਵਿਨਾਸ਼) ਕਰਵਾਇਆ ਅਤੇ ਅੱਜ ਲੋਕ ਉਸੇ ਦਾ ਹੀ ਖਮਿਆਜ਼ਾ ਭੁਗਤ ਰਹੇ ਹਨ। ਇਸ ਇਲਾਕੇ 'ਚ ਲੋਕਾਂ ਅਤੇ ਸਿਆਸੀ ਆਗੂਆਂ ਦਾ ਦਬਾਅ ਹੋਣ ਕਾਰਨ ਇੰਜਨੀਅਰਾਂ ਨੇ ਕੁਦਰਤ ਨੂੰ ਟਿੱਚ ਸਮਝਿਆ ਤੇ ਸੜਕਾਂ, ਪੁਲ਼ੀਆਂ ਤੇ ਪੁਲ ਬਣਾ ਕੇ ਘੱਗਰ ਦੇ ਕੁਦਰਤੀ ਵਹਿਣ ਨੂੰ ਰੋਕਾਂ ਲਾ ਦਿੱਤੀਆਂ। ਜਿਹੜਾ ਘੱਗਰ ਕਦੇ ਲੋਕਾਂ ਲਈ ਵਰਦਾਨ ਹੁੰਦਾ ਸੀ, ਇਸੇ ਕਾਰਨ ਹੁਣ ਜਾਨ ਦਾ ਖੌਅ ਬਣ ਗਿਆ ਹੈ। ਪਟਿਆਲਾ ਦੇ ਬਾਦਸ਼ਾਹਪੁਰ ਨੇੜਿਓਂ ਬਣਦਾ ਬੁੱਢਾ ਘੱਗਰ ਅੱਜ ਕਿਤੇ ਲੱਭਦਾ ਹੀ ਨਹੀਂ, ਜੋ ਸਮਾਣੇ, ਸ਼ੁਤਰਾਣੇ, ਗੁਲਾਹੜ ਆਦਿ ਇਲਾਕੇ ਵਿੱਚੋਂ ਘੱਗਰ ਦੇ ਉਛਲੇ ਹੜ੍ਹ ਦੇ ਪਾਣੀ ਨੂੰ ਖਿੱਚ ਕੇ ਹੋਤੀਪੁਰ ਪਿੰਡ ਨੇੜੇ ਫਿਰ ਵੱਡੇ ਘੱਗਰ 'ਚ ਪਾ ਦਿੰਦਾ ਸੀ। ਇਹ ਮਾਲ ਰਿਕਾਰਡ 'ਚ ਹਾਲੇ ਵੀ ਦਰਜ ਹੈ।

ਘੱਗਰ ਦੇ ਪੱਤਣਾਂ 'ਤੇ ਰਹਿਣ ਵਾਲੇ ਬਜ਼ੁਰਗ ਪੁਰਾਣਾ ਸਮਾਂ ਯਾਦ ਕਰਕੇ ਦੱਸਦੇ ਹਨ ਕਿ ਉਦੋਂ ਘੱਗਰ ਦਾ ਪਾਣੀ ਫ਼ਸਲਾਂ ਨੂੰ ਅੰਮ੍ਰਿਤ ਬਣਕੇ ਲੱਗਦਾ ਸੀ। ਫ਼ਸਲਾਂ ਖੂਹਾਂ ਦੇ ਪਾਣੀਆਂ ਤੋਂ ਬਿਨਾ ਹੀ ਪਲ਼ ਜਾਂਦੀਆਂ ਸਨ। ਘੱਗਰ ਉਦੋਂ ਵੀ ਚੜ੍ਹਦਾ ਸੀ, ਚਾਰੇ ਪਾਸੇ ਖਿਲਰਦਾ ਸੀ ਤੇ ਪਹਾੜਾਂ ਦੀ ਜ਼ਰਖ਼ੇਜ਼ ਮਿੱਟੀ ਖੇਤਾਂ 'ਚ ਵਿਛਾ ਜਾਂਦਾ ਅਤੇ ਫਿਰ ਅਗਾਂਹ ਰਾਜਸਥਾਨ ਵੱਲ ਨੂੰ ਨਿਕਲ ਜਾਂਦਾ ਸੀ।

ਘੱਗਰ ਦੇ ਨਾਲ-ਨਾਲ ਵੱਸੇ ਲੋਕ ਸਿਆਸੀ ਲੀਡਰਾਂ ਦੇ ਲਾਰਿਆਂ ਤੋਂ ਬਹੁਤ ਪ੍ਰੇਸ਼ਾਨ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਤੱਕ ਬਣੀਆਂ ਸਭ ਸਰਕਾਰਾਂ ਤੇ ਸਿਆਸੀ ਪਾਰਟੀਆਂ ਦੇ ਆਗੂ ਚੋਣਾਂ ਸਮੇਂ ਹੱਥ ਜੋੜਦੇ ਫਿਰਦੇ ਹਨ, ਪਰ ਕਿਸੇ ਵੀ ਸਰਕਾਰ ਨੇ ਘੱਗਰ ਨੇੜੇ ਰਹਿੰਦੇ ਲੋਕਾਂ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਨਹੀਂ ਲਿਆ।





ਹਰ ਵਰ੍ਹੇ ਘੱਗਰ ਕਾਰਨ ਹੁੰਦੀ ਤਬਾਹੀ ਹੁਣ ਤੱਕ ਲੋਕਾਂ ਦੇ ਖ਼ਰਬਾਂ ਰੁਪਏ ਬਰਬਾਦ ਕਰ ਚੁੱਕੀ ਹੈ। ਸਰਕਾਰਾਂ ਵੱਲੋਂ ਹੜ੍ਹਾਂ ਨਾਲ ਨਿਪਟਣ ਦੀਆਂ ਤਿਆਰੀਆਂ ਦੇ ਨਾਮ 'ਤੇ ਖਰਚੇ (ਖੁਰਚੇ) ਜਾਂਦੇ ਪੈਸੇ ਵੱਖਰੇ ਹਨ। ਹਰ ਸਾਲ ਫ਼ਸਲਾਂ, ਖੇਤੀ ਮਸ਼ੀਨਰੀ, ਬੋਰਾਂ, ਸੜਕਾਂ, ਸਿੱਖਿਆ, ਸਿਹਤ, ਪਸ਼ੂਆਂ, ਬਿਜਲੀ ਨੈੱਟਵਰਕ ਤੇ ਘਰਾਂ ਦਾ ਵੱਡਾ ਨੁਕਸਾਨ ਹੁੰਦਾ ਹੈ। ਇਸ ਦੇ ਨਾਲ ਹੀ ਚੰਡੀਗੜ੍ਹ, ਮੁਹਾਲੀ, ਡੇਰਾਬਸੀ, ਲਾਲੜੂ ਤੇ ਰਾਜਪੁਰਾ ਸ਼ਹਿਰਾਂ ਅਤੇ ਫੈਕਟਰੀਆਂ ਦਾ ਗੰਦਾ ਪਾਣੀ ਘੱਗਰ ਦੇ ਲੋਕਾਂ ਲਈ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ। ਧਰਤੀ ਹੇਠਲਾ ਪਾਣੀ ਵੀ ਦੂਸ਼ਿਤ ਹੋ ਰਿਹਾ ਹੈ। ਹੜ੍ਹਾਂ ਤੋਂ ਡਰਦੇ ਸਰਕਾਰੀ ਕਰਮਚਾਰੀ ਇਸ ਇਲਾਕੇ 'ਚ ਤਬਾਦਲਾ ਨਹੀਂ ਕਰਾਉਂਦੇ, ਜਿਸ ਕਾਰਨ ਖ਼ਾਸਕਰ ਸਕੂਲਾਂ ਤੇ ਹਸਪਤਾਲਾਂ 'ਚ ਕਰਮਚਾਰੀਆਂ ਦੀ ਘਾਟ ਰਹਿੰਦੀ ਹੈ। ਇੱਥੋਂ ਦੇ ਲੋਕਾਂ ਨੂੰ ਆਪਣੇ ਬੱਚਿਆਂ ਦੇ ਵਿਆਹ ਕਰਨ 'ਚ ਵੀ ਮੁਸ਼ਕਿਲਾਂ ਆਉਂਦੀਆਂ ਹਨ ਕਿਉਂਕਿ ਦੂਜੇ ਇਲਾਕਿਆਂ ਦੇ ਲੋਕ ਆਪਣੇ ਧੀਆਂ ਪੁੱਤ ਇਧਰ ਵਿਆਹੁਣ ਤੋਂ ਟਾਲਾ ਵੱਟਦੇ ਹਨ।

ਘੱਗਰ ਬਰਸਾਤੀ ਵਹਿਣ ਹੈ ਤੇ ਹਿਮਾਚਲ ਦੇ ਨਾਹਨ ਜ਼ਿਲ੍ਹੇ 'ਚੋਂ ਨਿਕਲ ਕੇ ਹਰਿਆਣਾ ਦੇ ਪੰਚਕੂਲਾ 'ਚ ਬਣੇ ਕੌਸ਼ੱਲਿਆ ਡੈਮ 'ਚ ਸਮਾਉਂਦਾ ਹੈ। ਇੱਥੋਂ ਫਿਰ ਅੱਗੇ ਡੇਰਾਬਸੀ ਨੇੜਿਓਂ ਮੁਬਾਰਕਪੁਰ ਤੋਂ ਪੰਜਾਬ 'ਚ ਦਾਖਲ ਹੋ ਕੇ ਚੀਕੇ ਤੱਕ ਪੰਜਾਬ 'ਚ ਰਹਿੰਦਾ ਹੈ ਤੇ ਫਿਰ ਪੰਜਾਬ ਤੇ ਹਰਿਆਣੇ 'ਚ ਵਲ਼-ਵਲ਼ੇਵੇਂ ਮਾਰਦਾ ਹਰਿਆਣੇ ਦੇ ਸਿਰਸਾ ਜ਼ਿਲ੍ਹੇ ਦੀ ਓਟੂ ਝੀਲ 'ਚ ਜਾ ਪੈਂਦਾ ਹੈ। ਕੁੱਲ 260 ਕਿਲੋਮੀਟਰ ਲੰਮਾ ਘੱਗਰ 208 ਕਿਲੋਮੀਟਰ ਤਾਂ ਪੰਜਾਬ 'ਚ ਹੀ ਤਬਾਹੀ ਕਰਦਾ ਹੈ। ਓਟੂ ਝੀਲ ਤੋਂ ਅੱਗੇ ਘੱਗਰ ਨੂੰ ਹਾਕੜਾ ਕਿਹਾ ਜਾਂਦਾ ਹੈ ਜੋ ਰਾਜਸਥਾਨ ਦੇ ਰੇਗਿਸਤਾਨ 'ਚ ਜਾ ਸਮਾਉਂਦਾ ਹੈ। ਪੰਜਾਬ ਤੇ ਹਰਿਆਣੇ 'ਚ ਝਰਮਲ ਨਦੀ, ਬਸੌਲੀ ਚੋਅ, ਪੱਚੀਦਰਾ, ਉਰਮਿਲਾ ਨਦੀ, ਟਾਂਗਰੀ ਨਦੀ, ਮਾਰਕੰਡਾ ਚੋਅ, ਮੀਰਾਂਪੁਰ ਚੋਅ, ਪਟਿਆਲ਼ਾ ਕੀ ਰੌਅ, ਸਰਹਿੰਦ ਚੋਅ ਤੇ ਝੰਬੋ ਚੋਅ ਵੀ ਘੱਗਰ 'ਚ ਬਰਸਾਤੀ ਪਾਣੀ ਸੁੱਟਦੇ ਹਨ।

ਇਸ ਵਾਰ ਪੰਜਾਬ 'ਚ ਹੜ੍ਹਾਂ ਨੇ ਬਹੁਤ ਨੁਕਸਾਨ ਕੀਤਾ ਹੈ। ਭਵਿੱਖ ਵਿੱਚ ਘੱਗਰ ਦੀ ਮਾਰ ਵਾਲੇ ਇਲਾਕੇ ਨੂੰ ਬਚਾਉਣ ਲਈ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਦੀ ਮਨਜ਼ੂਰੀ ਤੇ ਮਦਦ ਨਾਲ ਪੰਜਾਬ ਤੇ ਹਰਿਆਣਾ ਰਲ ਕੇ ਆਪੋ-ਆਪਣੇ ਇਲਾਕੇ 'ਚ ਘੱਗਰ ਵਿਕਾਸ ਅਥਾਰਿਟੀ ਬਣਾਉਣ। ਇਸ ਵਿੱਚ ਵੱਖ-ਵੱਖ ਮਾਹਿਰਾਂ ਦੀਆਂ ਕਮੇਟੀਆਂ ਬਣਾ ਕੇ ਭਵਿੱਖ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇ ਤਾਂ ਕਿ ਪੜਾਅਵਾਰ ਕੰਮ ਨਾਲ ਇਸ ਇਲਾਕੇ ਨੂੰ ਵਿਕਸਿਤ ਕਰਕੇ ਇਸ ਖਿੱਤੇ ਦੇ ਲੋਕਾਂ ਨੂੰ ਭਾਰਤ ਦੇ ਨਾਗਰਿਕ ਹੋਣ ਦਾ ਅਹਿਸਾਸ ਕਰਵਾਇਆ ਜਾਵੇ।

* ਸਾਬਕਾ ਅਸਿਸਟੈਂਟ ਡਾਇਰੈਕਟਰ, ਆਕਾਸ਼ਵਾਣੀ

# ਕੁਦਰਤ ਦੇ ਉਲਟ ਸਰਗਰਮੀਆਂ ਦਿੰਦੀਆਂ ਨੇ ਹੜ੍ਹਾਂ ਨੂੰ ਸੱਦਾ

ਸੁਖਪਾਲ ਸਿੰਘ ਗਿੱਲ



**ਹੜ੍ਹ ਦੇ ਕਾਰਨਾਂ ਪਿੱਛੇ ਸਾਡੀ ਅਗਿਆਨਤਾ ਅਤੇ ਲਾਪਰਵਾਹੀ ਦੋਵੇਂ ਹੀ ਕੰਮ ਕਰਦੀਆਂ ਹਨ, ਪਰ ਹੜ੍ਹਾਂ ਨੂੰ ਅਕਸਰ ਖ਼ੁਦ ਸਹੇੜੀ ਆਫ਼ਤ ਦਾ ਨਹੀਂ ਸਗੋਂ ਕੁਦਰਤੀ ਕਰੋਪੀ ਦਾ ਨਾਂ ਦਿੱਤਾ ਜਾਂਦਾ ਹੈ। ਭਾਰਤ ਵਿੱਚ ਹੜ੍ਹ ਆਮ ਆਉਂਦੇ ਹਨ। ਲੋੜ ਵੇਲੇ ਖ਼ਾਸਕਰ ਅਤਿ ਦੀ ਗਰਮੀ ਵਿੱਚ ਪਾਣੀ ਲੈਣ ਲਈ ਦੇਸ਼ ਦੇ ਕੁਝ ਸੂਬੇ ਆਪਸ ਵਿੱਚ ਲੜਦੇ ਰਹਿੰਦੇ ਹਨ, ਪਰ ਹੜ੍ਹ ਦੌਰਾਨ ਪਾਣੀ ਦੀ ਬਹੁਤਾਤ ਹੁੰਦੀ ਹੈ ਅਤੇ ਕੋਈ ਵੀ ਸੂਬਾ ਵਾਧੂ ਪਾਣੀ ਸਾਂਭਣ ਨੂੰ ਤਿਆਰ ਨਹੀਂ ਹੁੰਦਾ। ਇਹ ਰਾਜਸੀ ਪੁਆੜੇ ਦੀ ਜੜ੍ਹ ਬਣ ਜਾਂਦੇ ਹਨ।**

ਹੜ੍ਹ ਨਿਰੀ-ਪੁਰੀ ਕੁਦਰਤੀ ਆਫ਼ਤ ਨਹੀਂ। ਇਸ ਕੁਦਰਤੀ ਆਫ਼ਤ ਨੂੰ ਅਸੀਂ ਕੁਦਰਤ ਦੇ ਉਲਟ ਸਰਗਰਮੀਆਂ ਕਰਕੇ ਆਪ ਵੀ ਸੱਦਾ ਦਿੰਦੇ ਹਾਂ। ਹੜ੍ਹਾਂ ਤੋਂ ਬਚਣ ਲਈ ਇੱਕ ਪਲ ਦੀ ਦੇਰ ਵੀ ਬਹੁਤ ਵੱਡੇ ਨੁਕਸਾਨ ਦਾ ਕਾਰਨ ਬਣ ਸਕਦੀ ਹੈ। ਹੜ੍ਹ ਪ੍ਰਬੰਧਨ, ਹੜ੍ਹਾਂ ਦੇ ਕਾਰਨ ਅਤੇ ਇਨ੍ਹਾਂ ਦੇ ਸਮਾਜ ਉੱਤੇ ਮਾਰੂ ਪ੍ਰਭਾਵ ਇੱਕ-ਦੂਜੇ ਨਾਲ ਜੁੜੇ ਹੋਏ ਹਨ। ਫਿਰ ਵੀ ਉਕਾਈ ਪ੍ਰਤੱਖ ਪ੍ਰਮਾਣ ਨਾਲ ਨਜ਼ਰ ਪੈਂਦੀ ਰਹਿੰਦੀ ਹੈ। ਇੱਕ ਵਾਰ ਪਾਣੀ ਆ ਕੇ ਨੁਕਸਾਨ ਕਰਕੇ ਅੱਗੇ ਚਲਾ ਗਿਆ ਉਹ ਤਾਂ ਸਹਿਣਾ ਹੀ ਪੈਂਦਾ ਹੈ, ਪਰ ਨਾਲ ਹੀ ਟੋਏ ਟਿੱਬੇ ਭਰ ਦਿੰਦਾ ਹੈ। ਜ਼ਮੀਨ ਨੂੰ ਨਾਲ ਰੋੜ੍ਹ ਕੇ ਲੈ ਜਾਂਦਾ ਹੈ। ਸਾਰੇ ਕਾਰਨ ਅਤੇ ਕਾਰਕ ਭੈਅਭੀਤ ਕਰਨ ਵਾਲੇ ਹੁੰਦੇ ਹਨ। ਹੜ੍ਹਾਂ ਦਾ ਝੰਬਿਆ ਥੋੜ੍ਹੇ ਕੀਤੇ ਸੰਭਲਦਾ ਨਹੀਂ।

ਮਨੁੱਖ ਨੇ ਵਾਤਾਵਰਣ ਅਤੇ ਭੂਗੋਲਿਕ ਸਥਿਤੀਆਂ ਖੁਦ ਬਦਲ ਕੇ ਪਾਣੀ ਦੇ ਰਾਹ ਰੋਕ ਲਏ ਹਨ। ਜਦੋਂ ਮੀਂਹ ਦੇ ਮੌਸਮ ਵਿੱਚ ਹੜ੍ਹਾਂ ਵਾਲੇ ਭਾਰੀ ਮਾਤਰਾ 'ਚ ਆਇਆ ਪਾਣੀ ਰੋਕੀਆਂ ਥਾਵਾਂ 'ਤੇ ਆਪਣਾ ਰਸਤਾ ਅਖ਼ਤਿਆਰ ਕਰ ਲੈਂਦਾ ਹੈ ਜੋ ਤਬਾਹੀ ਦਾ ਮੰਜ਼ਰ ਬਣਦਾ ਹੈ। ਹਰ ਵਿਅਕਤੀ ਦਾ ਫ਼ਰਜ਼ ਬਣਦਾ ਹੈ ਕਿ ਇਸ ਕੁਦਰਤੀ ਆਫ਼ਤ ਸਮੇਂ ਆਪਣੀਆਂ ਧਾਰਨਾਵਾਂ ਅਤੇ ਭਾਵਨਾਵਾਂ 'ਤੇ ਕਾਬੂ ਰੱਖਦਿਆਂ ਮਨੁੱਖੀ ਸ਼ਕਤੀ ਨੂੰ ਇਮਾਨਦਾਰੀ ਨਾਲ ਵਰਤਿਆ ਜਾਵੇ। ਅਜਿਹੀ ਆਫ਼ਤ ਦਾ ਸਾਹਮਣਾ ਇਕਮੁੱਠ ਹੋ ਕੇ ਕਰਨਾ ਪੈਂਦਾ ਹੈ। ਲਾਪਰਵਾਹੀ ਅਗਿਆਨਤਾ ਤੋਂ ਵੀ ਵੱਧ ਨੁਕਸਾਨ ਵਾਲੀ ਹੁੰਦੀ ਹੈ। ਸਾਨੂੰ ਐਲਨ ਗਲਾਸਗੋ ਦੇ ਵਿਚਾਰ ਤੋਂ ਸਿੱਖਣਾ ਚਾਹੀਦਾ ਹੈ ਕਿ ਸਾਰੀ ਤਬਦੀਲੀ ਵਾਧਾ ਜਾਂ ਵਿਕਾਸ ਨਹੀਂ ਹੁੰਦੀ। ਤਬਦੀਲੀ ਅਤੇ ਤਰੱਕੀ ਦੇ ਭਵਿੱਖ ਵਾਲੇ ਅਸਰ ਬਾਰੇ ਸੋਚ ਕੇ ਹੀ ਫ਼ੈਸਲੇ ਲੈਣੇ ਚਾਹੀਦੇ ਹਨ। ਇਹ ਸਮਝਣਾ ਜ਼ਰੂਰੀ ਹੈ ਕਿ ਹਾਲਾਤ ਦੇ ਅਸਰ ਤੋਂ ਕੋਈ ਵੀ ਮਨੁੱਖ ਬਚ ਨਹੀਂ ਸਕਦਾ। ਪੰਜਾਬ ਦੇ ਘੱਗਰ, ਸਤਲੁਜ ਅਤੇ ਮੰਡ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਲਈ ਹੜ੍ਹਾਂ ਦਾ ਵਰਤਾਰਾ ਬਾਰਾਂ ਮਹੀਨੇ ਤੀਹ ਦਿਨ ਨਿਰਾਸ਼ਾ ਦਾ ਸਬੱਬ ਬਣਿਆ ਰਹਿੰਦਾ ਹੈ। ਕੁਝ ਖਿੱਤੇ ਤਾਂ ਹੜ੍ਹ ਨੂੰ ਸਵੀਕਾਰ ਕਰਕੇ ਆਪ ਹੀ ਇਸ ਨਾਲ ਨਜਿੱਠਣ ਦੇ ਆਰਜ਼ੀ ਪ੍ਰਬੰਧ ਕਰ ਲੈਂਦੇ ਹਨ। ਸਰਕਾਰਾਂ ਅਤੇ ਆਮ ਲੋਕਾਂ ਨੂੰ ਮੌਕੇ ਉੱਤੇ ਹੜ੍ਹ ਦੀ ਮਾਰ ਝੱਲਣ ਅਤੇ ਬਚਣ ਲਈ ਚੌਕੰਨੇ ਹੋਣਾ ਪੈਂਦਾ ਹੈ।

ਅਫ਼ਸੋਸ ਦੀ ਗੱਲ ਇਹ ਹੈ ਕਿ ਵੇਲਾ ਬੀਤਣ ਮਗਰੋਂ ਜਾਗਣਾ ਸਾਡਾ ਸੁਭਾਅ ਹੈ। ਹੜ੍ਹਾਂ ਦੇ ਮਾਮਲੇ ਵਿੱਚ ਵੀ ਅਸੀਂ ਇਸੇ ਰਸਤੇ ਚਲਦੇ ਹਾਂ, ਜਿਸ ਦਾ ਖਮਿਆਜ਼ਾ ਜਾਨੀ ਮਾਲੀ ਨੁਕਸਾਨ ਨਾਲ ਭੁਗਤਣਾ ਪੈਂਦਾ ਹੈ। ਇਸ ਲਈ ਇਨ੍ਹਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਹੜ੍ਹ ਦੀ ਸਥਿਤੀ ਵਿੱਚ ਪਹਿਲਾਂ ਹੋਈਆਂ ਗ਼ਲਤੀਆਂ ਦੁਹਰਾਈਆਂ ਨਾ ਜਾਣ।

ਕੁਝ ਮਿੱਥਾਂ ਅਤੇ ਰੀਤੀ ਰਿਵਾਜ ਵੀ ਹੜ੍ਹਾਂ ਨਾਲ ਚਲਦੇ ਹਨ। ਬਰਸਾਤ ਦੇ ਦਿਨਾਂ ਵਿੱਚ ਖ਼ਵਾਜਾ ਪੀਰ ਦੇ ਨਾਂ ਉੱਤੇ ਦਲੀਆ ਦਿੱਤਾ ਜਾਂਦਾ ਹੈ। ਜੇ ਹੜ੍ਹ ਦੀ ਮਾਰ ਭਾਰੂ

ਰਹੇ ਤਾਂ ਲੋਕਧਾਰਾ ਮੁਤਾਬਿਕ ਆਖਿਆ ਜਾਂਦਾ ਹੈ

ਕਿ ਖ਼ਵਾਜਾ ਪੀਰ ਨੇ ਸੁੱਖਣਾ ਮਨਜ਼ੂਰ ਨਹੀਂ ਕੀਤੀ, ਜੇ ਸੁਖ ਸ਼ਾਂਤੀ ਰਹੇ ਤਾਂ ਸੁੱਖਣਾ ਮਨਜ਼ੂਰ ਕਰ ਲਈ ਸਮਝੀ ਜਾਂਦੀ ਹੈ।

ਹੜ੍ਹ ਦੇ ਕਿਆਸੇ ਅਤੇ ਅਣਕਿਆਸੇ ਕਾਰਨ ਭਾਰੀ ਮੀਂਹ, ਦਰੱਖਤਾਂ ਦੀ ਕਟਾਈ, ਨਦੀਆਂ ਦੇ ਵਹਾਅ ਨੂੰ ਰੋਕਣਾ, ਬੰਨ੍ਹ ਦਾ ਟੁੱਟ ਜਾਣਾ, ਬੇਤਰਤੀਬੀ ਵਸੋਂ ਅਤੇ ਬਰਸਾਤ ਤੋਂ ਪਹਿਲਾਂ ਨਦੀਆਂ ਨਾਲਿਆਂ ਦੀ ਸਫ਼ਾਈ ਨਾ ਹੋਣਾ ਹਨ। ਇਸ ਤੋਂ ਇਲਾਵਾ ਅਸੀਂ ਘਰਾਂ ਦਾ ਕੂੜਾ ਕਰਕਟ ਵੀ ਗਲੀਆਂ ਨਾਲੀਆਂ ਵਿੱਚ ਸੁੱਟ ਕੇ ਹਾਲਾਤ ਬਦਤਰ ਬਣਾ ਦਿੰਦੇ ਹਾਂ। ਬਰਸਾਤ ਤੋਂ ਪਹਿਲਾਂ ਡ੍ਰੇਨੇਜ ਵਿਭਾਗ ਨਦੀਆਂ ਦੀ ਸਫ਼ਾਈ ਕਰਵਾਉਂਦਾ ਹੈ, ਪਰ ਮਨਰੇਗਾ ਕਾਮਿਆਂ ਤੋਂ ਕਰਵਾਉਂਦਾ ਹੈ। ਉਨ੍ਹਾਂ ਨੇ ਇਸ ਕੰਮ ਲਈ ਕੋਈ ਸਿਖਲਾਈ ਨਹੀਂ ਲਈ ਹੁੰਦੀ। ਪੰਦਰਵੇਂ ਵਿੱਤ ਕਮਿਸ਼ਨ ਨੂੰ ਵੀ ਵਰਤਿਆ ਜਾਂਦਾ ਹੈ। ਸਫ਼ਾਈ ਬਾਰੇ ਮਹਿਕਮੇ ਚਰਚਾ ਵਿੱਚ ਵੀ ਰਹਿੰਦੇ ਹਨ। ਸਰਕਾਰ ਹਰ ਸਾਲ ਕੱਚੇ ਕੰਮਾਂ ਨਾਲੋਂ ਡਰੇਨਾਂ ਨੂੰ ਪੱਕੇ ਕਰੇ। ਮਨਰੇਗਾ ਕਰਮਚਾਰੀਆਂ ਨੂੰ ਪੂਰੀ ਸਿਖਲਾਈ ਦੇ ਕੇ ਸਿਰਫ਼ ਹੜ੍ਹ ਰੋਕੂ ਕੰਮਾਂ 'ਤੇ ਹੀ ਲਾਇਆ ਜਾਵੇ। ਇਸ ਲਈ ਵਿਸ਼ੇਸ਼ ਫੰਡ ਰੱਖ ਕੇ ਤਰਤੀਬ ਨਾਲ ਕੰਮ ਕੀਤੇ ਜਾਣ। ਸਰਕਾਰ ਅਤੇ ਲੋਕ ਮਿਲਜੁਲ ਕੇ ਹੜ੍ਹ ਰੋਕਣ ਲਈ ਲੋਕ ਲਹਿਰ ਉਸਾਰਨ। ਸਾਨੂੰ ਪਤਾ ਹੀ ਹੈ ਕਿ ਕੁਦਰਤੀ ਕਰੋਪੀਆਂ ਮੂਹਰੇ ਸਾਰੇ ਨਿਹਫ਼ਲ ਹੋ ਜਾਂਦੇ ਹਨ। ਹੜ੍ਹਾਂ ਦੇ ਮਾਰੂ ਪ੍ਰਭਾਵ ਬਹੁਤ ਵੱਡੀ ਤ੍ਰਾਸਦੀ ਹੁੰਦੇ ਹਨ। ਇਨ੍ਹਾਂ ਮਗਰੋਂ ਮਾਰੂ ਰੋਗ ਫੈਲਦੇ ਹਨ। ਡੇਂਗੂ ਡਾਹ ਨਹੀਂ ਦਿੰਦਾ। ਲੋਕ ਡਾਕਟਰਾਂ ਦੇ ਚੱਕਰਾਂ ਵਿੱਚ ਫਸ ਜਾਂਦੇ ਹਨ। ਬੱਚਿਆਂ ਦੀ ਸਿੱਖਿਆ ਪ੍ਰਭਾਵਿਤ ਹੁੰਦੀ ਹੈ। ਅਰਥਚਾਰੇ ਨੂੰ ਢਾਹ ਲੱਗਦੀ ਹੈ। ਫ਼ਸਲਾਂ ਦਾ ਵੱਡਾ ਨੁਕਸਾਨ ਹੁੰਦਾ ਹੈ। ਪ੍ਰਸ਼ਾਸਨ ਦਾ ਸਮਾਂ ਖਰਾਬ ਹੁੰਦਾ ਹੈ। ਸਰਕਾਰ ਹੜ੍ਹ ਰਾਹਤ ਕੇਂਦਰ ਸਥਾਪਿਤ ਕਰਦੀ ਹੈ। ਇਹ ਸਵੈ-ਸੇਵੀ ਸੰਸਥਾਵਾਂ ਨਾਲ ਮਿਲ ਕੇ ਪੀੜਤਾਂ ਨੂੰ ਰਾਹਤ ਦਿੰਦੇ ਹਨ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਹੜ੍ਹ ਦੀ ਆਫ਼ਤ ਨੂੰ ਰੋਕਣ, ਇਨ੍ਹਾਂ ਦੇ ਪ੍ਰਬੰਧਨ ਅਤੇ ਪ੍ਰਭਾਵਾਂ ਨੂੰ ਰੋਕਣ ਲਈ ਹਰ ਸਾਲ ਪੁਖ਼ਤਾ ਇੰਤਜ਼ਾਮ ਹੋਣ ਤਾਂ ਜੋ ਜੀਵਨ ਗਤੀ ਨਿਰਵਿਘਨ ਚੱਲਦੀ ਰਹੇ।



# ਕੀ ਚੀਨ ਦੀ ਭਾਰਤ ਨਾਲ ਨਿਭ ਸਕੇਗੀ?

**ਵੀਨਾ ਗੌਤਮ**
ਲੇਖਿਕਾ ਵਿਸ਼ਿਸ਼ਟ ਮੀਡੀਆ ਤੇ ਖੋਜ ਸੰਸਥਾਨ, ਇਮੇਜ ਰਿਫਲੈਕਸ਼ਨ ਸੈਂਟਰ 'ਚ ਕਾਰਜਕਾਰੀ ਸੰਪਾਦਕ ਹੈ।

ਪਿਛਲੇ ਦਿਨੀਂ ਤਿਆਨਜਿਨ ਵਿੱਚ ਹੋਏ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਸੰਮੇਲਨ ਦੀਆਂ ਜੋ ਤਸਵੀਰਾਂ ਜਾਰੀ ਹੋਈਆਂ ਹਨ, ਉਸ ਨੇ ਇਕਦਮ ਪੂਰੀ ਦੁਨੀਆ ਦੀ ਕੂਟਨੀਤੀ ਵਿੱਚ ਭੁਚਾਲ ਲਿਆ ਦਿੱਤਾ ਹੈ। ਇਨ੍ਹਾਂ ਦੋ ਦਿਨਾਂ ਦੌਰਾਨ ਯੂਰਪ ਦੇ ਵੱਖ-ਵੱਖ ਦੇਸ਼ਾਂ ਅਤੇ ਅਮਰੀਕਾ ਦੇ ਵਿਚਕਾਰ ਘੰਟਿਆਂਬੱਧੀ ਫੋਨ ਖੜਕਦੇ ਰਹੇ। ਇਸ ਦੌਰਾਨ ਉਨ੍ਹਾਂ ਵਿੱਚ ਹੋਏ ਚਰਚਿਆਂ ਬਾਰੇ ਅੰਦਾਜ਼ੇ ਅਤੇ ਉਨ੍ਹਾਂ ਦੇ ਅਰਥ ਸਿੱਧੇ ਤੇ ਸਪੱਸ਼ਟ ਨਹੀਂ ਕੱਢੇ ਜਾ ਸਕਦੇ, ਕਿਉਂਕਿ ਇਨ੍ਹਾਂ ਦੇ ਬਹੁਤ ਵੱਡੇ ਮਾਇਨੇ ਹੁੰਦੇ ਹਨ। ਅਸੀਂ ਜਾਣਦੇ ਹਾਂ ਕਿ ਸੋਸ਼ਲ ਮੀਡੀਆ ਦਾ ਰਾਸ਼ਟਰਵਾਦ ਕਿਸ ਤਰ੍ਹਾਂ ਉਤਸ਼ਾਹ ਵਿੱਚ ਆਪਣੇ ਪੈਰਾਂ 'ਤੇ ਆਪ ਕੁਹਾੜੀ ਮਾਰਨ ਦੀ ਸਲਾਹ ਦਿੰਦਾ ਹੈ। ਇਸ ਲਈ ਸੋਸ਼ਲ ਮੀਡੀਆ ਵਿੱਚ 'ਫਲਾਣੇ ਦੀ ਹਵਾ ਨਿਕਲੀ, ਢਿਕਾਣੇ ਦੀ ਹੈਂਕੜੀ ਗਾਇਬ ਹੋ ਗਈ', ਵਰਗੇ ਵਿਸ਼ਲੇਸ਼ਣਾਂ ਵੱਲ ਬਹੁਤਾ ਧਿਆਨ ਦੇਣ ਦੀ ਲੋੜ ਨਹੀਂ ਹੈ। ਦਰਅਸਲ ਦੁਨੀਆ ਲਈ ਸੱਚਮੁੱਚ ਵੱਡਾ ਕੂਟਨੀਤਿਕ ਸੰਕਟ ਖੜ੍ਹਾ ਹੋ ਗਿਆ ਹੈ ਜਿਸ ਕਰਕੇ ਹੌਲੀ-ਹੌਲੀ ਤੇ ਝਟਪਟ ਆਕਾਰ ਲੈਣ ਵਾਲੀਆਂ ਕਈ ਨਵੀਆਂ ਵਿਸ਼ਵ ਵਿਵਸਥਾਵਾਂ ਆਪਣੀ ਧੁੰਦਲੀ ਜਿਹੀ ਤਸਵੀਰ ਤਿਆਰ ਕਰਨ ਤੋਂ ਪਹਿਲਾਂ ਹੀ ਸੰਕਟ ਵਿੱਚ ਪੈ ਸਕਦੀਆਂ ਹਨ। ਜੇਕਰ 'ਨਿਊਯਾਰਕ ਟਾਈਮਜ਼' ਅਤੇ ਕੁਝ ਯੂਰਪੀ ਅਖਬਾਰਾਂ ਦੀ ਮੰਨੀਏ ਤਾਂ ਅਮਰੀਕੀ ਪ੍ਰਸ਼ਾਸਨ ਦੇ ਅਧਿਕਾਰੀਆਂ ਤੇ ਯੂਰਪੀ ਯੂਨੀਅਨ ਦੇ ਨੌਕਰਸ਼ਾਹਾਂ ਵਿਚਕਾਰ ਉਨ੍ਹਾਂ 24 ਘੰਟਿਆਂ ਦੌਰਾਨ ਦੋ ਦਰਜਨ ਤੋਂ ਵੱਧ ਵਾਰ ਰਣਨੀਤਕ ਗੱਲਬਾਤ ਹੋਈ ਅਤੇ ਇਸ ਦਾ ਸਭ ਤੋਂ ਡਰਾਉਣਾ ਤੌਖਲਾ ਇਹ ਹੈ ਕਿ ਕਿਤੇ ਟਰੰਪ ਨੂੰ ਖੁਸ਼ ਕਰਨ ਜਾਂ ਉਸ ਦੀ ਧੌਂਸ/ਘੁਡ਼ਕੀ ਦੇ ਚੱਲਦਿਆਂ ਯੂਰਪੀ ਯੂਨੀਅਨ ਵੀ ਸਾਨੂੰ ਅੱਖਾਂ ਵਿਖਾਉਣ ਦੀ ਕੋਈ ਭੂਮਿਕਾ ਤਾਂ ਨਹੀਂ ਬਣਾ ਰਿਹਾ? ਇਸ ਨਾਲੋਂ ਵੀ ਵੱਧ ਚਿੰਤਾਜਨਕ ਖ਼ਬਰਾਂ ਇਹ ਸੁਣਨ 'ਚ ਆ ਰਹੀਆਂ ਹਨ ਕਿ ਟਰੰਪ ਦੇ ਦਬਾਅ ਵਿੱਚ ਯੂਰਪੀ ਯੂਨੀਅਨ ਦੇ ਕਈ ਦੇਸ਼ ਭਾਰਤ ਹੀ ਨਹੀਂ, ਭਾਰਤੀ ਕਾਰਪੋਰੇਟ ਕੰਪਨੀਆਂ 'ਤੇ ਵੀ ਪਾਬੰਦੀ ਲਗਾਉਣ ਦੀ ਗੁਸਤਾਖ਼ੀ ਕਰ ਸਕਦੇ ਹਨ। ਇਸ ਲਈ ਸਾਨੂੰ ਦੋ ਕਦਮ ਅੱਗੇ ਅਤੇ ਇੱਕ ਕਦਮ ਪਿੱਛੇ ਹਟਣ ਦੀ ਰਣਨੀਤੀ ਯਾਦ ਰੱਖਣੀ ਹੋਵੇਗੀ, ਕਿਉਂਕਿ ਅਸੀਂ ਕਈ ਵਾਰ ਚੀਨ ਤੋਂ ਧੋਖਾ ਖਾਧਾ ਹੈ ਅਤੇ ਰੂਸ ਵੀ ਹੁਣ ਪਹਿਲਾਂ ਵਾਲੇ ਸੋਵੀਅਤ ਸੰਘ ਦੇ ਜ਼ਮਾਨੇ ਵਾਲਾ ਰੂਸ ਨਹੀਂ ਰਿਹਾ। ਸਭ ਤੋਂ ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਭਾਰਤੀ ਕਾਰਪੋਰੇਟਰਾਂ 'ਤੇ ਜੋ 15 ਤੋਂ 17 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਉਹ ਸਾਰਾ ਡਾਲਰਾਂ ਵਿੱਚ ਹੈ। ਅਜਿਹੇ ਵਿੱਚ 'ਹਿੰਦੀ-ਚੀਨੀ ਭਾਈ ਭਾਈ' ਨਾਅਰਾ ਤਾਂ ਠੀਕ ਹੈ, ਪਰ ਸਾਨੂੰ ਬਹੁਤੇ ਉਤਸ਼ਾਹ ਵਿੱਚ ਆਉਣ ਦੀ ਜ਼ਰੂਰਤ ਨਹੀਂ ਹੈ, ਕਿਤੇ ਅਜਿਹਾ ਨਾ ਹੋਵੇ ਕਿ ਇੱਕ ਝਟਕੇ ਵਿੱਚ ਹੀ ਇਕ ਡਾਲਰ ਸੌ ਰੁਪਏ ਦਾ ਹੋ ਜਾਵੇ। ਅਜਿਹਾ ਹੋਣ 'ਤੇ ਅਮਰੀਕੀ ਟੈਰਿਫ ਦੇ 'ਚਾਬੁਕ' ਦਾ ਜੋ ਅਸਰ ਹੁਣ ਤੱਕ




ਸਾਡੇ 'ਤੇ ਨਹੀਂ ਹੋਇਆ, ਉਸ ਨਾਲੋਂ ਕਈ ਗੁਣਾ ਜ਼ਿਆਦਾ ਡਾਲਰ ਦੇ ਮੁਕਾਬਲੇ ਕਮਜ਼ੋਰ ਰੁਪਿਆ ਸਾਡੀ ਹਾਲਤ ਪਤਲੀ ਕਰ ਦੇਵੇਗਾ।

ਹਾਲਾਂਕਿ ਐਸ.ਸੀ.ਓ. ਸੰਮੇਲਨ ਅਜੇ ਅਸਲ ਤੇ ਸਥਾਈ ਰਣਨੀਤੀ ਤੈਅ ਨਹੀਂ ਕਰੇਗਾ, ਸਗੋਂ ਫੋਟੋ ਸੁਨੇਹਿਆਂ ਨਾਲ ਫੋਟੋ ਕੂਟਨੀਤੀ ਹੀ ਕਰ ਸਕਦਾ ਹੈ। ਪਰ ਤਿਆਨਜਿਨ ਤੋਂ ਆਈਆਂ ਜਿਨ੍ਹਾਂ ਤਸਵੀਰਾਂ ਨੂੰ ਅਸੀਂ ਇਕਜੁੱਟਤਾ ਮੰਚ ਦਾ ਹਿੱਸਾ ਮੰਨ ਰਹੇ ਹਾਂ, ਉਹ ਯੂਰਪੀ ਯੂਨੀਅਨ ਤੇ ਅਮਰੀਕਾ ਦੀਆਂ ਨਜ਼ਰਾਂ ਵਿੱਚ ਭਾਰਤ ਤੇ ਚੀਨ ਦੀ 'ਗਲੋਬਲ ਸਾਊਥ' 'ਤੇ ਕਬਜ਼ਾ ਕਰਨ ਦੀ ਰਣਨੀਤੀ ਵੀ ਮੰਨੀ ਜਾ ਸਕਦੀ ਹੈ। ਇਸ ਲਈ ਸੋਚ-ਸੋਚ ਕੇ ਕਦਮ ਚੁੱਕਣ ਤੋਂ ਇਲਾਵਾ ਬਿਆਨਾਂ ਵਿੱਚ ਵੀ ਸੰਜਮ ਵਰਤਣਾ ਹੋਵੇਗਾ, ਇਹ ਗੱਲ ਖਾਸ ਕਰਕੇ ਪ੍ਰੋ-ਇੰਡੀਆ ਥਿੰਕ ਟੈਂਕ ਨੂੰ ਚੰਗੀ ਤਰ੍ਹਾਂ ਨਾਲ ਸਮਝਣੀ ਹੋਵੇਗੀ। ਜੇ ਤੁਸੀਂ ਧਿਆਨ ਦਿੱਤਾ ਹੋਵੇ ਤਾਂ ਇਕ ਸੰਕੇਤ ਭਾਰਤ ਪਹਿਲਾਂ ਹੀ ਦੇ ਚੁੱਕਾ ਹੈ। ਜਦੋਂ ਭਾਰਤੀ ਪ੍ਰਤੀਨਿਧੀ ਮੰਡਲ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ 'ਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿਗ ਦੇ ਪ੍ਰਤੀਨਿਧੀ ਮੰਡਲ ਨੂੰ ਮਿਲਿਆ ਤਾਂ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਮੋਦੀ ਦੇ ਨਾਲ ਨਹੀਂ ਸਨ, ਜਦਕਿ ਬੀਤੇ ਦਿਨੀਂ ਭਾਰਤ ਦਾ ਦੌਰਾ ਕਰਨ ਵਾਲੇ ਚੀਨੀ ਵਿਦੇਸ਼ ਮੰਤਰੀ ਉੱਥੇ ਮੌਜੂਦ ਸਨ। ਕੀ ਇਸ ਨਾਲ ਭਾਰਤ ਕੋਈ ਸੁਨੇਹਾ ਦੇ ਰਿਹਾ ਸੀ? ਪ੍ਰਧਾਨ ਮੰਤਰੀ ਮੋਦੀ ਦੇ ਉਸ ਬਿਆਨ ਨੂੰ ਨਾ ਭੁੱਲੋ, ਜਦੋਂ ਉਨ੍ਹਾਂ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਸੀ ਕਿ ਨਿਵੇਸ਼ ਚਾਹੇ ਕਾਲਾ ਹੋਵੇ ਜਾਂ ਲਾਲ, ਭਾਰਤ ਸਭ ਤਰ੍ਹਾਂ ਦੇ ਨਿਵੇਸ਼ ਦਾ ਸਵਾਗਤ ਕਰਦਾ ਹੈ। ਮੋਦੀ ਦੀ ਇਹ ਸੰਕੇਤਕ ਟਿੱਪਣੀ ਵਿੱਚ ਇਹ ਸੁਨੇਹਾ ਸਪੱਸ਼ਟ ਸੀ ਕਿ ਸਾਨੂੰ ਡਾਲਰ ਤੋਂ ਕਿਸੇ ਵੀ ਤਰ੍ਹਾਂ ਦਾ ਪਰਹੇਜ਼ ਨਹੀਂ ਹੈ। ਭਾਵੇਂ ਅਸੀਂ ਹਰ ਵਾਰ ਆਪਣੇ ਕਿਸਾਨਾਂ, ਪਸ਼ੂ ਪਾਲਕਾਂ ਤੇ ਮਛੇਰਿਆਂ 'ਤੇ ਕਿਸੇ ਵੀ ਤਰ੍ਹਾਂ ਦਾ ਕੋਈ ਸੰਕਟ ਨਾ ਆਉਣ ਦੇਣ ਲਈ ਇਨ੍ਹਾਂ ਖੇਤਰਾਂ ਨੂੰ ਆਲਮੀ ਕਾਰੋਬਾਰ ਲਈ ਨਾ ਖੋਲ੍ਹਣ ਦੀਆਂ ਗੱਲਾਂ ਕਰਦੇ ਹਾਂ। ਪਰ ਇਨ੍ਹਾਂ ਤੋਂ ਵੀ ਵੱਡਾ ਦਬਾਅ ਭਾਰਤੀ ਕਾਰਪੋਰੇਟ ਸੈਕਟਰ 'ਤੇ ਹੈ, ਕਿਉਂਕਿ ਸਾਡਾ ਸਮੁੱਚਾ ਕਾਰਪੋਰੇਟ ਢਾਂਚਾ ਡਾਲਰ ਆਧਾਰਿਤ ਹੈ। ਸਾਡੇ ਵੱਡੇ ਹਿੱਤ ਖਾਸ ਕਰਕੇ 'ਟੈਕਨਾਲੋਜੀ-ਟ੍ਰਾਂਸਫਰ (ਹਸਤਾਂਤਰਣ)' ਡਾਲਰ ਢਾਂਚੇ ਨਾਲ ਜੁੜੇ ਹੋਏ ਹਨ, ਇਸ ਲਈ ਅਸੀਂ ਰਾਤੋ-ਰਾਤ ਕਿਸੇ ਡਾਲਰ ਵਿਰੋਧੀ ਉਤਸ਼ਾਹ ਦਾ ਹਿੱਸਾ ਨਹੀਂ ਬਣ ਸਕਦੇ।

ਭਾਰਤੀ ਕਾਰਪੋਰੇਟ ਜਗਤ ਦੀ 90 ਫ਼ੀਸਦੀ ਕਮਾਈ ਡਾਲਰ ਵਿੱਚ ਹੋਣ ਤੋਂ ਇਲਾਵਾ ਭਾਰਤ ਵਿੱਚ 70 ਫ਼ੀਸਦੀ ਤੋਂ ਵੱਧ ਨਿਵੇਸ਼ ਵੀ ਡਾਲਰ 'ਚ ਹੈ। ਭਾਰਤ ਨੂੰ ਸਭ ਤੋਂ ਵੱਧ 'ਰਿਮੀਟੈਂਸ' ਕਮਾਈ ਡਾਲਰ ਰਾਹੀਂ ਹੀ ਹੁੰਦੀ ਹੈ ਅਤੇ ਪਿਛਲੇ ਸਾਲ ਭਾਰਤ ਨੇ ਵਿਦੇਸ਼ਾਂ ਤੋਂ ਆਈ.ਟੀ. ਸੈਕਟਰ ਰਾਹੀਂ ਜੋ 104 ਅਰਬ ਡਾਲਰ ਕਮਾਏ, ਉਹ ਸਭ ਡਾਲਰ ਵਿੱਚ ਸਨ ਅਤੇ ਉਸ ਤੋਂ ਵੱਡੀ ਗੱਲ ਇਹ ਕਿ ਸਾਡੀ ਸੇਵਾਵਾਂ ਦੇ ਸੈਕਟਰ ਦੀ 70 ਫ਼ੀਸਦੀ ਕਮਾਈ ਅਮਰੀਕਾ ਤੋਂ ਹੈ। ਅਸੀਂ ਕਿਤੇ ਟਰੰਪ ਨੂੰ ਸਬਕ ਸਿਖਾਉਣ ਦੇ ਉਤਸ਼ਾਹ ਵਿੱਚ ਯੂਰਪ ਨੂੰ ਨਾਰਾਜ਼ ਨਾ ਕਰ ਬੈਠੀਏ। ਭਾਵੇਂ ਯੂਰਪੀ ਨੇਤਾ ਲੋਕਤੰਤਰ ਦੀਆਂ ਕਿੰਨੀਆਂ ਵੀ ਵੱਡੀਆਂ ਗੱਲਾਂ ਕਰਦੇ ਹਨ ਪਰ ਅੰਤ ਵਿੱਚ ਇਹ ਸਭ ਅਮਰੀਕਾ ਦੇ ਪਿੱਛੇ ਹੀ ਚੱਲਦੇ ਹਨ। ਮੰਨਿਆ ਕਿ ਸਾਡਾ ਚੀਨ ਦੇ ਨਾਲ 100 ਅਰਬ ਦਾ ਕਾਰੋਬਾਰ ਹੈ ਅਤੇ ਸਾਰੇ ਅਹਿਮ (ਕੋਰ) ਖੇਤਰਾਂ ਵਿੱਚ ਚੀਨ ਨੇ ਸਾਡੀ ਕਮਜ਼ੋਰ ਨਾੜ ਦਬਾਅ ਕੇ ਰੱਖੀ ਹੋਈ ਹੈ। ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਚੀਨ ਦੀ ਈਰਾਨ ਦੇ ਨਾਲ ਇੰਨੀ ਜ਼ਿਆਦਾ ਕਾਰੋਬਾਰੀ ਤੇ ਕੂਟਨੀਤਕ ਨੇੜਤਾ ਹੋਣ ਦੇ ਬਾਵਜੂਦ ਉਹ ਅਮਰੀਕਾ ਤੇ ਇਜ਼ਰਾਇਲ ਵੱਲੋਂ ਇਰਾਨ ਦੇ ਪਰਮਾਣੂ ਟਿਕਾਣਿਆਂ 'ਤੇ ਇਕਤਰਫਾ ਕਾਰਵਾਈ ਦੌਰਾਨ ਉਸ ਦੀ ਮਦਦ ਲਈ ਅੱਗੇ ਨਹੀਂ ਸੀ ਆਇਆ।

ਅਮਰੀਕਾ ਨੇ ਭਾਰਤ 'ਤੇ ਜੋ 50 ਫ਼ੀਸਦੀ ਟੈਰਿਫ ਲਗਾਇਆ ਹੈ, ਫਿਲਹਾਲ ਉਸ ਨਾਲ ਸਾਡਾ 40 ਅਰਬ ਡਾਲਰ ਦਾ ਕਾਰੋਬਾਰ ਪ੍ਰਭਾਵਿਤ ਹੋ ਰਿਹਾ ਹੈ ਅਤੇ ਅੰਤ ਵਿੱਚ ਸਾਨੂੰ 25 ਤੋਂ 30 ਅਰਬ ਡਾਲਰ ਦਾ ਹੀ ਝਟਕਾ ਲੱਗੇਗਾ। ਪਰ ਜੇਕਰ ਅਸੀਂ ਅਮਰੀਕਾ ਨੂੰ ਚਿੜਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਟੈਰਿਫ ਤੋਂ ਕਿਤੇ ਜ਼ਿਆਦਾ ਭਾਰਤੀ ਕਾਰਪੋਰੇਟ 'ਤੇ ਪਾਬੰਦੀਆਂ ਲਗਾ ਕੇ ਸਾਡੀ ਆਰਥਿਕਤਾ ਨੂੰ ਵੀ ਤਹਿਸ-ਨਹਿਸ ਕਰ ਸਕਦਾ ਹੈ ਅਤੇ ਉਸ ਸਮੇਂ ਅਮਰੀਕੀ ਕਾਰਪੋਰੇਟ ਜਗਤ ਵੀ ਹੁਣ ਵਾਂਗ ਟਰੰਪ ਦਾ ਵਿਰੋਧ ਨਹੀਂ ਕਰੇਗਾ। ਸਾਨੂੰ ਹਰ ਕਦਮ ਬਹੁਤ ਸੋਚ ਕੇ ਵਧਾਉਣਾ ਚਾਹੀਦਾ ਹੈ, ਰੂਸ ਤੋਂ ਤੇਲ ਖਰੀਦਣ ਨਾਲ ਭਾਰਤ ਨੂੰ ਜੋ 4-5 ਅਰਬ ਡਾਲਰ ਦਾ ਲਾਭ ਹੁੰਦਾ ਹੈ, ਉਸ ਦਾ ਵੱਡਾ ਹਿੱਸਾ ਤਾਂ ਵੱਡੇ ਪੂੰਜੀਪਤੀਆਂ ਦੇ ਖਾਤਿਆਂ ਵਿੱਚ ਜਾ ਰਿਹਾ ਹੈ। ਜੇ ਆਮ ਭਾਰਤੀ ਨੂੰ ਇਸ ਦਾ ਕੋਈ ਲਾਭ ਹੀ ਨਹੀਂ ਮਿਲ ਰਿਹਾ ਤਾਂ ਅਸੀਂ ਰਾਸ਼ਟਰਵਾਦ ਦੀ ਖੁਮਾਰੀ ਵਿੱਚ ਵੱਡੀ ਕੀਮਤ ਚੁਕਾਉਣ ਲਈ ਕਿਵੇਂ ਤਿਆਰ ਹੋ ਸਕਦੇ ਹਾਂ?

(ਬਾਕੀ ਸਫ਼ਾ 27 'ਤੇ)

# ਭਾਰਤ ਦਾ ਵਿਸ਼ਵ ਵਿਕਾਸ ਵਿੱਚ 15 ਫ਼ੀਸਦੀ ਤੋਂ ਵੱਧ ਯੋਗਦਾਨ



ਹਰਦੀਪ ਸਿੰਘ ਪੁਰੀ

ਭਾਰਤੀ ਸੱਭਿਅਤਾ ਵਿੱਚ ਲੰਬੇ ਸਮੇਂ ਤੋਂ ਇਹ ਮਾਨਤਾ ਰਹੀ ਹੈ ਕਿ ਕਾਮਯਾਬੀ ਤੋਂ ਪਹਿਲਾਂ ਪ੍ਰੀਖਿਆ ਹੁੰਦੀ ਹੈ। ਜਿਵੇਂ ਸਮੁੰਦਰ ਮੰਥਨ ਦੀ ਪ੍ਰਕਿਰਿਆ ਨਾਲ ਅੰਮ੍ਰਿਤ ਨਿਕਲਿਆ ਸੀ, ਇਸੇ ਤਰ੍ਹਾਂ ਆਰਥਿਕ ਮੰਥਨ ਨੇ ਵੀ ਹਮੇਸ਼ਾ ਨਵੀਨਤਾ ਦਾ ਰਾਹ ਪੱਧਰਾ ਕੀਤਾ ਹੈ। ਸਾਲ 1991 ਦੇ ਸੰਕਟ ਨਾਲ ਜਿੱਥੇ ਉਦਾਰੀਕਰਨ ਦਾ ਜਨਮ ਹੋਇਆ, ਉੱਥੇ ਮਹਾਂਮਾਰੀ ਨਾਲ ਡਿਜੀਟਲ ਵਰਤੋਂ ਤੇਜ਼ ਹੋਈ। ਭਾਰਤ ਨੂੰ 'ਮ੍ਰਿਤਕ ਅਰਥਵਿਵਸਥਾ' ਕਹਿਣ ਵਾਲੇ ਸ਼ੱਕੀਆਂ ਦੇ ਰੌਲੇ-ਰੱਪੇ ਦੇ ਵਿਚਕਾਰ ਅੱਜ ਤੇਜ਼ ਵਿਕਾਸ ਅਤੇ ਵਿਆਪਕ ਮੌਕਿਆਂ ਦੀ ਇਕ ਤੱਥਾਂ ਵਾਲੀ ਕਹਾਣੀ ਸਾਹਮਣੇ ਆਈ ਹੈ। ਜੀ.ਡੀ.ਪੀ. ਦੇ ਤਾਜ਼ਾ ਅੰਕੜਿਆਂ ਅਨੁਸਾਰ ਵਿੱਤੀ ਵਰ੍ਹੇ 2025-26 ਦੀ ਪਹਿਲੀ ਤਿਮਾਹੀ ਵਿੱਚ ਅਸਲ ਜੀ.ਡੀ.ਪੀ. 7.8 ਫ਼ੀਸਦੀ ਦੀ ਦਰ ਨਾਲ ਵਧੀ ਹੈ, ਜੋ ਪਿਛਲੀਆਂ 5 ਤਿਮਾਹੀਆਂ ਵਿੱਚ ਸਭ ਤੋਂ ਵੱਧ ਹੈ। ਇਹ ਵਾਧਾ ਵਿਆਪਕ ਹੈ। ਕੁੱਲ ਮੁੱਲ ਜੋੜ (ਜੀ.ਵੀ.ਏ) 7.6 ਫ਼ੀਸਦੀ ਵਧਿਆ ਹੈ, ਜਿਸ ਵਿੱਚ ਮੈਨੂਫੈਕਚਰਿੰਗ ਖੇਤਰ 7.7 ਫ਼ੀਸਦੀ, ਨਿਰਮਾਣ 7.6 ਫ਼ੀਸਦੀ ਤੇ ਸੇਵਾਵਾਂ ਖੇਤਰ ਵਿੱਚ 9.3 ਫ਼ੀਸਦੀ ਦਾ ਵਾਧਾ ਹੋਇਆ ਹੈ। ਭਾਰਤ ਹੁਣ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਤੇ ਸਭ ਤੋਂ ਤੇਜ਼ੀ ਨਾਲ ਅੱਗੇ ਵਧ ਰਹੀ ਮੁੱਖ ਅਰਥਵਿਵਸਥਾ ਹੈ। ਜੋ ਦੁਨੀਆ ਦੀ ਪਹਿਲੀ (ਅਮਰੀਕਾ) ਤੇ ਦੂਜੀ (ਚੀਨ) ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਨੂੰ



ਪਛਾੜ ਕੇ ਅੱਗੇ ਨਿਕਲ ਗਈ ਹੈ। ਅਸੀਂ ਮੌਜੂਦਾ ਗਤੀ ਨਾਲ ਇਸ ਦਹਾਕੇ ਦੇ ਅੰਤ ਤੱਕ ਜਰਮਨੀ ਨੂੰ ਪਛਾੜ ਕੇ ਮਾਰਕਿਟ-ਐਕਸਚੇਂਜ ਦੇ ਮਾਮਲੇ ਵਿੱਚ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੇ ਰਾਹ 'ਤੇ ਹਾਂ। ਭਾਰਤ ਵਿਸ਼ਵ ਵਿਕਾਸ ਵਿੱਚ 15 ਫ਼ੀਸਦੀ ਤੋਂ ਵੱਧ ਯੋਗਦਾਨ ਪਾ ਰਿਹਾ ਹੈ। ਵੱਖ-ਵੱਖ ਬਾਜ਼ਾਰਾਂ ਤੇ ਰੇਟਿੰਗ ਏਜੰਸੀਆਂ ਨੇ ਇਸ ਅਨੁਸ਼ਾਸਨ ਨੂੰ ਮਾਨਤਾ ਦਿੱਤੀ ਹੈ। ਐੱਸ.ਐਂਡ ਪੀ.ਗਲੋਬਲ ਨੇ 18 ਸਾਲਾਂ ਵਿੱਚ ਪਹਿਲੀ ਵਾਰ ਭਾਰਤ ਦੀ ਸੌਵਰੇਨ ਰੇਟਿੰਗ ਨੂੰ ਅਪਗ੍ਰੇਡ ਕੀਤਾ ਹੈ, ਜਿਸ ਵਿੱਚ ਮਜ਼ਬੂਤ ਵਿਕਾਸ, ਮੁਦਰਾ ਭਰੋਸੇਯੋਗਤਾ ਤੇ ਵਿੱਤੀ ਇਕਜੁੱਟਤਾ ਦਾ ਹਵਾਲਾ ਦਿੱਤਾ ਗਿਆ ਹੈ। ਇਹ ਮਹੱਤਵਪੂਰਨ ਹੈ ਕਿ ਸਾਲ 2013-14 ਅਤੇ 2022-23 ਦੇ ਵਿਚਕਾਰ 24.82 ਕਰੋੜ ਭਾਰਤੀ ਗ਼ਰੀਬੀ ਰੇਖਾ ਤੋਂ ਬਾਹਰ ਨਿਕਲ ਆਏ ਹਨ। ਇਹ ਪਰਿਵਰਤਨ ਬੁਨਿਆਦੀ ਸੇਵਾਵਾਂ- ਬੈਂਕ ਖਾਤੇ, ਰਸੋਈ ਦੇ ਲਈ ਸਵੱਛ ਈਂਧਣ, ਸਿਹਤ ਬੀਮਾ, ਟੂਟੀ ਦਾ ਪਾਣੀ ਅਤੇ ਸਹੂਲਤਾਂ ਦੀ ਵੱਡੇ ਪੈਮਾਨੇ 'ਤੇ ਸਪਲਾਈ 'ਤੇ ਨਿਰਭਰ ਕਰਦਾ ਹੈ, ਜਿਸ ਨਾਲ ਗ਼ਰੀਬਾਂ ਨੂੰ ਬਦਲ ਚੁਣਨ ਦਾ ਮੌਕਾ ਮਿਲਦਾ ਹੈ। ਦੁਨੀਆ ਦੇ ਸਭ ਤੋਂ ਜੀਵੰਤ ਲੋਕਤੰਤਰ ਤੇ ਜ਼ਿਕਰਯੋਗ ਜਨਸੰਖਿਆ ਚੁਣੌਤੀਆਂ ਦਰਮਿਆਨ ਅਸੀਂ ਇਕ ਮੈਰਾਥਨ ਦੌੜਾਕ ਦੀ ਤਰਜ਼ 'ਤੇ ਇੱਕ ਲੰਬੀ-ਦੂਰੀ ਦੀ ਅਰਥਵਿਵਸਥਾ ਬਣਾ ਰਹੇ ਹਾਂ।

ਭਾਰਤ ਦੇ ਪੈਟਰੋਲੀਅਮ ਮੰਤਰੀ ਹੋਣ ਦੇ ਨਾਤੇ, ਮੈਂ ਪੁਸ਼ਟੀ ਕਰ ਸਕਦਾ ਹਾਂ ਕਿ ਸਾਡੀ ਊਰਜਾ ਸੁਰੱਖਿਆ ਇਸ ਤੇਜ਼ ਵਿਕਾਸ ਦਾ ਸਮਰਥਨ ਕਰ ਰਹੀ ਹੈ। ਅੱਜ, ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਊਰਜਾ ਖਪਤਕਾਰ, ਚੌਥਾ ਸਭ ਤੋਂ ਵੱਡਾ ਤੇਲ ਸਾਫ਼ ਕਰਨ ਵਾਲਾ ਅਤੇ ਐੱਲ.ਐੱਨ.ਜੀ. ਦਾ ਚੌਥਾ ਸਭ ਤੋਂ ਵੱਡਾ ਦਰਾਮਦਕਾਰ ਹੈ। ਸਾਡੀ ਤੇਲ ਸਾਫ਼ ਕਰਨ ਦੀ ਸਮਰੱਥਾ ਪ੍ਰਤੀ ਦਿਨ 5.2 ਮਿਲੀਅਨ ਬੈਰਲ ਤੋਂ ਵੱਧ ਹੈ ਅਤੇ ਸਾਡੇ ਕੋਲ ਇਸ ਦਹਾਕੇ ਦੇ ਅੰਤ ਤੱਕ ਇਸ ਨੂੰ 40 ਕਰੋੜ ਟਨ ਪ੍ਰਤੀ ਸਾਲ ਤੋਂ ਵਧਾਉਣ ਲਈ ਇਕ ਸਪੱਸ਼ਟ ਰੋਡਮੈਪ ਹੈ। ਭਾਰਤ ਦੀ ਊਰਜਾ ਸੰਬੰਧੀ ਮੰਗ 2047 ਤੱਕ ਦੁੱਗਣੀ ਹੋਣ ਦਾ ਅਨੁਮਾਨ ਹੈ। ਸਰਕਾਰ ਦਾ ਦ੍ਰਿਸ਼ਟੀਕੋਣ ਸੁਰੱਖਿਆ ਨੂੰ ਸੁਧਾਰਾਂ ਨਾਲ ਜੋੜਨ ਦਾ ਰਿਹਾ ਹੈ। ਤੇਲ ਦੀ ਖੋਜ ਅਧੀਨ ਖੇਤਰ 2021 ਵਿੱਚ 8 ਫ਼ੀਸਦੀ ਤੋਂ ਵਧ ਕੇ 2025 ਵਿੱਚ 16 ਫ਼ੀਸਦੀ ਤੋਂ ਵੱਧ ਹੋ ਗਿਆ ਹੈ। ਸਾਡੀ ਊਰਜਾ ਦੀ ਕਹਾਣੀ ਸਿਰਫ਼ ਹਾਈਡ੍ਰੋਕਾਰਬਨ ਦੀ ਹੀ ਨਹੀਂ, ਸਗੋਂ ਪਰਿਵਰਤਨ ਦੀ ਵੀ ਕਹਾਣੀ ਹੈ।

ਭਾਰਤ ਵਲੋਂ ਰੂਸ ਤੋਂ ਕੱਚੇ ਤੇਲ ਦੀ ਖ਼ਰੀਦ ਨੂੰ ਲੈ ਕੇ ਕੁਝ ਹਿੱਸਿਆਂ ਵਿੱਚ ਬਹੁਤ ਚਰਚਾ ਹੈ। ਅਸੀਂ ਰੂਸ ਦੇ ਤੇਲ ਕਰਕੇ ਇਰਾਨ ਜਾਂ ਵੈਨੇਜ਼ੁਏਲਾ ਦੇ ਕੱਚੇ ਤੇਲ 'ਤੇ ਪੂਰੀ ਤਰ੍ਹਾਂ ਕਦੇ ਵੀ ਪਾਬੰਦੀ ਨਹੀਂ ਲਗਾਈ। ਭਾਰਤ ਰੂਸ ਯੂਕ੍ਰੇਨ ਸੰਘਰਸ਼ ਤੋਂ ਬਹੁਤ ਪਹਿਲਾਂ ਦਹਾਕਿਆਂ ਤੋਂ ਪੈਟਰੋਲੀਅਮ ਉਤਪਾਦਾਂ ਦਾ ਚੌਥਾ ਸਭ ਤੋਂ ਵੱਡਾ ਨਿਰਯਾਤਕ ਰਿਹਾ ਹੈ ਅਤੇ ਸਾਡੇ ਰਿਫਾਈਨਰ ਦੁਨੀਆ ਭਰ ਦੇ ਵੱਖ-ਵੱਖ ਸਰੋਤਾਂ ਤੋਂ ਕੱਚਾ ਤੇਲ ਹਾਸਲ ਕਰਦੇ ਹਨ। ਦਰਅਸਲ, ਰੂਸ ਦੇ ਕੱਚੇ ਤੇਲ 'ਤੇ ਪਾਬੰਦੀਆਂ ਲਗਾਉਣ ਤੋਂ ਬਾਅਦ ਯੂਰਪ ਨੇ ਵੀ ਭਾਰਤੀ ਈਂਧਣਾਂ ਵੱਲ ਰੁਖ ਕੀਤਾ ਹੈ। ਭਾਰਤ ਨੇ ਯੂਕ੍ਰੇਨ ਸੰਘਰਸ਼ ਤੋਂ ਬਾਅਦ ਆਲਮੀ ਕੀਮਤਾਂ ਵਿੱਚ ਉਛਾਲ ਆਉਣ ਤੋਂ ਰੋਕਣ ਲਈ ਅਤੇ ਆਪਣੇ ਨਾਗਰਿਕਾਂ ਦੇ ਹਿਤਾਂ ਦੀ ਰੱਖਿਆ ਲਈ ਫੈਸਲਾਕੁੰਨ ਕਾਰਵਾਈ ਕੀਤੀ ਹੈ। ਵੱਡੀ ਸੱਚਾਈ ਇਹ ਹੈ ਕਿ ਆਲਮੀ ਤੇਲ ਦਾ ਲਗਭਗ 10 ਫ਼ੀਸਦੀ ਸਪਲਾਈ ਕਰਨ ਵਾਲੇ ਦੁਨੀਆ ਦੇ ਇਸ ਦੂਸਰੇ ਸਭ ਤੋਂ ਵੱਡੇ ਉਤਪਾਦਕ ਦਾ ਕੋਈ ਬਦਲ ਨਹੀਂ ਹੈ। ਉਂਗਲੀਆਂ ਚੁੱਕਣ ਵਾਲੇ ਇਸ ਤੱਥ ਨੂੰ ਨਜ਼ਰਅੰਦਾਜ਼ ਕਰਦੇ ਹਨ।

ਇਹ ਉਹੀ 'ਮੇਡ ਇਨ ਇੰਡੀਆ' ਹੈ ਜੋ ਭਾਰਤ ਵਿੱਚ ਵਿਸ਼ਵ ਦ੍ਰਿਸ਼ਟੀਕੋਣ ਲਈ ਨਵੀਂ ਉਦਯੋਗਿਕ ਕ੍ਰਾਂਤੀ ਨੂੰ ਆਕਾਰ ਦਿੰਦਾ ਹੈ। ਜਿਸ ਵਿੱਚ ਸੈਮੀਕੰਡਕਟਰ, ਇਲੈਕਟ੍ਰੋਨਿਕਸ, ਨਵਿਆਉਣਯੋਗ ਊਰਜਾ, ਰੱਖਿਆ ਅਤੇ ਵਿਸ਼ੇਸ਼ ਰਸਾਇਣ ਸ਼ਾਮਿਲ ਹਨ। ਸੈਮੀਕੰਡਕਟਰ ਨਿਰਮਾਣ ਦਾ ਵਾਧਾ ਹੁਣ ਨਵੀਆਂ ਉਚਾਈਆਂ 'ਤੇ ਪਹੁੰਚ ਰਿਹਾ ਹੈ। ਡਿਜੀਟਲ ਅਰਥਵਿਵਸਥਾ ਇਨ੍ਹਾਂ ਲਾਭਾਂ ਨੂੰ ਕਈ ਗੁਣਾ ਵਧਾ ਦਿੰਦੀ ਹੈ। ਭਾਰਤ ਰੀਅਲ-ਟਾਈਮ ਵਿੱਚ ਭੁਗਤਾਨ ਦੇ ਮਾਮਲੇ ਵਿੱਚ ਦੁਨੀਆ ਭਰ ਵਿੱਚ ਮੋਹਰੀ ਹੈ। ਯੂ.ਪੀ.ਆਈ. ਦੀ ਵਿਆਪਕਤਾ ਛੋਟੇ ਕਾਰੋਬਾਰਾਂ ਦੀ ਉਤਪਾਦਕਤਾ ਨੂੰ ਵਧਾਉਂਦੀ ਹੈ। ਭਾਰਤ 2038 ਤੱਕ ਪੀ.ਪੀ.ਪੀ. ਆਧਾਰ 'ਤੇ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਸਕਦਾ ਹੈ, ਜਿਸ ਦੀ ਜੀ.ਡੀ.ਪੀ. 34 ਟ੍ਰਿਲੀਅਨ ਅਮਰੀਕੀ ਡਾਲਰ ਤੋਂ ਵੱਧ ਹੋਵੇਗੀ। ਇਹ ਤਰੱਕੀ ਨਿਰੰਤਰ ਸੁਧਾਰਾਂ, ਮਨੁੱਖੀ ਪੂੰਜੀ ਤੇ ਭਰੋਸੇਯੋਗ ਊਰਜਾ 'ਤੇ ਆਧਾਰਿਤ ਹੈ। ਜਦੋਂ ਵੀ ਭਾਰਤ ਦੀ ਸਮਰੱਥਾ 'ਤੇ ਅਤੀਤ ਵਿੱਚ ਸ਼ੱਕ ਕੀਤਾ ਗਿਆ ਹੈ ਤਾਂ ਇਸ ਦੇਸ਼ ਨੇ ਹਰੀ ਕ੍ਰਾਂਤੀ, ਆਈ.ਟੀ ਕ੍ਰਾਂਤੀ ਅਤੇ ਸਿੱਖਿਆ ਅਤੇ ਉੱਦਮ ਰਾਹੀਂ ਲੱਖਾਂ ਲੋਕਾਂ ਦੇ ਸ਼ਾਨਦਾਰ ਉਭਾਰ ਨਾਲ ਇਸ ਦਾ ਜਵਾਬ ਦਿੱਤਾ ਹੈ। ਅਸੀਂ ਆਪਣੇ ਦ੍ਰਿਸ਼ਟੀਕੋਣ 'ਤੇ ਕਾਇਮ ਰਹਿੰਦਿਆਂ ਸੁਧਾਰਾਂ ਨੂੰ ਨਿਰੰਤਰ ਜਾਰੀ ਰੱਖਾਂਗੇ ਅਤੇ ਆਪਣੇ ਵਿਕਾਸ ਨੂੰ ਤੇਜ਼, ਲੋਕਤੰਤਰੀ ਅਤੇ ਸਭ ਦੀ ਸ਼ਮੂਲੀਅਤ ਵਾਲਾ ਬਣਾਈ ਰੱਖਾਂਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਵਿਕਸਿਤ ਭਾਰਤ ਸਿਰਫ਼ ਇਕ ਇੱਛਾ ਨਹੀਂ ਹੈ, ਸਗੋਂ ਪ੍ਰਾਪਤੀਆਂ ਦਾ ਇੱਕ ਸਾਰ ਹੈ ਅਤੇ ਵਿਕਾਸ ਨਾਲ ਇਹ ਅੰਕੜੇ ਉਸ ਵਿਆਪਕ ਕਹਾਣੀ ਦੇ ਤਾਜ਼ਾ ਅਧਿਆਇ ਹਨ।

-ਲੇਖਕ ਕੇਂਦਰੀ ਪੈਟ੍ਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਨ

# ਪੰਜਾਬ ਦੇ ਹੜ੍ਹਾਂ ਦੀ ਮਾਰ: ਕਾਰਨ ਕੀ ਤੇ ਜ਼ਿੰਮੇਵਾਰੀ ਕਿਸਦੀ ?

**ਮੰਤਰੀਆਂ ਦੀ ਦਿਖਾਵੇਬਾਜ਼ੀ: ਰਾਹਤ ਕਾਰਜਾਂ 'ਚ ਅੜਿੱਕਾ ਬਣੇ** | **ਸਿੱਖਾਂ ਦੀ ਚੜ੍ਹਦੀਕਲਾ: ਸੇਵਾ ਦੀ ਜੋਤ ਬਲੀ** | **ਕੇਂਦਰ ਸਰਕਾਰ ਪੰਜਾਬ ਦੀ ਬਾਂਹ ਕਦੋਂ ਫ਼ੜੇਗੀ ?**








ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
9815700916

ਪੰਜਾਬ, ਜਿਸ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ, ਹਰ ਸਾਲ ਹੜ੍ਹਾਂ ਦੀ ਮਾਰ ਹੇਠ ਆ ਜਾਂਦਾ ਹੈ। ਇਸ ਦੀ ਵਜ੍ਹਾ ਸਿਰਫ਼ ਕੁਦਰਤੀ ਆਫ਼ਤ ਨਹੀਂ, ਸਗੋਂ ਸਰਕਾਰੀ ਲਾਪਰਵਾਹੀ ਅਤੇ ਕੇਂਦਰ ਸਰਕਾਰ ਦੇ ਡੈਮ ਪ੍ਰਬੰਧਨ ਦੀਆਂ ਨੀਤੀਆਂ ਵੀ ਹਨ। ਪੰਜਾਬ ਦੇ ਦਰਿਆਵਾਂ ਦਾ ਪਾਣੀ ਕੇਂਦਰ ਦੇ ਹੱਥਾਂ ਵਿਚ ਹੈ, ਜਿਸ ਕਾਰਨ ਸਮੇਂ ਸਿਰ ਪਾਣੀ ਨਾ ਛੱਡਿਆ ਜਾਣਾ ਅਤੇ ਅਚਾਨਕ ਵੱਡੀ ਮਾਤਰਾ ਵਿੱਚ ਪਾਣੀ ਛੱਡਣਾ ਹੜ੍ਹਾਂ ਦਾ ਮੁੱਖ ਕਾਰਨ ਬਣਦਾ ਹੈ। ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਡੈਮ ਵਰਗੇ ਪ੍ਰਾਜੈਕਟਾਂ ਦਾ ਪ੍ਰਬੰਧਨ ਕੇਂਦਰ ਦੇ ਅਧੀਨ ਹੈ, ਜੋ ਪੰਜਾਬ ਦੀਆਂ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕਰਕੇ ਹਰਿਆਣਾ ਤੇ ਰਾਜਸਥਾਨ ਨੂੰ ਪਾਣੀ ਸਪਲਾਈ ਕਰਨ ਵਿੱਚ ਰੁੱਝਿਆ ਰਹਿੰਦਾ ਹੈ। ਜਦੋਂ ਭਾਰੀ ਬਰਸਾਤਾਂ ਜਾਂ ਪਹਾੜੀ ਪਾਣੀ ਡੈਮਾਂ ਵਿੱਚ ਇਕੱਠਾ ਹੁੰਦਾ ਹੈ, ਤਾਂ ਸੁਰੱਖਿਆ ਦੇ ਨਾਂ 'ਤੇ ਅਚਾਨਕ ਪਾਣੀ ਛੱਡਿਆ ਜਾਂਦਾ ਹੈ, ਜਿਸ ਨਾਲ ਪੰਜਾਬ ਦੇ ਪਿੰਡ ਤੇ ਸ਼ਹਿਰ ਪਾਣੀ ਵਿੱਚ ਡੁੱਬ ਜਾਂਦੇ ਹਨ।

ਇਸ ਦੇ ਨਾਲ ਹੀ, ਡੈਮਾਂ ਦੀ ਸਫ਼ਾਈ ਅਤੇ ਡੀ-ਸਿਲਟਿੰਗ ਨਾ ਹੋਣ ਕਾਰਨ ਦਰਿਆਵਾਂ ਦੀ ਸਮਰੱਥਾ ਘਟਦੀ ਜਾ ਰਹੀ ਹੈ। ਮਾਧੋਪੁਰ ਹੈੱਡਵਰਕਸ ਦੇ ਫ਼ਲੱਡ ਗੇਟਾਂ ਦੀ ਹਾਲਤ ਵੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਸਰਕਾਰੀ ਅਣਗਹਿਲੀ ਕਾਰਨ ਗੇਟ ਖੁੱਲ੍ਹਣ ਦੀ ਬਜਾਏ ਟੁੱਟ ਜਾਂਦੇ ਹਨ। ਪੰਜਾਬ ਪੁਨਰਗਠਨ ਐਕਟ 1966 ਦੀਆਂ ਧਾਰਾਵਾਂ 78, 79 ਅਤੇ 80 ਨੇ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਕੇਂਦਰ ਦਾ ਕੰਟਰੋਲ ਮਜ਼ਬੂਤ ਕਰ ਦਿੱਤਾ, ਜੋ ਸੰਵਿਧਾਨ ਦੀ ਮੱਦ 17 ਅਤੇ ਧਾਰਾ 262 ਦੇ ਉਲਟ ਹੈ। ਇਹ ਧਾਰਾਵਾਂ ਪੰਜਾਬ ਦੇ ਅਧਿਕਾਰਾਂ ਨੂੰ ਖੋਹ ਰਹੀਆਂ ਹਨ, ਜਿਸ ਕਾਰਨ ਪੰਜਾਬ ਹਰ ਸਾਲ ਹੜ੍ਹਾਂ ਦੀ ਮਾਰ ਝੱਲਦਾ ਹੈ। ਪਰ ਪੰਜਾਬ ਦੀ ਕੋਈ ਰਾਜਨੀਤਕ ਪਾਰਟੀ ਇਸ ਧਕੇ ਵਿਰੁਧ ਆਵਾਜ਼ ਨਹੀਂ ਉਠਾ ਰਹੀ।

**ਮੰਤਰੀਆਂ ਦੀ ਦਿਖਾਵੇਬਾਜ਼ੀ: ਰਾਹਤ ਕਾਰਜਾਂ ਵਿੱਚ ਅੜਿੱਕਾ**

ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬੀਆਂ ਦੀ ਮਦਦ ਦੇ ਨਾਂ 'ਤੇ ਮੰਤਰੀ, ਮੁੱਖ ਮੰਤਰੀ, ਰਾਜਪਾਲ ਅਤੇ ਕੇਂਦਰੀ ਨੇਤਾ ਮੌਕਿਆਂ 'ਤੇ ਜਾਇਜ਼ਾ ਲੈਣ ਦੇ ਨਾਂ 'ਤੇ ਫ਼ੋਟੋਆਂ ਅਤੇ ਵੀਡੀਓਜ਼ ਬਣਵਾ ਰਹੇ ਹਨ। ਇਹ ਲੀਡਰ ਚਿੱਕੜ ਵਿੱਚ ਬੈਗ ਚੁੱਕ ਕੇ ਮੀਡੀਆ ਦੀਆਂ ਸੁਰਖੀਆਂ ਬਟੋਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਅਸਲ ਵਿੱਚ ਇਹ ਅਮਲ ਸਹਾਇਤਾ ਕਾਰਜਾਂ ਵਿੱਚ ਰੁਕਾਵਟ ਪਾਉਂਦਾ ਹੈ। ਪ੍ਰਸ਼ਾਸਨ ਅਤੇ ਸਥਾਨਕ ਲੋਕ ਜਦੋਂ ਮਦਦ ਦੇ ਕੰਮ ਵਿੱਚ ਜੁਟੇ ਹੁੰਦੇ ਹਨ, ਤਾਂ ਇਨ੍ਹਾਂ ਵੀ.ਆਈ.ਪੀ. ਦੀਆਂ ਮੁਲਾਕਾਤਾਂ ਕਾਰਨ ਸੁਰੱਖਿਆ ਅਤੇ ਪ੍ਰਬੰਧਾਂ ਵਿਚ ਵਿਘਨ ਪੈਂਦਾ ਹੈ। ਪਿੰਡਾਂ ਵਿੱਚ ਪੰਜਾਬੀ ਮੰਤਰੀਆਂ ਦਾ ਵਿਰੋਧ ਕਰ ਰਹੇ ਹਨ, ਕਿਉਂਕਿ ਉਹ ਇਸ ਦਿਖਾਵੇ ਨੂੰ ਸਮਝ ਚੁੱਕੇ ਹਨ। ਲੋਕਾਂ ਦਾ ਮੰਨਣਾ ਹੈ ਕਿ ਨੇਤਾਵਾਂ ਨੂੰ ਮੌਕੇ 'ਤੇ ਜਾਣ ਦੀ ਬਜਾਏ ਸਰਕਾਰੀ ਵਿਭਾਗਾਂ ਨੂੰ ਸਖਤ ਆਦੇਸ਼ ਦੇ ਕੇ ਮਦਦ ਦੇ ਕੰਮ ਤੇਜ਼ ਕਰਨੇ ਚਾਹੀਦੇ।



ਆਮ ਆਦਮੀ ਪਾਰਟੀ (ਆਪ) ਸਰਕਾਰ ਨਾਲ ਲੋਕਾਂ ਦੀ ਨਾਰਾਜ਼ਗੀ ਵੀ ਸਾਫ਼ ਦਿਸਦੀ ਹੈ। ਪੰਜਾਬੀਆਂ ਦਾ ਮੰਨਣਾ ਹੈ ਕਿ ਸਰਕਾਰ ਨੇ ਹੜ੍ਹਾਂ ਦੀ ਰੋਕਥਾਮ ਲਈ ਸਮੇਂ ਸਿਰ ਕੋਈ ਠੋਸ ਕਦਮ ਨਹੀਂ ਚੁੱਕੇ। ਨੇਤਾਵਾਂ ਦੀਆਂ ਮੁਲਾਕਾਤਾਂ ਅਤੇ ਮੀਡੀਆਬਾਜ਼ੀ ਨੇ ਲੋਕਾਂ ਦੇ ਸਬਰ ਦਾ ਪਿਆਲਾ ਭਰ ਦਿੱਤਾ ਹੈ, ਜਿਸ ਕਾਰਨ ਵਿਰੋਧ ਜਾਰੀ ਹੈ।

**ਸਿੱਖਾਂ ਦੀ ਚੜ੍ਹਦੀਕਲਾ: ਸੇਵਾ ਦੀ ਜੋਤ**

ਹੜ੍ਹਾਂ ਦੀ ਤਬਾਹੀ ਵਿੱਚ ਜਿੱਥੇ ਪੰਜਾਬ ਦੇ ਲੋਕਾਂ ਦੇ ਘਰ-ਬਾਰ, ਸੜਕਾਂ ਅਤੇ ਫ਼ਸਲਾਂ ਵਹਿ ਗਈਆਂ, ਉਥੇ ਸਿੱਖ ਭਾਈਚਾਰੇ ਨੇ ਆਪਣੀ ਚੜ੍ਹਦੀਕਲਾ ਦੀ ਮਿਸਾਲ ਕਾਇਮ ਕੀਤੀ। ਸਿੱਖੀ ਦੇ ਸਿਧਾਂਤ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਇਸ ਮੁਸੀਬਤ ਵਿੱਚ ਸੰਗਤ ਦੀ ਸੇਵਾ ਦਾ ਅਧਾਰ ਬਣੇ। ਗੁਰਦੁਆਰਿਆਂ, ਸੜਕਾਂ ਅਤੇ ਪਾਣੀ ਵਿੱਚ ਖੜ੍ਹੇ ਸਿੱਖ ਸੇਵਕ ਲੰਗਰ ਵਰਤਦੇ, ਚਾਹ, ਦੁੱਧ, ਰੋਟੀ ਅਤੇ ਪਾਣੀ ਦੀਆਂ ਬੋਤਲਾਂ ਪਹੁੰਚਾਉਂਦੇ ਨਜ਼ਰ ਆਏ। ਖ਼ਾਲਸਾ ਏਡ, ਯੂਨਾਈਟਿਡ ਸਿਖਸ ਅਤੇ ਸ਼੍ਰੋਮਣੀ ਕਮੇਟੀ ਵਰਗੀਆਂ ਸੰਸਥਾਵਾਂ ਨੇ ਮਦਦ ਦੇ ਕਾਫ਼ਲੇ ਤਿਆਰ ਕੀਤੇ। ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਨੇ ਵੀ ਫ਼ੰਡ ਅਤੇ ਸਮੱਗਰੀ ਭੇਜ ਕੇ ਸੰਗਤ ਦਾ ਸਾਥ ਦਿੱਤਾ।

ਸਿੱਖੀ ਦੀ ਰੂਹ ਵਿੱਚ ਸੇਵਾ, ਸਿਮਰਨ ਅਤੇ ਸੰਗਤ ਦੀ ਭਾਵਨਾ ਇਸ ਤਰ੍ਹਾਂ ਜੜੀ ਹੈ ਕਿ ਮੁਸੀਬਤਾਂ ਵਿੱਚ ਵੀ ਸਿੱਖ ਹੌਂਸਲਾ ਨਹੀਂ ਛੱਡਦੇ। ਗੁਰਬਾਣੀ ਸਿਖਾਉਂਦੀ ਹੈ ਕਿ ਦੁੱਖ ਵੀ ਵਾਹਿਗੁਰੂ ਦੀ ਦੇਣ ਹੈ ਅਤੇ ਸੇਵਾ ਵਿੱਚ ਵਾਹਿਗੁਰੂ ਵਸਦਾ ਹੈ। ਇਸੇ ਕਾਰਨ ਸਿੱਖ ਆਪਣੇ ਦੁੱਖ ਭੁੱਲ ਕੇ ਦੂਜਿਆਂ ਦੀ ਮਦਦ ਵਿੱਚ ਜੁਟ ਜਾਂਦੇ ਹਨ। ਸੋਸ਼ਲ ਮੀਡੀਆ 'ਤੇ ਵੀਡੀਓਜ਼ ਵਿੱਚ ਸਿੱਖ ਸੇਵਕਾਂ ਦਾ ਇਹ ਉਦਮ ਦੁਨੀਆ ਨੂੰ ਹੈਰਾਨ ਕਰ ਰਿਹਾ ਹੈ।

**ਕੇਂਦਰ ਸਰਕਾਰ ਦੀ ਭੂਮਿਕਾ: ਪੰਜਾਬ ਦੀ ਬਾਂਹ ਕਦੋਂ ਫ਼ੜੇਗੀ ?**

ਕੇਂਦਰ ਸਰਕਾਰ ਵੱਲੋਂ ਪੰਜਾਬ ਸੂਬੇ ਦੇ ਦੌਰੇ ਤੋਂ ਬਾਅਦ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਸਰਹੱਦੀ ਸੂਬੇ ਨੂੰ ਮੌਜੂਦਾ ਸੰਕਟ 'ਚੋਂ ਬਾਹਰ ਕੱਢਣ ਲਈ ਛੋਟੀਆਂ, ਦਰਮਿਆਨੀਆਂ ਅਤੇ ਲੰਬੀਆਂ ਮਿਆਦ ਦੀਆਂ ਯੋਜਨਾਵਾਂ 'ਤੇ ਕੰਮ ਕਰੇਗੀ। ਪੰਜਾਬ ਦੀ ਸਥਿਤੀ ਨੂੰ ਗੰਭੀਰ ਦੱਸਦਿਆਂ ਚੌਹਾਨ ਨੇ ਕਿਹਾ ਸੀ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੇਤਾਂ, ਕਿਸਾਨਾਂ ਅਤੇ ਪਸ਼ੂਆਂ ਨੂੰ ਹੋਏ ਨੁਕਸਾਨ ਬਾਰੇ ਇੱਕ ਵਿਸਥਾਰਤ ਜ਼ਮੀਨੀ ਮੁਲਾਂਕਣ ਰਿਪੋਰਟ ਪੇਸ਼ ਕਰਨਗੇ ਅਤੇ ਕੇਂਦਰ ਇੱਕ ਵਿਆਪਕ ਰਾਹਤ ਅਤੇ ਮੁੜ ਵਸੇਬਾ ਪੈਕੇਜ ਲੈ ਕੇ ਆਵੇਗਾ। ਪਰ ਸਵਾਲ ਇਹ ਹੈ ਕਿ ਕੇਂਦਰ ਪੰਜਾਬ ਦੀ ਬਾਂਹ ਕਦੋਂ ਫ਼ੜੇਗੀ ? ਸਰਹੱਦੀ ਖੇਤਰ ਵਿੱਚ ਬੀ.ਐਸ.ਐਫ਼. ਦਾ 50 ਕਿਲੋਮੀਟਰ ਦਾ ਅਧਿਕਾਰ ਖੇਤਰ ਹੈ, ਪਰ ਮੁਸੀਬਤ ਦੀ ਘੜੀ ਵਿੱਚ ਇਹ ਕਿਤੇ ਨਜ਼ਰ ਨਹੀਂ ਆਏ। ਪੰਜਾਬ ਦੇ ਦਰਿਆਈ ਪਾਣੀਆਂ 'ਤੇ ਕੇਂਦਰ ਦਾ ਕਬਜ਼ਾ ਅਤੇ ਡੈਮ ਪ੍ਰਬੰਧਨ ਦੀਆਂ ਗਲਤ ਨੀਤੀਆਂ ਨੇ ਪੰਜਾਬ ਨੂੰ ਹੜ੍ਹਾਂ ਦੀ ਮਾਰ ਵਿੱਚ ਧੱਕ ਦਿੱਤਾ।

ਪੰਜਾਬ ਨੂੰ ਆਪਣੇ ਪਾਣੀਆਂ ਦਾ ਹੱਕ ਵਾਪਸ ਲੈਣ ਲਈ ਕਾਨੂੰਨੀ ਅਤੇ ਰਾਜਨੀਤਕ ਲੜਾਈ ਲੜਨੀ ਪਵੇਗੀ। ਪੰਜਾਬ ਵਿਧਾਨ ਸਭਾ ਨੂੰ ਪੀ.ਪੀ.ਏ.-66 ਦੀਆਂ ਧਾਰਾਵਾਂ 78, 79 ਅਤੇ 80 ਨੂੰ ਸਰਬਸੰਮਤੀ ਨਾਲ ਰੱਦ ਕਰਨ ਦਾ ਪ੍ਰਸਤਾਵ ਪਾਸ ਕਰਨਾ ਚਾਹੀਦਾ। ਨਾਲ ਹੀ, ਸੁਪਰੀਮ ਕੋਰਟ ਵਿੱਚ ਧਾਰਾ 79 ਨੂੰ ਚੁਣੌਤੀ ਦੇਣ ਦੀ ਲੋੜ ਹੈ। ਪਰ ਇਹ ਸਭ ਤਾਂ ਹੀ ਸੰਭਵ ਹੈ ਜੇਕਰ ਪੰਜਾਬ ਦੀ ਲੀਡਰਸ਼ਿਪ ਰਾਜਨੀਤਕ ਹਿਤਾਂ ਤੋਂ ਉੱਪਰ ਉੱਠ ਕੇ ਸੂਬੇ ਦੇ ਹੱਕ ਵਿੱਚ ਸੋਚੇ।

ਪੰਜਾਬ ਜ਼ਖਮੀ ਜ਼ਰੂਰ ਹੈ, ਪਰ ਹਾਰਿਆ ਨਹੀਂ। ਸਿੱਖਾਂ ਦੀ ਚੜ੍ਹਦੀਕਲਾ ਅਤੇ ਪੰਜਾਬੀਆਂ ਦੀ ਸੇਵਾ-ਭਾਵਨਾ ਨੇ ਦੁਨੀਆ ਨੂੰ ਸੁਨੇਹਾ ਦਿੱਤਾ ਹੈ ਕਿ ਮੁਸੀਬਤਾਂ ਵਿੱਚ ਵੀ ਪੰਜਾਬ ਮੁਸਕਰਾਉਣਾ ਜਾਣਦਾ ਹੈ।

**ਬੀ.ਬੀ.ਐੱਮ.ਬੀ. ਨੇ ਹੜ੍ਹਾਂ ਦੀ ਸਥਿਤੀ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ**

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੇ ਅਸਿੱਧੇ ਤਰੀਕੇ ਨਾਲ ਹੜ੍ਹਾਂ ਦੀ ਸਥਿਤੀ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਚੇਅਰਮੈਨ ਨੇ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਦੌਰਾਨ ਵੱਡੀ ਤਬਾਹੀ ਤੋਂ ਬਚਾਉਣ 'ਚ ਡੈਮਾਂ ਦੀ ਭੂਮਿਕਾ ਅਹਿਮ ਰਹਿਣ ਦਾ ਤਰਕ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਭਾਖੜਾ ਡੈਮ ਨੇ ਪਹਾੜਾਂ ਵਿਚੋਂ ਆਏ ਪਾਣੀ ਨੂੰ ਸੰਭਾਲਿਆ ਹੈ।

ਚੇਅਰਮੈਨ ਨੇ ਕਿਹਾ ਕਿ ਜੇਕਰ ਹਰਿਆਣਾ ਨੂੰ ਪਹਿਲਾਂ ਜ਼ਿਆਦਾ ਪਾਣੀ ਛੱਡਿਆ ਹੁੰਦਾ ਤਾਂ ਡੈਮ ਵਿੱਚ ਪਾਣੀ ਦਾ ਪੱਧਰ ਚਾਰ ਫ਼ੁੱਟ ਤੱਕ ਹੇਠਾਂ ਆ ਜਾਣਾ ਸੀ ਅਤੇ ਪਹਾੜਾਂ ਵਿਚੋਂ ਹੁਣ ਆਏ ਪਾਣੀ ਲਈ ਜਗ੍ਹਾ ਬਣ ਜਾਣੀ ਸੀ। ਦੱਸਣਯੋਗ ਹੈ ਕਿ ਹੜ੍ਹਾਂ ਦੀ ਸਥਿਤੀ ਤੋਂ ਕੁੱਝ ਸਮਾਂ ਪਹਿਲਾਂ ਹਰਿਆਣਾ ਨੇ ਪੰਜਾਬ ਤੋਂ ਵਾਧੂ ਪਾਣੀ ਦੀ ਮੰਗ ਕੀਤੀ ਸੀ ਅਤੇ ਪੰਜਾਬ ਨੇ ਸਾਫ਼ ਇਨਕਾਰ ਕਰ ਦਿੱਤਾ ਸੀ। ਉਸ ਵਕਤ ਪੰਜਾਬ ਤੇ ਹਰਿਆਣਾ ਦਰਮਿਆਨ ਕਾਫ਼ੀ ਤਣਾਤਣੀ ਵੀ ਬਣੀ ਰਹੀ ਸੀ।

ਹਰਿਆਣਾ ਤੇ ਰਾਜਸਥਾਨ ਨੇ ਲੰਘੇ ਦਿਨੀਂ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਆਪੋ-ਆਪਣੀਆਂ ਨਹਿਰਾਂ 'ਚ ਪਾਣੀ ਦੀ ਮੰਗ ਜ਼ੀਰੋ ਕਰ ਦਿੱਤੀ ਸੀ। ਇੱਧਰ ਬੀਬੀਐੱਮਬੀ ਦੇ ਚੇਅਰਮੈਨ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਜਿੱਥੇ ਡੈਮਾਂ ਵਿਚਲੇ ਪਾਣੀ ਬਾਰੇ ਅੰਕੜੇ ਸਾਂਝੇ ਕੀਤੇ, ਉੱਥੇ ਅਸਿੱਧੇ ਤੌਰ 'ਤੇ ਹਰਿਆਣਾ ਨੂੰ ਪਿਛਲੇ ਸਮੇਂ ਦੌਰਾਨ ਵਾਧੂ ਪਾਣੀ ਨਾ ਛੱਡੇ ਜਾਣ ਨੂੰ ਲੈ ਕੇ ਪੰਜਾਬ ਨੂੰ ਨਿਸ਼ਾਨੇ 'ਤੇ ਲਿਆ।





# ਕਿਹੜੇ ਰਾਹ ਤੁਰ ਪਈ ਨੌਜਵਾਨ ਪੀੜ੍ਹੀ?

## ਪੈਸੇ ਕਮਾਉਣ ਦੀ ਥਾਂ ਖ਼ਰਚਣ 'ਚ ਸ਼ਾਨ ਸਮਝਦੇ ਨੇ ਵੱਡੀ ਗਿਣਤੀ ਨੌਜਵਾਨ

## ਵਿਹਲੇ ਰਹਿ ਕੇ ਮਸਤੀ ਕਰਨ ਦੀ ਸੋਚ ਨਾਲ ਵੱਧ ਰਹੀ ਹੈ ਬੇਰੁਜ਼ਗਾਰੀ



ਪੰਜਾਬ ਡਾਇਰੀ
ਜਗਮੋਹਨ ਸਿੰਘ 'ਲੱਕੀ'
9463819174

**ਆਮ ਸ਼ਹਿਰਾਂ ਵਿੱਚ ਨੌਜਵਾਨ ਆਪਣੇ ਦੋਸਤਾਂ ਨਾਲ ਖ਼ਰੀਦਦਾਰੀ ਕਰਦੇ ਅਤੇ ਖਾਂਦੇ ਪੀਂਦੇ ਨਜ਼ਰ ਆਉਂਦੇ ਹਨ। ਇਸ ਮੌਕੇ ਇਹ ਨੌਜਵਾਨ ਖੁੱਲ੍ਹਾ ਖਰਚ ਕਰਦੇ ਦਿਖਾਈ ਦਿੰਦੇ ਹਨ। ਮਾਰਕੀਟ ਵਿੱਚ ਜੋ ਵੀ ਸਮਾਨ ਨਵਾਂ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਦੇ ਖ਼ਰੀਦਦਾਰ 16 ਸਾਲ ਤੋਂ 24 ਸਾਲ ਦੇ ਨੌਜਵਾਨ ਹੀ ਹੁੰਦੇ ਹਨ। ਕਈ ਨੌਜਵਾਨ ਤਾਂ ਲੋੜ ਤੋਂ ਬਿਨਾਂ ਹੀ ਸ਼ਾਨ ਵਧਾਉਣ ਲਈ ਖ਼ਰੀਦਦਾਰੀ ਕਰਦੇ ਰਹਿੰਦੇ ਹਨ ਅਤੇ ਆਪਣੇ ਦੋਸਤਾਂ 'ਤੇ ਅਮੀਰ ਹੋਣ ਦਾ ਭਰਮ ਪਾਲਦੇ ਹਨ।**



ਜਿਹੜੇ ਜਹਾਜ਼ ਦੀ ਆਵਾਜ਼ ਸੁਣ ਕੇ ਬਚਪਣ ਦੌਰਾਨ ਪੰਜਾਬੀ ਬੱਚੇ ਮਾਂ ਦੀ ਬੁੱਕਲ ਵਿੱਚ ਛੁਪ ਜਾਂਦੇ ਹਨ, ਉਹੀ ਬੱਚੇ ਅੱਲ੍ਹੜ ਤੇ ਜਵਾਨ ਹੁੰਦਿਆਂ ਹੀ ਉਸੇ ਤਰਾਂ ਦੇ ਜਹਾਜ਼ ਵਿੱਚ ਬੈਠ ਕੇ ਮਾਂ ਬਾਪ ਤੋਂ ਦੂਰ ਭਾਵ ਵਿਦੇਸ਼ ਚਲੇ ਜਾਂਦੇ ਹਨ ਜਾਂ ਜਾਣ ਲਈ ਕਾਹਲੇ ਪਏ ਹੋਏ ਹਨ। ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਤੇ ਵਿਦਿਆਰਥੀ ਪੜ੍ਹਾਈ ਅਤੇ ਰੁਜ਼ਗਾਰ ਲਈ ਵਿਦੇਸ਼ ਚਲੇ ਗਏ ਹਨ ਅਤੇ ਜਾ ਰਹੇ ਹਨ, ਉਥੇ ਪੰਜਾਬ ਵਿੱਚ ਰਹਿ ਰਹੇ ਨੌਜਵਾਨਾਂ ਵਿਚੋਂ ਵੱਡੀ ਗਿਣਤੀ ਨੌਜਵਾਨ (ਸਾਰੇ ਨਹੀਂ) ਬੇਰੁਜ਼ਗਾਰ ਹਨ ਅਤੇ ਨਸ਼ੇ ਵਰਗੀਆਂ ਕਈ ਤਰਾਂ ਦੀਆਂ ਸਮਾਜਿਕ ਅਲਾਮਤਾਂ ਦਾ ਸ਼ਿਕਾਰ ਹੋ ਰਹੇ ਹਨ। ਇੱਕ ਸਰਵੇਖਣ ਦੌਰਾਨ ਪਤਾ ਚਲਿਆ ਹੈ ਕਿ ਭਾਵੇਂ ਪੰਜਾਬ ਸਰਕਾਰ ਅਨੇਕਾਂ ਨੌਜਵਾਨਾਂ ਨੂੰ ਨੌਕਰੀਆਂ ਵੀ ਦੇ ਰਹੀ ਹੈ ਅਤੇ ਅਨੇਕਾਂ ਪ੍ਰਾਈਵੇਟ ਅਦਾਰਿਆਂ ਵਿੱਚ ਵੀ ਵੱਡੀ ਗਿਣਤੀ ਪੰਜਾਬੀ ਨੌਜਵਾਨ ਕੰਮ ਕਰ ਰਹੇ ਹਨ ਪਰ ਫਿਰ ਵੀ ਵੱਡੀ ਗਿਣਤੀ ਨੌਜਵਾਨ ਬੇਰੁਜ਼ਗਾਰ ਹਨ। ਅਸਲ ਵਿੱਚ ਕਈ ਨੌਜਵਾਨਾਂ ਨੂੰ ਇਸ ਕਾਰਨ ਕੰਮ ਨਹੀਂ ਮਿਲਦਾ ਕਿਉਂਕਿ ਉਹਨਾਂ ਨੇ ਉਚੇਰੀ ਸਿੱਖਿਆ ਪ੍ਰਾਪਤ ਕੀਤੀ ਹੁੰਦੀ ਹੈ ਅਤੇ ਸਿੱਖਿਆ ਦੇ ਮੁਕਾਬਲੇ ਦਾ ਕੋਈ ਕੰਮ ਨਹੀਂ ਮਿਲਦਾ ਅਤੇ ਛੋਟਾ ਕੰਮ ਕਰਨਾ ਉਹ ਚਾਹੁੰਦੇ ਨਹੀਂ।



ਇਸ ਤੋਂ ਇਲਾਵਾ ਵੱਡੀ ਗਿਣਤੀ ਨੌਜਵਾਨਾਂ ਵਿੱਚ ਵਿਹਲੇ ਰਹਿਣ ਦਾ ਸ਼ੌਕ ਵਧਦਾ ਜਾ ਰਿਹਾ ਹੈ, ਅਜਿਹੇ ਨੌਜਵਾਨ ਕਿਸੇ ਸਮੇਂ ਵੀ ਸਮਾਜ ਅਤੇ ਆਪਣੇ ਪਰਿਵਾਰ ਲਈ ਸਮੱਸਿਆ ਬਣ ਸਕਦੇ ਹਨ, ਕਿਉਂਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਇਸ ਤੋਂ ਇਲਾਵਾ ਅਨ ਕਾਂ ਨੌਜਵਾਨ ਅਜਿਹੇ ਹਨ ਜਿਨ੍ਹਾਂ ਦੇ ਪਿਤਾ ਜੀ ਜਾਂ ਵੱਡੇ ਭਰਾ ਵਿਦੇਸ਼ ਗਏ ਹੋਏ ਹਨ। ਇਹ ਨੌਜਵਾਨ ਖੁਦ ਕੋਈ ਕੰਮ ਕਰਨ ਦੀ ਥਾਂ ਪਿਤਾ ਜੀ ਜਾਂ ਵਿਦੇਸ਼ ਰਹਿੰਦੇ ਭਰਾ ਤੋਂ ਪੈਸੇ ਮੰਗਵਾ ਕੇ ਖੁਦ ਅ ਸ਼ ਪ੍ਰਸ਼ਤੀ ਵਾਲਾ ਜੀਵਨ ਜੀ ਰਹੇ ਹਨ। ਇਹਨਾਂ ਦੇ ਦੋਸਤਾਂ ਦਾ ਦਾਇਰਾ ਵੀ ਏਨਾ ਵਰਗਾ ਹੀ ਹੁੰਦਾ ਹੈ।

ਪੰਜਾਬ ਦੇ ਵੱਖ- ਵੱਖ ਸ਼ਹਿਰਾਂ 'ਚ ਰਹਿੰਦੇ ਵੱਡੀ ਗਿਣਤੀ ਨੌਜਵਾਨ ਚੰਡੀਗੜ੍ਹ ਘੁੰਮਣ ਨੂੰ ਤਰਜੀਹ ਦਿੰਦੇ ਹਨ। ਅਕਸਰ ਚੰਡੀਗੜ੍ਹ ਦੇ ਆਲ਼ੇ ਦੁਆਲ਼ੇ ਦੇ ਇਲਾਕੇ ਦੇ ਨਾਲ- ਨਾਲ ਚੰਡੀਗੜ੍ਹ ਤੋਂ ਦੂਰ ਦੁਰਾਡੇ ਦੇ ਨੌਜਵਾਨ ਵੀ ਆਪਣੇ ਦੋਸਤਾਂ ਨਾਲ ਚੰਡੀਗੜ੍ਹ ਘੁੰਮਣ ਹਰ ਦਿਨ ਵਾਂਗ ਆਉਂਦੇ ਰਹਿੰਦੇ ਹਨ ਅਤੇ ਚੰਡੀਗੜ੍ਹ ਆ ਕੇ ਉਹ ਖੁੱਲ੍ਹੀ ਖ਼ਰੀਦਦਾਰੀ ਵੀ ਕਰਦੇ ਹਨ ਅਤੇ ਖੁੱਲ੍ਹਾ ਖ਼ਰਚ ਵੀ ਕਰਦੇ ਹਨ। ਅਸਲ ਵਿੱਚ ਨੌਜਵਾਨਾਂ ਦੇ ਸ਼ੌਕ ਵੀ ਅਜੀਬ ਤਰ੍ਹਾਂ ਦੇ ਹੋ ਰਹੇ ਹਨ। ਫ਼ਿਲਮਾਂ ਦੇਖਣ, ਸੁੰਦਰਤਾ ਵਧਾਉਣ, ਬਾਰ, ਰੈਸਟੋਰੈਂਟਾਂ ਵਿੱਚ ਖਾਣ ਪੀਣ, ਨਵੇਂ ਵਾਹਨ ਲੈਣ, ਮੌਜ ਮਸਤੀ ਕਰਨ ਅਤੇ ਬਰਾਡਿੰਡ ਕੱਪੜੇ ਖਰੀਦ ਕੇ ਪਾਉਣ ਦੇ ਸ਼ੌਕ ਨੌਜਵਾਨ ਪੀੜ੍ਹੀ ਨੂੰ ਖੋਖਲਾ ਕਰ ਰਹੇ ਹਨ। ਇਹਨਾਂ ਵਿੱਚ ਵੱਡੀ ਗਿਣਤੀ ਉਹਨਾਂ ਨੌਜਵਾਨਾਂ ਦੀ ਹੈ, ਜੋ ਖੁਦ ਕੋਈ ਕੰਮ ਨਹੀਂ ਕਰਦੇ ਅਤੇ ਆਪਣੇ ਮਾਪਿਆਂ ਜਾਂ ਵਿਦੇਸ਼ ਰਹਿੰਦੇ ਭਰਾਵਾਂ 'ਤੇ ਨਿਰਭਰ ਹਨ। ਸਰਵੇਖਣ ਅਨੁਸਾਰ 16 ਸਾਲ ਤੋਂ ਲੈ ਕੇ 24 ਸਾਲ ਤੱਕ ਦੀ ਉਮਰ ਦੇ ਨੌਜਵਾਨਾਂ ਦਾ ਵਰਗ ਫਜ਼ੂਲ ਖ਼ਰਚੀ ਕਰਨ ਵਿੱਚ ਸਭ ਤੋਂ ਅੱਗੇ ਹੈ। ਇਸ ਉਮਰ ਵਿੱਚ



ਜੋਸ਼ ਬਹੁਤ ਹੁੰਦਾ ਹੈ, ਪਰ ਸਿਆਣਪ ਘੱਟ ਹੁੰਦੀ ਹੈ। ਇਸ ਉਮਰ ਦੇ ਨੌਜਵਾਨਾਂ ਦੇ ਇਹਨਾਂ ਮਹਿੰਗੇ ਸ਼ੌਕ ਦਾ ਅਨੇਕਾਂ ਕੰਪਨੀਆਂ ਪੂਰਾ ਲਾਭ ਉਠਾਉਂਦੀਆਂ ਹਨ। ਅਕਸਰ ਇਹ ਕੰਪਨੀਆਂ ਦੇਸ਼ ਵਿਦੇਸ਼ ਦੀ ਸੈਰ ਕਰਵਾਉਣ, ਕਈ ਤਰ੍ਹਾਂ ਦੇ ਤੋਹਫ਼ੇ ਦੇਣ ਦਾ ਲਾਲਚ ਅਜਿਹੇ ਨੌਜਵਾਨਾਂ ਨੂੰ ਦਿੰਦੀਆਂ ਹਨ ਅਤੇ ਇਹਨਾਂ ਕੰਪਨੀਆਂ ਦੇ ਅਜਿਹੇ ਪੈਕਿਜ ਲੈਣ ਲਈ ਵੱਡੀ ਗਿਣਤੀ ਨੌਜਵਾਨ ਆਪਣੇ ਪਰਿਵਾਰ 'ਤੇ ਜੋਰ ਪਾਉਂਦੇ ਹਨ। ਇਸ ਤੋਂ ਇਲਾਵਾ ਹਰ ਸ਼ਹਿਰ 'ਚ ਨੌਜਵਾਨਾਂ ਨੂੰ ਆਪਣੇ ਦੋਸਤਾਂ ਨਾਲ ਮੌਜ ਮਸਤੀ ਕਰਦਿਆਂ, ਘੁੰਮਦਿਆਂ, ਖੁੱਲ੍ਹੇ ਖਰਚੇ ਕਰਦਿਆਂ ਵੇਖਿਆ ਜਾਂਦਾ ਹੈ। ਅਕਸਰ ਨੌਜਵਾਨਾਂ ਦੇ ਵੱਖ ਵੱਖ ਟੋਲਿਆਂ ਵਿੱਚ ਕਈ ਵਾਰ ਮੁਕਾਬਲਾ ਅਤੇ ਲੜਾਈ ਝਗੜਾ ਵੀ ਹੋ ਜਾਂਦਾ ਹੈ।

ਇਹ ਠੀਕ ਹੈ ਕਿ ਪੰਜਾਬ ਵਿੱਚ ਬੇਰੁਜ਼ਗਾਰੀ ਬਹੁਤ ਹੈ, ਪਰ ਇਹ ਵੀ ਅਸਲੀਅਤ ਹੈ ਕਿ ਜਿਸ ਨੌਜਵਾਨ ਦੀ ਕੰਮ ਕਰਨ ਦੀ ਅਤੇ ਪੈਸੇ ਕਮਾਉਣ ਦੀ ਇੱਛਾ ਹੋਵੇ ਤਾਂ ਉਸ ਨੂੰ ਕੋਈ ਨਾ ਕੋਈ ਕੰਮ ਧੰਦਾ ਮਿਲ ਜਾਂਦਾ ਹੈ। ਪੰਜਾਬ ਵਿੱਚ ਵੱਡੀ ਗਿਣਤੀ ਅਜਿਹੇ ਵੀ ਨੌਜਵਾਨ ਹਨ ਜੋ ਕਿ ਦੋ ਦੋ ਜਾਂ ਤਿੰਨ ਕੰਪਨੀਆਂ ਜਾਂ ਦਫ਼ਤਰਾਂ ਦਾ ਕੰਮ ਕਰਦੇ ਹਨ। ਕਈ ਤਾਂ ਵੱਖ-ਵੱਖ ਅਦਾਰਿਆਂ ਵਿੱਚ ਘੰਟਿਆਂ ਦੇ ਹਿਸਾਬ ਨਾਲ ਵੀ ਕੰਮ ਕਰਦੇ ਹਨ ਤਾਂ ਕਿ ਉਹਨਾਂ ਨੂੰ ਦੋ ਪਾਸਿਓਂ ਆਮਦਨੀ ਹੋ ਸਕੇ। ਇਸ ਤੋਂ ਇਲਾਵਾ ਕਈ ਨੌਜਵਾਨ ਦਫ਼ਤਰ ਦੇ ਨਾਲ ਨਾਲ ਆਪਣੇ ਘਰ ਵਿੱਚ ਵੀ ਕੋਈ ਨਾ ਕੋਈ ਕੰਮ ਕਰਦੇ ਹਨ ਤਾਂ ਕਿ ਉਹਨਾਂ ਦੀ ਆਮਦਨੀ ਵਧੇ। ਬਹੁਤ ਸਾਰੇ ਨੌਜਵਾਨ ਅਜਿਹੇ ਹਨ ਜੋ ਕਿ ਸਵੇਰੇ 7 ਵਜੇ ਤੋਂ ਲੈ ਕੇ ਦੁਪਹਿਰ 2 ਵਜੇ ਤੱਕ ਇੱਕ ਦਫ਼ਤਰ ਵਿੱਚ ਕੰਮ ਕਰਦੇ ਹਨ ਅਤੇ ਦੁਪਹਿਰ 3 ਵਜੇ ਤੋਂ ਰਾਤ ਦੇ 9 ਵਜੇ ਤੱਕ ਕਿਸੇ ਹੋਰ ਦਫ਼ਤਰ ਵਿੱਚ ਕੰਮ ਕਰਦੇ ਹਨ। ਅਜਿਹੇ ਨੌਜਵਾਨਾਂ ਨੂੰ ਮਿਹਨਤ ਤਾਂ ਬਹੁਤ ਕਰਨੀ ਪੈਂਦੀ ਹੈ ਪਰ ਇਹਨਾਂ ਨੂੰ ਜਦੋਂ ਹਰ ਮਹੀਨੇ ਦੋ ਦਫ਼ਤਰਾਂ ਤੋਂ ਤਨਖਾਹ ਮਿਲਦੀ ਹੈ ਤਾਂ ਇਹਨਾਂ ਦੀ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ। ਪੰਜਾਬ ਦੇ ਵਿਹਲੇ ਫਿਰਦੇ ਨੌਜਵਾਨਾਂ ਨੂੰ ਵੀ ਅਜਿਹੇ ਦੋ ਦੋ ਕੰਮ ਕਰਨ ਵਾਲੇ ਨੌਜਵਾਨਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਕਿਉਂਕਿ ਮਾਪੇ ਸਦਾ ਨਹੀਂ ਰਹਿੰਦੇ ਅਤੇ ਨੌਜਵਾਨਾਂ ਨੂੰ ਸਮੇਂ ਸਿਰ ਰੁਜ਼ਗਾਰ ਪ੍ਰਾਪਤ ਕਰਕੇ ਆਪਣਾ ਖਰਚਾ ਆਪ ਚੁੱਕਣਾ ਚਾਹੀਦਾ ਹੈ।






# ਚੋਣ ਕਮਿਸ਼ਨ ਆਪਣੀ ਨਿਰਪੱਖ ਪਹੁੰਚ ਅਪਨਾਵੇ

**ਕੇ. ਰਵਿੰਦਰਨ**




ਭਾਰਤ ਦੇ ਚੋਣ ਕਮਿਸ਼ਨ ਨੂੰ ਚੋਣਾਂ ਵਿੱਚ ਕਮਜ਼ੋਰ ਧਿਰਾਂ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਪਰ ਉਹ ਆਪਣੀ ਤਾਕਤ ਨੂੰ 'ਵਿਰੋਧੀ ਧਿਰ ਦੇ ਵਿਰੁੱਧ' ਵਰਤਦਾ ਦਿਖਾਈ ਦਿੰਦਾ ਹੈ ਅਤੇ ਸਰਕਾਰ ਦੇ ਆਲੇ-ਦੁਆਲੇ ਚੁੱਪਚਾਪ ਘੁੰਮਦਾ ਰਹਿੰਦਾ ਹੈ। ਜਦੋਂ ਟੀ.ਐਨ. ਸ਼ੇਸ਼ਨ ਚੋਣ ਕਮਿਸ਼ਨਰ ਸਨ ਤਾਂ ਚੋਣ ਕਮਿਸ਼ਨ ਲੋਕਤੰਤਰ ਦਾ ਰਖਵਾਲਾ ਸੀ ਅਤੇ ਅੱਜ ਜਦੋਂ ਗਿਆਨੇਸ਼ ਕੁਮਾਰ ਮੁੱਖ ਚੋਣ ਕਮਿਸ਼ਨਰ ਹਨ, ਤਾਂ ਚੋਣ ਕਮਿਸ਼ਨ ਪਿੰਜਰੇ ਵਿੱਚ ਬੰਦ ਤੋਤੇ ਵਾਂਗ ਵਿਵਹਾਰ ਕਰ ਰਿਹਾ ਹੈ।

ਰਾਹੁਲ ਗਾਂਧੀ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਵੋਟ ਚੋਰ' ਕਹਿਣ 'ਤੇ ਹਾਲ ਹੀ 'ਚ ਹੋਇਆ ਵਿਵਾਦ ਇਸ ਅਸੰਤੁਲਨ ਨੂੰ ਉਜਾਗਰ ਕਰਦਾ ਹੈ। ਬਿਨਾਂ ਸ਼ੱਕ ਇਹ ਟਿੱਪਣੀ ਤਿੱਖੀ ਤੇ ਭੜਕਾਊ ਸੀ, ਪਰ ਚੋਣ ਪ੍ਰਚਾਰ ਦੇ ਹੰਗਾਮੇ ਵਿੱਚ ਇਹ ਕੋਈ ਅਸਾਧਾਰਨ ਗੱਲ ਨਹੀਂ ਸੀ। ਫਿਰ ਵੀ ਚੋਣ ਕਮਿਸ਼ਨ ਦਾ ਜਵਾਬ ਪ੍ਰਧਾਨ ਮੰਤਰੀ ਦੇ ਮਾਣ-ਸਨਮਾਨ ਲਈ ਵਧੇਰੇ ਚਿੰਤਾ ਦਾ ਸੰਕੇਤ ਦਿੰਦਾ ਹੈ, ਜਦੋਂ ਲੋੜ ਇਸ ਗੱਲ ਦੀ ਹੈ ਕਿ ਉਹ ਉਨ੍ਹਾਂ ਦੋਸ਼ਾਂ ਦੀ ਜਾਂਚ ਕਰੇ ਕਿ ਸੱਤਾਧਾਰੀ ਪਾਰਟੀ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਦੇਸ਼ ਦੀ ਪੂਰੀ ਮਸ਼ੀਨਰੀ ਦੀ ਦੁਰਵਰਤੋਂ ਕਰ ਰਹੀ ਹੈ ਜਾਂ ਨਹੀਂ? ਲੋਕਤੰਤਰ ਵਿੱਚ ਇਹ ਇਕ ਗਲਤ ਪਹਿਲ ਹੈ, ਕਿਉਂਕਿ ਤਾਕਤਵਰਾਂ 'ਤੇ ਲਗਾਮ ਲਗਾਉਣ ਲਈ ਬਣਾਈ ਗਈ ਇਹ ਸੰਸਥਾ ਕਮਜ਼ੋਰਾਂ 'ਤੇ ਪੁਲਿਸੀਆ ਕੰਟਰੋਲ ਕਰਕੇ ਆਪਣੀ ਖੁਦਮੁਖਤਿਆਰੀ ਦੀ ਜਾਇਜ਼ਤਾ ਨੂੰ ਖ਼ਤਰੇ ਵਿਚ ਪਾ ਰਹੀ ਹੈ।

ਚੋਣ ਕਮਿਸ਼ਨ ਦਾ ਸਖ਼ਤ ਰੁਖ਼ ਕੋਈ ਸਮੱਸਿਆ ਨਹੀਂ ਹੈ; ਸਗੋਂ ਇਹ ਜ਼ਰੂਰੀ ਹੈ। ਇੱਕ ਡਰਪੋਕ ਨਿਰਣਾਇਕ ਲਈ ਭਾਰਤ ਦੀਆਂ ਚੋਣਾਂ ਬਹੁਤ ਵੱਡੀਆਂ, ਬਹੁਤ ਵਿਵਾਦਪੂਰਨ ਤੇ ਬਦਨਾਮੀ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੀਆਂ ਹਨ। ਪਰ ਹਮਲਾਵਰ ਰੁਖ਼ ਸਹੀ ਦਿਸ਼ਾ ਵਿਚ ਹੋਣਾ ਜ਼ਰੂਰੀ ਹੈ, ਕਿਉਂਕਿ ਸੱਤਾਧਾਰੀ ਪਾਰਟੀ ਦਾ ਪੁਲਿਸ, ਨੌਕਰਸ਼ਾਹੀ, ਰਾਜ ਦੇ ਮੀਡੀਆ ਤੰਤਰ ਤੇ ਸਰਕਾਰੀ ਖਜ਼ਾਨੇ 'ਤੇ ਕੰਟਰੋਲ ਹੋਣ ਕਰਕੇ ਉਹ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਹੁੰਦੀ ਹੈ। ਜੇਕਰ ਉਨ੍ਹਾਂ ਨੂੰ ਖੁੱਲ੍ਹਾ ਛੱਡ ਦਿੱਤਾ ਗਿਆ ਤਾਂ ਉਹ ਨਿਰਪੱਖ ਚੋਣ ਨੂੰ ਪੱਖਪਾਤੀ ਮੁਕਾਬਲੇ ਵਿੱਚ ਬਦਲ ਸਕਦੇ ਹਨ। ਇਸ ਦੇ ਉਲਟ, ਵਿਰੋਧੀ ਧਿਰ ਕੋਲ ਸਿਰਫ਼ ਭਾਸ਼ਨ, ਰੈਲੀਆਂ ਤੇ ਨਾਅਰੇ ਹੀ ਹੁੰਦੇ ਹਨ। ਦੋਹਾਂ ਨੂੰ ਨਿਰਪੱਖਤਾ ਦੇ ਲਈ ਬਰਾਬਰ ਖ਼ਤਰਾ ਮੰਨਣਾ ਨਿਰਪੱਖਤਾ ਦਾ ਦਿਖਾਵਾ ਹੈ, ਕਿਉਂਕਿ ਕਮਜ਼ੋਰਾਂ 'ਤੇ ਬਹੁਤ ਜ਼ਿਆਦਾ ਸਖ਼ਤੀ ਅਤੇ ਤਾਕਤਵਰਾਂ ਨੂੰ ਖੁੱਲ੍ਹਾ ਛੱਡ ਦੇਣਾ ਇੱਕ ਮਜ਼ਾਕ ਵਾਲੀ ਗੱਲ ਹੈ। ਇਕ ਸਮਾਂ ਸੀ ਜਦੋਂ ਟੀ.ਐਨ. ਸ਼ੇਸ਼ਨ ਦੀ ਅਗਵਾਈ ਵਿੱਚ ਚੋਣ ਕਮਿਸ਼ਨ ਨੇ ਇਸ ਨੂੰ ਸਹੀ ਕਰਨ ਦੀ ਹਿੰਮਤ ਦਿਖਾਈ ਸੀ। ਉਨ੍ਹਾਂ ਸਮਰੱਥ ਸੰਸਥਾ ਦੀ ਤਾਕਤ ਨਾਲ ਸਿੱਧੇ ਤੌਰ 'ਤੇ ਸਰਕਾਰਾਂ ਦਾ ਸਾਹਮਣਾ ਕੀਤਾ ਅਤੇ ਪੂਰੇ ਅਨੁਸ਼ਾਸਨ ਨਾਲ ਆਦਰਸ਼ ਚੋਣ ਜ਼ਾਬਤੇ ਨੂੰ ਲਾਗੂ ਕਰਵਾ ਕੇ ਵੋਟਰਾਂ ਦਾ ਵੋਟ ਦੀ ਪਵਿੱਤਰਤਾ ਪ੍ਰਤੀ ਵਿਸ਼ਵਾਸ ਬਹਾਲ ਕਰਵਾਇਆ। ਸ਼ੇਸ਼ਨ 'ਤੇ ਕਦੇ ਨੌਟੰਕੀ ਕਰਨ, ਘੁਮੰਡੀ ਹੋਣ ਅਤੇ ਤਾਨਾਸ਼ਾਹ ਹੋਣ ਤੱਕ ਦੇ ਦੋਸ਼ ਵੀ ਲੱਗੇ। ਪਰ ਉਸ ਦੀ ਵਿਰਾਸਤ ਇਸ ਲਈ ਕਾਇਮ ਹੈ, ਕਿਉਂਕਿ ਉਸ ਨੇ ਤੱਤਕਾਲੀ ਸਰਕਾਰ 'ਤੇ ਲਗਾਮ ਲਗਾ ਕੇ ਵੋਟ ਦੇ ਸੰਤੁਲਨ ਨੂੰ ਮੁੜ ਨਾਗਰਿਕਾਂ ਵੱਲ ਝੁਕਾ ਦਿੱਤਾ ਸੀ। ਸਭ ਪਾਰਟੀਆਂ ਦੇ ਸਿਆਸਤਦਾਨ ਉਸ ਤੋਂ ਡਰਦੇ ਸਨ, ਪਰ ਇਹ ਡਰ ਸਿਹਤਮੰਦ ਸੀ। ਇਸ ਦਾ ਮਤਲਬ ਸੀ ਕਿ ਨਿਯਮ ਹਰ ਕਿਸੇ 'ਤੇ ਲਾਗੂ ਹੁੰਦੇ ਹਨ।

ਪਰ ਅੱਜ ਦਾ ਚੋਣ ਕਮਿਸ਼ਨ ਇਸ ਦੇ ਬਿਲਕੁਲ ਉਲਟ ਦਿਖਾਈ ਦਿੰਦਾ ਹੈ। ਜਦੋਂ ਸਰਕਾਰ ਨਿਯਮਾਂ ਵਿਚ ਢਿੱਲ ਦਿੰਦੀ ਹੈ ਤਾਂ ਇਹ ਰੋਕਣ ਤੋਂ ਝਿਜਕਦਾ ਹੈ। ਜਦੋਂ ਸਰਕਾਰੀ ਮੀਡੀਆ ਇਕ ਪ੍ਰਚਾਰ ਮਸ਼ੀਨਰੀ ਬਣ ਜਾਂਦਾ ਹੈ ਤਾਂ ਇਹ ਮੂੰਹ ਮੋੜ ਕੇ ਸੱਤਾਧਾਰੀਆਂ ਦੀ ਫਿਰਕੂ ਨਾਅਰੇਬਾਜ਼ੀ 'ਤੇ ਆਪਣੇ ਮੋਢੇ ਹਿਲਾ ਦਿੰਦਾ ਹੈ। ਪਰ ਜਿਵੇਂ ਹੀ ਕੋਈ ਵਿਰੋਧੀ ਧਿਰ ਦਾ ਨੇਤਾ ਕੋਈ ਚੁਭਵੀਂ ਬਿਆਨਬਾਜ਼ੀ ਕਰਦਾ ਹੈ ਤਾਂ ਇਹ ਅਚਾਨਕ ਊਰਜਾਵਾਨ ਹੋ ਜਾਂਦਾ ਹੈ। ਇਹ ਵਿਰੋਧਾਭਾਸ ਨਿਰਪੱਖਤਾ ਨਹੀਂ ਹੈ, ਸਗੋਂ ਨਿਰਪੱਖਤਾ ਦੇ ਭੇਸ ਵਿਚ ਧਾਰਨ ਕੀਤੀ ਗਈ ਕਮਜ਼ੋਰੀ ਹੈ। ਜਦੋਂ ਇਕ ਰੈਫਰੀ ਚੈਂਪੀਅਨ ਦੁਆਰਾ ਕੀਤੇ ਗਏ ਫਾਊਲਾਂ ਨੂੰ ਨਜ਼ਰਅੰਦਾਜ਼ ਕਰਕੇ ਕਮਜ਼ੋਰ ਧਿਰ ਨੂੰ ਝਿੜਕਦਾ ਹੈ ਤਾਂ ਉਹ ਨਿਰਪੱਖਤਾ ਨਹੀਂ, ਸਗੋਂ ਜੇਤੂਆਂ ਦਾ ਸਹਿਯੋਗੀ ਬਣਨਾ ਹੁੰਦਾ ਹੈ। ਚੋਣਾਂ ਵਿੱਚ ਜਨਤਾ ਦਾ ਵਿਸ਼ਵਾਸ ਲੋਕਤੰਤਰ ਦਾ ਅਧਾਰ ਹੈ, ਜੇਕਰ ਵੋਟਰ ਇਹ ਮੰਨਣਾ ਸ਼ੁਰੂ ਕਰ ਦੇਣ ਕਿ ਖੇਡ ਪਹਿਲਾਂ ਤੋਂ ਤੈਅ (ਫਿਕਸ) ਹੈ ਤਾਂ ਬੈਲਟ ਬਾਕਸ ਵਿੱਚ ਉਨ੍ਹਾਂ ਦਾ ਵਿਸ਼ਵਾਸ ਕਮਜ਼ੋਰ ਪੈ ਜਾਂਦਾ ਹੈ। ਜਦੋਂ ਇਹ ਭਰੋਸਾ ਟੁੱਟ ਜਾਵੇ ਤਾਂ ਲੋਕਤੰਤਰ ਮਹਿਜ ਇੱਕ ਖੋਖਲੀ ਰਸਮ ਬਣ ਜਾਂਦਾ ਹੈ। ਚੋਣ ਕਮਿਸ਼ਨ ਦੱਬਿਆ ਹੋਇਆ ਦਿਖਾਈ ਨਹੀਂ ਦੇ ਸਕਦਾ ਅਤੇ ਪੱਖਪਾਤ ਉਸ ਪ੍ਰਤੀ ਲੋਕਾਂ ਦੇ ਵਿਸ਼ਵਾਸ ਨੂੰ ਕਮਜ਼ੋਰ ਕਰਦਾ ਹੈ। ਸੰਵਿਧਾਨ ਨੇ ਉਸ ਨੂੰ ਇਸੇ ਲਈ ਖੁਦਮੁਖਤਿਆਰ ਬਣਾਇਆ ਸੀ ਕਿ ਉਹ ਸਰਕਾਰ ਤੇ ਵਿਰੋਧੀ ਧਿਰਾਂ ਵਿੱਚ ਸੰਤੁਲਨ ਨੂੰ ਯਕੀਨੀ ਬਣਾਏ ਕਿ ਹਰੇਕ ਨਾਗਰਿਕ ਦੀ ਵੋਟ ਦਾ ਬਰਾਬਰ ਮਹੱਤਵ ਹੈ।

ਪੱਖਪਾਤੀਆਂ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਸਿਰਫ਼ ਨਿਯਮਾਂ ਨੂੰ ਇੱਕ ਬਰਾਬਰ ਲਾਗੂ ਕਰ ਰਿਹਾ ਹੈ, ਪਰ ਇਹ ਇਕ ਝੂਠੀ ਸਮਰੂਪਤਾ ਹੈ। ਜਦੋਂ ਕੋਈ ਸਰਕਾਰ ਰਾਜ ਦੇ ਸਰੋਤਾਂ ਦੀ ਦੁਰਵਰਤੋਂ ਕਰਕੇ ਆਪਣੇ ਨੇਤਾ ਦੀਆਂ ਤਸਵੀਰਾਂ ਨਾਲ ਜਨਤਕ ਥਾਵਾਂ ਨੂੰ ਭਰ ਦੇਵੇ ਤਾਂ ਇਹ ਕਿਸੇ ਵਿਰੋਧੀ ਧਿਰ ਦੇ ਨੇਤਾ ਦੇ ਅਪਮਾਨ ਨਾਲੋਂ ਕਿਤੇ ਜ਼ਿਆਦਾ ਨਿਰਪੱਖਤਾ ਲਈ ਨੁਕਸਾਨਦੇਹ ਹੈ। ਇਸ ਦੇ ਉਲਟ ਦਿਖਾਵਾ ਕਰਨਾ ਤਾਂ ਸ਼ਿਸ਼ਟਾਚਾਰ ਅਤੇ ਸਮਾਨਤਾ ਨੂੰ ਉਲਝਾਉਣ ਵਾਂਗ ਹੈ। ਸੱਚੀ ਨਿਰਪੱਖਤਾ ਇਸ ਸੰਦਰਭ ਦੀ ਮੰਗ ਕਰਦੀ ਹੈ ਕਿ ਸਰਕਾਰੀ ਮਜ਼ਬੂਤ ਧਿਰ ਨੂੰ ਕਮਜ਼ੋਰ ਧਿਰ ਨਾਲੋਂ ਵਧੇਰੇ ਸੰਜਮ ਵਾਲਾ ਬਣਾਇਆ ਜਾਵੇ, ਇਹੀ ਕਮਿਸ਼ਨ ਦਾ ਧਰਮ ਹੈ। ਜ਼ਿਕਰਯੋਗ ਹੈ ਕਿ ਮਹਾਭਾਰਤ ਵਿੱਚ ਦ੍ਰੋਪਦੀ ਦਾ ਅਪਮਾਨ ਸਿਰਫ਼ ਉਸ ਦੇ ਕੱਪੜੇ ਉਤਾਰਨ ਵਿੱਚ ਨਹੀਂ, ਸਗੋਂ ਉਨ੍ਹਾਂ ਲੋਕਾਂ ਦੀ ਚੁੱਪੀ ਵਿੱਚ ਵੀ ਸੀ, ਜਿਨ੍ਹਾਂ ਨੂੰ ਉਸ ਦੀ ਇੱਜ਼ਤ ਦਾ ਬਚਾਅ ਕਰਨਾ ਚਾਹੀਦਾ ਸੀ। ਜਦੋਂ ਰਾਜ ਦਰਬਾਰ ਦੇ ਵੱਡੇ ਅਹੁਦੇਦਾਰਾਂ/ਬਜ਼ੁਰਗਾਂ ਅੱਖਾਂ ਮੀਚ ਲਈਆਂ ਸਨ ਅਤੇ ਕਰਨ ਨੂੰ ਵੀ ਆਪਣੀ ਗਲਤੀ ਦਾ ਅਹਿਸਾਸ ਬਹੁਤ ਦੇਰ ਬਾਅਦ ਹੋਇਆ ਸੀ ਤਾਂ ਉਸ ਸਮੇਂ ਕਮਜ਼ੋਰ ਧਿਰ (ਦਰੋਪਦੀ) 'ਤੇ ਗਲਤ ਹਮਲਾ ਹੋ ਗਿਆ ਸੀ। ਅੱਜ ਚੋਣ ਕਮਿਸ਼ਨ ਵੀ ਆਪਣੇ ਧਰਮ ਦੀ ਅਜਿਹੀ ਹੀ ਪ੍ਰੀਖਿਆ ਦਾ ਸਾਹਮਣਾ ਕਰ ਰਿਹਾ ਹੈ। ਸਰਕਾਰੀ ਵਧੀਕੀਆਂ ਦੇ ਸਾਹਮਣੇ ਉਸ ਦੀ ਚੁੱਪ ਅਤੇ ਵਿਰੋਧੀ ਧਿਰ ਨੂੰ ਫਿਟਕਾਰਨ ਵਿੱਚ ਦਿਖਾਈ ਤੇਜ਼ੀ, ਸੰਵਿਧਾਨ ਦੁਆਰਾ ਉਸ ਬਾਰੇ ਕਲਪਨਾ ਕੀਤੇ ਗਏ ਨਿਡਰ ਰੱਖਿਅਕ ਦੀ ਬਜਾਏ ਹਸਤਨਾਪੁਰ ਦੇ ਮੂਕ ਦਰਬਾਰੀਆਂ ਵਾਂਗ ਲੱਗ ਰਹੀ ਹੈ।

ਭਾਰਤ ਦਾ ਲੋਕਤੰਤਰ ਸੰਕਟਾਂ ਤੋਂ ਇਸ ਲਈ ਬਚਿਆ ਹੈ, ਕਿਉਂਕਿ ਇਸ ਦੀਆਂ ਸੰਸਥਾਵਾਂ ਨੇ ਕਈ ਵਾਰ ਹਿੰਮਤ ਦਿਖਾਉਣ ਦਾ ਰਸਤਾ ਚੁਣਿਆ ਹੈ। ਨਿਆਂਪਾਲਿਕਾ, ਪ੍ਰੈੱਸ ਅਤੇ ਇੱਕ ਸਮੇਂ ਖੁਦ ਚੋਣ ਕਮਿਸ਼ਨ ਵੀ ਸੱਤਾ ਦੀ ਦੁਰਵਰਤੋਂ ਵਿਰੁੱਧ ਡਟ ਕੇ ਖੜ੍ਹੇ ਹੁੰਦੇ ਰਹੇ ਹਨ ਅਤੇ ਇਸੇ ਹਿੰਮਤ ਨੇ ਹਰ ਵਾਰ ਗਣਰਾਜ ਨੂੰ ਜ਼ਿੰਦਾ ਰੱਖਿਆ ਹੈ। ਜੇਕਰ ਅੱਜ ਚੋਣ ਕਮਿਸ਼ਨ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਹਟਦਾ ਹੈ ਤਾਂ ਉਸ ਨੂੰ ਲੋਕਤੰਤਰ ਦੇ ਰਖਵਾਲੇ ਵਜੋਂ ਨਹੀਂ, ਸਗੋਂ ਦਬਾਅ ਹੇਠ ਢਹਿ ਜਾਣ ਵਾਲੀ ਇੱਕ ਹੋਰ ਸੰਸਥਾ ਵਜੋਂ ਯਾਦ ਰੱਖਿਆ ਜਾਵੇਗਾ। ਚੋਣ ਕਮਿਸ਼ਨ ਸਰਕਾਰ ਅੱਗੇ ਝੁਕਦਿਆਂ ਵਿਰੋਧੀ ਧਿਰ ਵਿਰੁੱਧ ਆਪਣੀ ਤਾਕਤ ਵਿਖਾਉਣ ਦੀ ਮੂਰਖਤਾ ਨੂੰ ਦੁਹਰਾ ਰਿਹਾ ਹੈ। ਅਜਿਹੇ ਵਿਚ ਕਮਜ਼ੋਰ ਲੋਕਾਂ ਵਿਰੁੱਧ ਦਿਖਾਈ ਬਹਾਦਰੀ ਬੇਕਾਰ ਹੋ ਜਾਂਦੀ ਹੈ। ਕਰਨ ਨੇ ਭਾਵੇਂ ਬਹੁਤ ਦੇਰ ਨਾਲ ਪਛਤਾਵਾ ਕੀਤਾ ਸੀ, ਪਰ ਕਮਿਸ਼ਨ ਕੋਲ ਅਜੇ ਵੀ ਸਮਾਂ ਹੈ। ਸਿਰਫ਼ ਵਿਰੋਧੀ ਧਿਰ ਵਿਰੁੱਧ ਸਖ਼ਤੀ ਵਰਤਣੀ ਅਤੇ ਸੱਤਾਧਾਰੀਆਂ ਨੂੰ ਖੁੱਲ੍ਹੇ ਛੱਡ ਦੇਣਾ ਨਿਰਪੱਖਤਾ ਨਹੀਂ ਹੈ- ਸਗੋਂ ਵਿਸ਼ਵਾਸਘਾਤ ਹੈ।

# ਜੰਗ ਤੇ ਹਿੰਸਾ 'ਚ ਫਸੇ ਮੱਧ ਪੂਰਬ ਏਸ਼ੀਆ ਦੇ ਲੋਕਾਂ ਨੂੰ ਕਦੋਂ ਨਸੀਬ ਹੋਵੇਗੀ ਸ਼ਾਂਤੀ

**ਡਾ. ਰਣਜੀਤ ਸਿੰਘ**

ਮੱਧ ਪੂਰਬ ਏਸ਼ੀਆ ਸੰਸਾਰ ਦੇ ਉਨ੍ਹਾਂ ਕੁੱਝ ਕੁ ਖਿੱਤਿਆਂ 'ਚੋਂ ਇੱਕ ਹੈ, ਜਿੱਥੇ ਸੱਭਿਅਤਾ ਦਾ ਵਿਕਾਸ ਹੋਇਆ। ਮਨੁੱਖ ਨੇ ਜੰਗਲਾਂ 'ਚੋਂ ਨਿਕਲ ਕੇ ਘਰ ਵਸਾ ਕੇ ਰਹਿਣਾ ਸ਼ੁਰੂ ਕੀਤਾ ਅਤੇ ਖੇਤੀ ਦਾ ਧੰਦਾ ਅਪਣਾਇਆ। ਕਣਕ ਦੀ ਖੇਤੀ ਵੀ ਇਸੇ ਖਿੱਤੇ ਵਿੱਚ ਸ਼ੁਰੂ ਹੋਈ ਮੰਨੀ ਜਾਂਦੀ ਹੈ। ਭਾਰਤ ਵਿੱਚ ਕਣਕ ਦੀ ਆਮਦ ਵੀ ਇਸੇ ਖਿੱਤੇ 'ਚੋਂ ਆਈ ਮੰਨੀ ਜਾਂਦੀ ਹੈ, ਕਿਉਂਕਿ ਪਹਿਲਾਂ ਭਾਰਤੀ ਜੌਂਆਂ ਦੀ ਖੇਤੀ ਕਰਦੇ ਸਨ। ਸੰਸਾਰ ਦੇ ਸਭ ਤੋਂ ਵੱਧ ਮੰਨੇ ਜਾਂਦੇ ਦੋ ਧਰਮ ਵੀ ਇੱਥੇ ਹੀ ਪ੍ਰਫੁੱਲਿਤ ਹੋਏ ਤੇ ਇਨ੍ਹਾਂ ਦੋਹਾਂ ਧਰਮਾਂ ਦੇ ਲੋਕਾਂ ਨੇ ਲਗਭਗ ਸਾਰੇ ਸੰਸਾਰ ਵਿਚ ਹੀ ਰਾਜ ਕੀਤਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਆਰੀਆ ਲੋਕ ਵੀ ਇਸੇ ਖਿੱਤੇ ਤੋਂ ਭਾਰਤ ਆਏ ਸਨ। ਗਿਆਰਵੀਂ ਸਦੀ 'ਚ ਇਸੇ ਪਾਸਿਉਂ ਮੁੜ ਭਾਰਤ 'ਤੇ ਹਮਲੇ ਤੇ ਲੁੱਟ ਖਸੁੱਟ ਕਰਨ ਵਾਲੇ ਲੋਕ ਵੀ ਆਉਣ ਲੱਗੇ ਸਨ। ਇੱਥੋਂ ਹੀ ਆ ਕੇ ਹਮਲਾਵਰਾਂ ਨੇ ਭਾਰਤ 'ਤੇ ਕਈ ਸਦੀਆਂ ਰਾਜ ਕੀਤਾ।

ਦੂਜੇ ਵਿਸ਼ਵ ਯੁੱਧ ਪਿੱਛੋਂ ਇਜ਼ਰਾਇਲ ਦੇ ਨਾਂਅ ਹੇਠ ਯਹੂਦੀਆਂ ਲਈ ਇੱਕ ਨਵਾਂ ਦੇਸ਼ ਹੋਂਦ ਵਿੱਚ ਆਇਆ। ਇਨ੍ਹਾਂ ਲੋਕਾਂ ਦੀ ਵਿਸ਼ਵ ਦੇ ਹਰ ਖੇਤਰ 'ਚ ਤੂਤੀ ਬੋਲਦੀ ਹੈ। ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਇਸ ਦੇਸ਼ ਦੀ ਗੁਆਂਢੀ ਦੇਸ਼ਾਂ, ਜਿਨ੍ਹਾਂ 'ਚ ਸੀਰੀਆ, ਫ਼ਿਲਸਤੀਨ ਤੇ ਲਿਬਨਾਨ ਮੁੱਖ ਹਨ, ਨਾਲ ਟੱਕਰ ਚਲਦੀ ਰਹਿੰਦੀ ਹੈ। ਹਜ਼ਾਰਾਂ ਬੇਦੋਸ਼ੇ ਲੋਕ ਇਸ ਟੱਕਰ ਵਿੱਚ ਹੁਣ ਵੀ ਆਪਣੀਆਂ ਜਾਨਾਂ ਗਵਾ ਰਹੇ ਹਨ। ਗਾਜ਼ਾ ਪੱਟੀ ਵਿੱਚ ਤਾਂ ਲੋਕਾਂ ਨੂੰ ਭੋਜਨ ਦੀ ਥਾਂ ਗੋਲੀਆਂ ਤੇ ਬੰਬ ਹੀ ਨਸੀਬ ਹੋ ਰਹੇ ਹਨ।

ਜਦੋਂ ਤੋਂ ਇੱਥੇ ਤੇਲ ਭੰਡਾਰ ਮਿਲੇ ਸਨ, ਸੰਸਾਰ ਦੀਆਂ ਮੁੱਖ ਤਾਕਤਾਂ ਨੇ ਇਸ ਖਿੱਤੇ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਇਜ਼ਰਾਇਲ ਭਾਵੇਂ ਸਭ ਤੋਂ ਛੋਟਾ ਦੇਸ਼ ਹੈ ਪਰ ਫ਼ੌਜੀ ਤੇ ਆਰਥਿਕ ਪੱਖੋਂ ਇਹ ਇੱਕ ਮਜ਼ਬੂਤ ਦੇਸ਼ ਬਣ ਗਿਆ ਹੈ। ਇਸ ਨੂੰ ਅਮਰੀਕਾ ਤੇ ਹੋਰ ਯੂਰਪੀ ਦੇਸ਼ਾਂ ਦੀ ਪੂਰੀ ਹਮਾਇਤ ਪ੍ਰਾਪਤ ਹੈ। ਇਸ ਦੀ ਗੁਆਂਢੀਆਂ ਨਾਲ ਲੜਾਈ ਚਲਦੀ ਹੀ ਰਹਿੰਦੀ ਹੈ, ਕਿਉਂਕਿ ਫ਼ਿਲਸਤੀਨੀ ਬਾਗੀਆਂ ਦੇ ਅੱਡੇ ਇਨ੍ਹਾਂ ਦੇਸ਼ਾਂ 'ਚ ਹਨ। ਇਸ ਵਾਰ ਤਾਂ ਇਸ ਦੀ ਮਾਰ ਇਰਾਨ ਤੱਕ ਪਹੁੰਚ ਗਈ ਸੀ। ਕੱਟੜਪੰਥੀ ਇਸਲਾਮਿਕ ਤਨਜ਼ੀਮਾਂ, ਇਜ਼ਰਾਇਲ ਤੇ ਕਈ ਅਰਬ ਦੇਸ਼ਾਂ ਵਿਚਕਾਰ ਵੱਖ-ਵੱਖ ਕਾਰਨਾਂ ਕਰਕੇ ਚਲ ਰਹੇ ਟਕਰਾਅ ਅਤੇ ਮਹਾਂ ਸ਼ਕਤੀਆਂ ਦੀ ਇਸ ਖਿੱਤੇ 'ਚ ਆਪਣਾ ਪ੍ਰਭਾਵ ਵਧਾਉਣ ਲਈ ਲੱਗੀ ਹੋੜ ਕਾਰਨ, ਇਹ ਖਿੱਤਾ ਲੰਮੇ ਸਮੇਂ ਤੋਂ ਹਿੰਸਾ ਤੇ ਬਦਅਮਨੀ ਦਾ ਸਾਹਮਣਾ ਕਰਦਾ ਆ ਰਿਹਾ ਹੈ।



ਮੱਧ ਪੂਰਬ ਏਸ਼ੀਆ ਤੁਰਕੀ ਤੋਂ ਸ਼ੁਰੂ ਹੁੰਦਾ ਹੈ, ਜਿਸ ਦੇ ਕੁਝ ਇਲਾਕੇ ਨੂੰ ਯੂਰਪ ਦਾ ਹਿੱਸਾ ਵੀ ਮੰਨਿਆ ਜਾਂਦਾ ਹੈ। ਇੱਥੇ ਹੁਣ ਲੋਕ ਰਾਜ ਕਾਇਮ ਹੋ ਚੁੱਕਾ ਹੈ, ਭਾਵੇਂ ਕਿ ਇਸ 'ਤੇ ਪੂਰਾ ਫ਼ੌਜੀ ਪ੍ਰਭਾਵ ਹੈ। ਇਸ ਸਮੇਂ ਮੱਧ ਪੂਰਬ ਏਸ਼ੀਆ ਦਾ ਇੱਕ ਸ਼ਕਤੀਸ਼ਾਲੀ ਦੇਸ਼ ਆਖਿਆ ਜਾ ਸਕਦਾ ਹੈ। ਹੁਣੇ ਭਾਰਤ-ਪਾਕਿਸਤਾਨ ਜੰਗ 'ਚ ਇਸ ਦੇਸ਼ ਨੇ ਪਾਕਿਸਤਾਨ ਦੀ ਸਿੱਧੀ ਹਮਾਇਤ ਕੀਤੀ ਸੀ। ਏਸ਼ੀਆ ਪਾਸਿਉਂ ਇਸ ਨੂੰ ਯੂਰਪ ਦਾ ਦੁਆਰ ਵੀ ਆਖਿਆ ਜਾਂਦਾ ਹੈ। ਇਸ ਦੇ ਨਾਲ ਲਗਦਾ ਦੂਜਾ ਦੇਸ਼ ਲਿਬਨਾਨ ਹੈ, ਜਿਸ ਨੂੰ ਏਸ਼ੀਆ ਦਾ ਸਵਿਟਜ਼ਰਲੈਂਡ ਵੀ ਆਖਿਆ ਜਾਂਦਾ ਹੈ। ਇੱਕ ਪਾਸੇ ਸਮੁੰਦਰ, ਦੂਜੇ ਪਾਸੇ ਉੱਚੀਆਂ ਪਹਾੜੀਆਂ ਹਨ ਤੇ ਇਹ ਬਹੁਤ ਹੀ ਪ੍ਰਸਿੱਧ ਸੈਰਗਾਹ ਹੈ। ਪਰ ਜਦੋਂ ਤੋਂ ਇਜ਼ਰਾਇਲ ਹੋਂਦ 'ਚ ਆਇਆ ਹੈ, ਉਦੋਂ ਤੋਂ ਇਸ 'ਤੇ ਬਾਗੀਆਂ ਨੂੰ ਕਾਬੂ ਕਰਨ ਦੇ ਨਾਂਅ 'ਤੇ ਇਜ਼ਰਾਇਲ ਵੱਲੋਂ ਵਾਰ ਵਾਰ ਹਮਲੇ ਕੀਤੇ ਜਾ ਰਹੇ ਹਨ।

ਲਿਬਨਾਨ ਦੀ ਰਾਜਧਾਨੀ ਬਰੂਤ ਬਹੁਤ ਖ਼ੂਬਸੂਰਤ ਸੈਰਗਾਹ ਹੈ। ਸੰਸਾਰ ਦੀਆਂ ਵੱਡੀਆਂ ਕੰਪਨੀਆਂ ਦੇ ਦਫ਼ਤਰ ਇੱਥੇ ਹਨ, ਪਰ ਲਗਾਤਾਰ ਹਿੰਸਾ ਤੇ ਹਮਲਿਆਂ ਦਾ ਸ਼ਿਕਾਰ ਕਾਰਨ ਇਸ ਦਾ ਲੋੜੀਂਦਾ ਵਿਕਾਸ ਨਹੀਂ ਹੋ ਸਕਿਆ। ਇਨ੍ਹਾਂ ਦੋਵਾਂ ਦੇਸ਼ਾਂ ਨਾਲ ਸਾਂਝੀਆਂ ਸਰਹੱਦਾਂ ਵਾਲਾ ਦੇਸ਼ ਸੀਰੀਆ ਹੈ। ਤੁਰਕੀ ਤੋਂ ਬਰੂਤ ਨੂੰ ਜਾਂਦਿਆਂ ਸਮੁੰਦਰ ਕੰਢੇ ਵਾਲੀ ਸੜਕ ਸੀਰੀਆ ਦੇ ਕੁਝ ਹਿੱਸੇ 'ਚੋਂ ਲੰਘਦੀ ਹੈ। ਸੀਰੀਆ ਵਿਸ਼ੇਸ਼ ਕਰਕੇ ਦਾਲਾਂ ਦੀ ਖੇਤੀ ਲਈ ਪ੍ਰਸਿੱਧ ਹੈ। ਸੀਰੀਆ ਤੋਂ ਅਗਲਾ ਦੇਸ਼ ਇਰਾਕ ਹੈ, ਜਿਸ ਦੀਆਂ ਸਰਹੱਦਾਂ ਸੀਰੀਆ, ਤੁਰਕੀ, ਇਰਾਨ ਤੇ ਕੁਵੈਤ ਨਾਲ ਲਗਦੀਆਂ ਹਨ। ਇਸ ਦੇ ਤਿੰਨ ਵੱਡੇ ਸ਼ਹਿਰ ਮੌਸਲ, ਬਗ਼ਦਾਦ ਤੇ ਬਸਰਾ ਹਨ। ਕੁਰਦੀ ਲੋਕਾਂ ਦੀ ਵਸੋਂ ਵਾਲਾ ਸ਼ਹਿਰ ਕਿਰਕੂਕ ਹੈ, ਜਿੱਥੇ ਵਧੀਆ ਤੇਲ ਦੇ ਭੰਡਾਰ ਹਨ। ਇਸਲਾਮ ਦੇ ਸ਼ੀਆ ਭਾਈਚਾਰੇ ਦਾ ਪਵਿੱਤਰ ਸ਼ਹਿਰ ਕਰਬਲਾ ਤੇ ਬੈਬੀਲੋਨ ਦੇ ਲਟਕਦੇ ਬਗੀਚੇ ਵੀ ਇੱਥੇ ਹੀ ਹਨ। ਇਸ ਦੇ ਦੋ ਦਰਿਆ ਦਜਲਾ ਤੇ ਫ਼ਰਾਤ ਸੀਰੀਆ ਦੇ ਪਾਸੇ ਤੋਂ ਹੀ ਆਉਂਦੇ ਹਨ। ਬਸਰੇ ਲਾਗੇ ਜਾ ਕੇ ਦੋਵੇਂ ਦਰਿਆ ਇੱਕ ਹੋ ਕੇ ਅਰਬ ਸਾਗਰ 'ਚ ਚਲੇ ਜਾਂਦੇ ਹਨ। ਦੋਵਾਂ ਦਰਿਆਵਾਂ ਵਿਚਲੇ ਦੇ ਇਲਾਕੇ ਨੂੰ ਮੈਸੋਪੋਟਾਮੀਆ ਆਖਿਆ ਜਾਂਦਾ ਹੈ, ਜਿਸ ਦਾ ਅਰਥ ਦੁਆਬਾ ਹੈ। ਸਮੁੰਦਰ ਕੰਢੇ ਇਰਾਕ ਨਾਲ ਲਗਦਾ ਇਕੋ ਸ਼ਹਿਰ ਵਾਲਾ ਨਿੱਕਾ ਜਿਹਾ ਦੇਸ਼ ਕੁਵੈਤ ਹੈ, ਜੋ ਤੇਲ ਦੇ ਭੰਡਾਰ ਕਰਕੇ ਅਮੀਰ ਰਿਆਸਤ ਹੈ। ਸੱਦਾਮ ਹੁਸੈਨ ਨੇ ਕਦੇ ਇਸ ਨੂੰ ਆਪਣੇ ਕਬਜ਼ੇ 'ਚ ਲੈਣ ਦੀ ਕੋਸ਼ਿਸ਼ ਕੀਤੀ ਸੀ ਪਰ ਅਮਰੀਕੀ ਫ਼ੌਜਾਂ ਨੇ ਕੁਵੈਤ ਆਜ਼ਾਦ ਕਰਵਾ ਕੇ ਸੱਦਾਮ ਹੁਸੈਨ ਨੂੰ ਵੀ ਸੂਲੀ 'ਤੇ ਟੰਗ ਦਿੱਤਾ ਤੇ ਇੱਥੇ ਆਪਣੀ ਕਠਪੁਤਲੀ ਸਰਕਾਰ ਬਣਾ ਦਿੱਤੀ। ਇਸ ਖਿੱਤੇ 'ਚ ਦੂਜਾ ਸ਼ਕਤੀਸ਼ਾਲੀ ਦੇਸ਼ ਇਰਾਨ ਹੈ। ਇਸ ਦੀਆਂ ਸਰਹੱਦਾਂ ਇਰਾਕ, ਤੁਰਕੀ, ਅਫ਼ਗਾਨਿਸਤਾਨ ਨਾਲ ਲਗਦੀਆਂ ਹਨ। ਇਸ ਕੋਲ ਤੇਲ ਦੇ ਭੰਡਾਰ ਤੇ ਸਮੁੰਦਰੀ ਤੱਟ ਵੀ ਹੈ। ਇਹ ਖਿੱਤੇ ਦਾ ਬਾਦਸ਼ਾਹਤ ਖ਼ਤਮ ਕਰਕੇ ਇਸਲਾਮਿਕ ਸਟੇਟ ਬਣਨ ਵਾਲਾ ਸਭ ਤੋਂ ਮਗਰਲਾ ਦੇਸ਼ ਹੈ। ਸਾਰੇ ਖਿੱਤੇ 'ਚ ਸੁੰਨੀ ਮੁਸਲਮਾਨਾਂ ਦੀ ਵੱਧ ਅਬਾਦੀ ਹੈ, ਜਦਕਿ ਇਰਾਨ 'ਚ ਸ਼ੀਆ ਮੁਸਲਮਾਨ ਰਾਜ ਕਰਦੇ ਹਨ। ਤੁਰਕੀ, ਸੀਰੀਆ, ਇਰਾਕ ਅਤੇ ਇਰਾਨ ਦੀਆਂ ਜਿੱਥੇ ਸਰਹੱਦਾਂ ਮਿਲਦੀਆਂ ਹਨ, ਉੱਥੇ ਇੱਕ ਵੱਖਰੀ ਕੁਰਦ ਕੌਮ ਰਹਿੰਦੀ ਹੈ, ਜਿਨ੍ਹਾਂ ਦਾ ਆਰੀਅਨ ਪਿਛੋਕੜ ਮੰਨਿਆ ਜਾਂਦਾ ਹੈ ਤੇ ਇਨ੍ਹਾਂ ਦੀ ਬੋਲੀ ਵੀ ਵੱਖਰੀ ਹੈ, ਜਿਹੜੀ ਪੰਜਾਬੀ ਬੋਲੀ ਦੇ ਵਧੇਰੇ ਨੇੜੇ ਹੈ। ਇਕ ਤੋਂ ਦਸ ਤੱਕ ਗਿਣਤੀ ਵੀ ਪੰਜਾਬੀ ਵਾਲੀ ਹੈ। ਇਨ੍ਹਾਂ ਲੋਕਾਂ ਨੇ ਅਮਰੀਕੀ, ਤੁਰਕੀ ਤੇ ਇਰਾਨੀ ਸ਼ਹਿ 'ਤੇ ਇਰਾਕ ਵਿੱਚ ਕੋਈ ਅੱਧੀ ਸਦੀ ਪਹਿਲਾਂ ਬਗ਼ਾਵਤ ਕੀਤੀ ਅਤੇ ਆਰਜ਼ੀ ਤੌਰ 'ਤੇ ਕੁਰਦਸਤਾਨ ਦੇਸ਼ ਦਾ ਐਲਾਨ ਕਰ ਦਿੱਤਾ ਸੀ। ਕਿਰਕੂਕ ਇਸ ਦਾ ਮੁੱਖ ਸ਼ਹਿਰ ਹੈ। 1974 'ਚ ਸੱਦਾਮ ਹੁਸੈਨ ਨੇ ਇਰਾਨ ਨਾਲ ਸਮਝੌਤਾ ਕਰ ਲਿਆ, ਜਿਸ ਕਰਕੇ ਕੁਰਦੀਆਂ ਦੀ ਬਗਾਵਤ 'ਤੇ ਕਾਬੂ ਪਾ ਲਿਆ ਗਿਆ ਅਤੇ ਇਰਾਕ ਨੇ ਬੜੀ ਤੇਜ਼ੀ ਨਾਲ ਵਿਕਾਸ ਕਾਰਜ ਆਰੰਭ ਕੀਤੇ ਸਨ।

ਅਗਲਾ ਦੇਸ਼ ਅਫ਼ਗਾਨਿਸਤਾਨ ਹੈ। ਇਹ ਬਗੀਚਿਆਂ ਅਤੇ ਬਹਾਦਰ ਲੋਕਾਂ ਦਾ ਖ਼ੂਬਸੂਰਤ ਦੇਸ਼ ਹੈ। ਪਰ ਪਿਛਲੇ ਲੰਬੇ ਸਮੇਂ ਤੋਂ ਚੱਲ ਰਹੀ ਖ਼ਾਨਾਜੰਗੀ ਨੇ ਇਸ ਨੂੰ ਤਬਾਹ ਕਰ ਦਿੱਤਾ ਹੈ। ਕਦੇ ਅਮਰੀਕੀ ਅਤੇ ਕਦੇ ਰੂਸੀ ਹਮਾਇਤ ਨੇ ਖ਼ਾਨਾਜੰਗੀ ਨੂੰ ਜਾਰੀ ਰੱਖਣ 'ਚ ਸਹਾਇਤਾ ਕੀਤੀ।

ਹੁਣ ਥੱਕ ਕੇ ਇਨ੍ਹਾਂ ਦੋਵਾਂ ਸ਼ਕਤੀਆਂ ਨੇ ਖ਼ੁਦ ਨੂੰ ਬਾਹਰ ਕੱਢ ਲਿਆ ਹੈ ਤੇ ਇੱਥੇ ਕੁਝ ਹੱਦ ਤੱਕ ਸ਼ਾਂਤੀ ਬਹਾਲ ਹੋ ਸਕੀ ਹੈ।

(ਬਾਕੀ ਸਫ਼ਾ 27 'ਤੇ)

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE

QUIKQ wex




## FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਗੁਰੂ ਰਾਮਦਾਸ ਜੀ

## (ਗੁਰਗੱਦੀ ਦਿਵਸ 'ਤੇ ਵਿਸ਼ੇਸ਼)

ਗੁਰੂ ਰਾਮਦਾਸ ਜੀ ਦਾ ਗੁਰਿਆਈ ਸਮਾਂ 40 ਸਾਲ ਦੀ ਉਮਰ ਤੋਂ 1574-1581 ਤੱਕ ਦਾ ਹੈ। ਹੰਮਾਝੂ 1530 ਵਿੱਚ ਮੁਗਲ ਬਾਦਸ਼ਾਹ ਬਣਿਆ। ਉਸ ਵੇਲੇ ਪੰਜਾਬ ਵਿੱਚ ਰਾਜਨੀਤਿਕ ਅਰਾਜਕਤਾ ਸੀ। ਅਕਬਰ ਅਕਤੂਬਰ 1556 ਵਿੱਚ ਮੁਗਲ ਬਾਦਸ਼ਾਹ ਬਣਿਆ। ਤਦ ਵੀ ਹਾਲਾਤ ਸੁਖਾਵੇਂ ਨਹੀਂ ਸਨ। ਗੁਰੂ ਰਾਮਦਾਸ ਸਾਹਿਬ ਜੀ ਉਸ ਸਮੇਂ ਗੁਰੂ ਅਮਰਦਾਸ ਸਾਹਿਬ ਜੀ ਦੀ ਸਪ੍ਰਸਤੀ ਹੇਠ, ਗੋਇੰਦਵਾਲ ਵਿਖੇ ਪੰਥ ਦੀ ਸੇਵਾ ਕਰ ਰਹੇ ਸਨ। ਮੁਗਲ ਹਕੂਮਤ ਦਾ ਗੈਰ ਇਸਲਾਮ ਧਰਮਾਂ ਨਾਲ ਵੈਰ ਵਿਰੋਧ ਸੀ। ਸਾਰੇ ਧਰਮਾਂ ਵਿੱਚ ਵੰਡੀਆਂ ਪਈਆਂ ਸਨ। ਜਾਤ-ਪਾਤ, ਧੜੇਬੰਦੀ ਲੁੱਟ ਖੁਸੁੱਟ ਜੋਰਾਂ 'ਤੇ ਸੀ।

ਗਿਆਨ ਵਿਹੂਣੇ ਲੋਕ ਹਨੇਰ ਵਿੱਚ ਭਟਕ ਰਹੇ ਸਨ ਪਰ ਬਾਦਸ਼ਾਹ ਅਕਬਰ ਆਪ ਖੁਸ਼ਦਿਲ ਅਤੇ ਖੁਲ੍ਹੇ ਸੁਭਾਅ ਦਾ ਮਾਲਕ ਸੀ। ਸਿੱਖ ਧਰਮ ਲਈ ਸ਼ਾਂਤੀ ਅਤੇ ਵਿਕਾਸ ਦਾ ਸਮਾਂ ਸੀ। ਅਜਿਹੇ ਸਮੇਂ ਵਿੱਚ ਗੁਰੂ ਰਾਮਦਾਸ ਸਾਹਿਬ ਜੀ ਨੇ ਸੇਵਾ ਭਾਵਨਾ ਦੀ ਮਿਸਾਲ ਬਣ ਕੇ 16 ਸਤੰਬਰ 1574 ਵਿੱਚ ਗੁਰਗੱਦੀ ਪ੍ਰਾਪਤ ਕੀਤੀ। ਪ੍ਰਚਲਤ ਝੂਠੇ ਕਰਮਕਾਂਡਾਂ, ਰੀਤੀ ਰਿਵਾਜਾਂ , ਰਸਮਾਂ ਦਾ ਵਿਰੋਧ ਕਰਕੇ ਇੱਕ ਸਾਂਝੇ ਸਮਾਜ ਦੀ ਉਸਾਰੀ ਲਈ ਹੰਭਲਾ ਮਾਰਿਆ।

ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ 9 ਅਕਤੂਬਰ 1534 ਵਿੱਚ ਚੂਨਾ ਮੰਡੀ ਲਾਹੌਰ ਵਿਖੇ ਮਾਤਾ ਅਨੂਪ ਦੇਵੀ ਅਤੇ ਪਿਤਾ ਹਰੀਦਾਸ ਦੇ ਗ੍ਰਹਿ ਵਿਖੇ ਹੋਇਆ। ਪਲੇਠੇ ਪੁੱਤਰ ਸਨ। ਉਹਨਾਂ ਦੇ ਪਿਤਾ ਸਾਧਾਰਨ ਦੁਕਾਨਦਾਰ ਸਨ। ਆਪ ਜੀ ਨੂੰ ਜੇਠਾ ਦੇ ਨਾਮ ਨਾਲ ਬੁਲਾਇਆ ਜਾਂਦਾ। ਆਪ ਬਚਪਣ ਤੋਂ ਸ਼ਰਧਾ ਭਗਤੀ, ਸ਼ਾਂਤ, ਦਾਨੀ ਸੁਭਾਅ, ਸੁੰਦਰ ਸਰੂਪ ਅਤੇ ਤੀਖਣ ਬੁੱਧੀ ਵਾਲੇ ਸਨ। ਨਿੱਕੀ ਉਮਰੇ ਹੀ ਆਪ ਜੀ ਦੇ ਮਾਤਾ ਪਿਤਾ ਚਲਾਣਾ ਕਰ ਗਏ। ਆਪ ਜੀ ਦੀ ਨਾਨੀ ਉਨ੍ਹਾਂ ਨੂੰ ਬਾਸਰਕੇ ਲੈ ਆਈ। ਜਿਥੇ ਆਪ ਜੀ ਘੁੰਙਣੀਆਂ ਵੇਚ ਕੇ ਪ੍ਰਵਾਰ ਦਾ ਗੁਜ਼ਾਰਾ ਚਲਾਉਂਦੇ ਸਨ। ਰੱਬ ਸਬਬੀ ਗੁਰੂ ਅਮਰਦਾਸ ਜੀ ਵੀ ਬਾਸਰਕੇ ਦੇ ਰਹਿਣ ਵਾਲੇ ਸਨ। ਭਾਈ ਜੇਠਾ ਜੀ ਦੀ ਪਹਿਲੀ ਮਿਲਣੀ ਗੁਰੂ ਅਮਰਦਾਸ ਜੀ ਨਾਲ ਬਾਸਰਕੇ ਵਿੱਚ ਹੀ ਹੋਈ, ਜਿਸ ਵੇਲੇ ਭਾਈ ਜੇਠਾ ਜੀ ਦੀ ਉਮਰ 12 ਕੁ ਸਾਲ ਸੀ। ਫਿਰ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਆ ਗਏ। ਗੁਜ਼ਾਰੇ ਲਈ ਘੁੰਙਣੀਆਂ ਹੀ ਵੇਚਦੇ ਰਹੇ। ਆਪਣਾ ਇਹ ਕੰਮ ਸ਼ਾਂਤ ਚਿੱਤ , ਮਿਹਨਤ ਅਤੇ ਇਮਾਨਦਾਰੀ ਨਾਲ ਕਰਦੇ ਸਨ। ਲੋੜਵੰਦਾਂ ਨੂੰ ਮੁਫ਼ਤ ਹੀ ਵੰਡ ਦਿੰਦੇ ਸਨ।

ਇਸ ਤਰਾਂ ਦੇ ਕਾਰ ਵਿਹਾਰ ਦੇ ਨਾਲ ਨਾਲ ਗੁਰੂ ਘਰ ਵਿੱਚ ਸੇਵਾ, ਸਿਮਰਨ ਤੇ ਸਤਿਸੰਗ ਵੀ ਕਰਦੇ। ਉਹ ਆਪਣੇ ਮਿੱਠੇ ਅਤੇ ਨਿਮਰਤਾ ਵਾਲੇ ਸੁਭਾਅ ਕਰਕੇ ਸੰਗਤਾਂ ਵਿੱਚ ਹਰਮਨ ਪਿਆਰੇ ਹੋ ਗਏ। ਗੁਰੂ ਅਮਰਦਾਸ ਜੀ ਦੀ ਕ੍ਰਿਪਾ ਨਾਲ ਗੁਰੂ ਘਰ ਦੇ ਲੰਗਰਾਂ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਵਿੱਚ ਉਤਸ਼ਾਹ ਅਤੇ ਰੁਚੀ ਵੱਧਦੀ ਗਈ। ਉਹ ਮਧੁਰ ਸੁਰ ਵਿੱਚ ਗਾਉਂਦੇ ਸਨ ਅਤੇ ਤੰਤਰੀ ਸਾਜ਼ ਵੀ ਵਜਾਉਂਦੇ। ਉਹ ਇੱਕ ਮੌਲਿਕ ਕਵੀ ਸਨ। ਉਹਨਾਂ ਗੁਰਬਾਣੀ ਦੀ ਰਚਨਾ ਵੀ ਕੀਤੀ।

ਉਹ 20 ਸਾਲ ਦੀ ਉਮਰ ਵਿੱਚ ਰਿਸ਼ਟ ਪੁਸ਼ਟ ਹੋ ਚੁੱਕੇ ਸਨ । ਗੁਰੂ ਅਮਰਦਾਸ ਸਾਹਿਬ ਜੀ ਭਾਈ ਜੇਠ ਜੀ ਦੇ ਸੁਭਾਅ, ਰਹਿਣੀ ਬਹਿਣੀ, ਬੋਲ ਚਾਲ, ਡੀਲ ਡੌਲ, ਸੇਵਾ ਸਿਮਰਨ ਤੋਂ ਪ੍ਰਭਾਵਿਤ ਹੋਏ ਕਿ ਆਪਣੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ 18 ਫਰਵਰੀ 1554 ਨੂੰ ਕਰ ਦਿੱਤਾ। ਪਿਤਰੀ ਸਨੇਹ ਕਰਕੇ ਵੀ ਦੰਪਤੀ ਨੂੰ ਆਪਣੇ ਪ੍ਰਵਾਰ ਵਿੱਚ ਹੀ ਰੱਖ ਲਿਆ। ਆਪ ਜੀ ਦੇ ਤਿੰਨ ਸਾਹਿਬਜ਼ਾਦੇ ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ (ਗੁਰੂ) ਜੀ ਸਨ। ਆਪ ਗੁਰੂ ਘਰ ਦੀ ਸੇਵਾ ਵਿੱਚ ਜੁਟੇ ਰਹੇ। ਉਹਨਾਂ ਨੇ ਗੁਰਸਿੱਖ ਜੀਵਨ ਨੂੰ ਅਪਣਾ ਲਿਆ ਸੀ। ਜਦੋਂ ਗੁਰੂ ਅਮਰਦਾਸ ਸਾਹਿਬ ਜੀ ਨੇ ਬਾਉਲੀ ਦੇ ਨਿਰਮਾਣ ਦਾ ਕਾਰਜ ਆਰੰਭ ਕੀਤਾ ਤਾਂ ਭਾਈ ਜੇਠਾ ਜੀ ਨੇ ਸਾਰੇ ਪ੍ਰਬੰਧ ਦੀ ਜਿੰਮੇਵਾਰੀ ਲੈ ਲਈ ਸੀ। ਆਪ ਕਾਰ ਸੇਵਾ ਕਰਦਿਆਂ ਟੋਕਰੀ ਢੋਹਿਆ ਕਰਦੇ ਸਨ। ਲੋਕਾਚਾਰੀ ਅਤੇ ਰਿਸ਼ਤੇਦਾਰੀ ਤੋਂ ਉੱਪਰ ਉੱਠ ਕੇ ਸੇਵਾ ਕਰਦੇ ਰਹੇ। ਸੇਵਾ ਦੇ ਨਾਲ ਹੀ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਨੂੰ ਮੁਕਤੀ ਦਾ ਮਾਰਗ ਲੱਭਿਆ। ਗੁਰੂ ਅਮਰਦਾਸ ਜੀ ਦੀ ਕ੍ਰਿਪਾ ਅਤੇ ਵਿਸ਼ਵਾਸ ਦੇ ਪਾਤਰ ਬਣ ਗਏ।

ਜਦੋਂ ਮੁਗਲ ਬਾਦਸ਼ਾਹ ਅਕਬਰ ਦੇ ਦਰਬਾਰ ਵਿੱਚ ਹੋਰ ਵਿਰੋਧੀ ਜਾਤ ਅਭਿਮਾਨੀਆਂ ਨੇ ਗੁਰੂ ਅਮਰਦਾਸ ਜੀ ਦੇ ਧਰਮ ਪ੍ਰਚਾਰ ਵਿਰੁੱਧ ਸ਼ਿਕਾਇਤ ਕੀਤੀ ਤਾਂ ਬਾਦਸ਼ਾਹ ਨੇ ਗੁਰੂ ਜੀ ਨੂੰ ਤਲਬ ਕਰਨ ਦਾ ਹੁਕਮ ਦਿੱਤਾ।

ਉਨ੍ਹਾਂ ਨੇ ਭਾਈ ਜੇਠਾ ਜੀ ਨੂੰ ਸਿੱਖ ਧਰਮ ਦਾ ਪੱਖ ਪੇਸ਼ ਕਰਨ ਲਈ ਭੇਜਿਆ। ਭਾਈ ਜੇਠਾ ਜੀ ਨੇ ਪਹਿਲੇ ਤਿੰਨ ਗੁਰੂ ਸਾਹਿਬਾਨ ਜੀ ਦੀ ਬਾਣੀ ਦੀ ਪੂਰਬੀ ਘੋਖ ਕੀਤੀ ਹੋਈ ਸੀ। ਤਦ ਹੀ ਉਨ੍ਹਾਂ ਬੜੀ ਗੰਭੀਰਤਾ ਨਾਲ ਸਿੱਖ ਧਰਮ ਦਾ ਪੱਖ ਸ਼ਾਂਤੀਪੂਰਵਕ ਪੇਸ਼ ਕੀਤਾ ਕਿ ਸਾਡੇ ਧਰਮ ਦਾ ਮਨੋਰਥ ਲੋਕ ਭਲਾਈ ਹੈ। ਬਾਦਸ਼ਾਹ ਅਕਬਰ ਦੇ ਸਾਰੇ ਸ਼ੰਕੇ ਦੂਰ ਹੋ ਗਏ। ਇਸ ਤਰਾਂ ਸਾਰੇ ਦੋਸ਼ ਵੀ ਖਾਰਿਜ਼ ਹੋ ਗਏ।

ਸੇਵਾ, ਭਗਤੀ, ਪ੍ਰੇਮ ਗਿਆਨ ਅਤੇ ਨਿਮਰਤਾ ਵਾਲੇ ਗੁਣ ਵੇਖ ਕੇ, ਉਹਨਾਂ ਦੀ ਦ੍ਰਿੜ ਘਾਲਣਾ ਤੋਂ ਪ੍ਰਭਾਵਿਤ ਹੋ ਕੇ ਗੁਰੂ ਅਮਰਦਾਸ ਸਾਹਿਬ ਜੀ ਨੇ ਅਨੁਭਵ ਕਰ ਲਿਆ ਕਿ ਭਾਈ ਜੇਠਾ ਜੀ ਹੁਣ ਦੀਨ ਦੁਨੀਆਂ ਦਾ ਦਰਦ ਦੂਰ ਕਰਨ ਦੇ ਯੋਗ ਹੋ ਗਏ ਹਨ। ਤਦ 1 ਸਤੰਬਰ 1574 ਨੂੰ ਭਾਈ ਜੇਠਾ ਜੀ ਨੂੰ ਰਾਮਦਾਸ ਜੀ ਦਾ ਨਾਉਂ ਦੇ ਕੇ ਗੁਰਗੱਦੀ ਬਿਠਾਇਆ ਜੋ ਸਿੱਖ ਧਰਮ ਦੇ ਚੌਥੇ ਗੁਰੂ ਹੋਏ ਹਨ।

ਗੁਰੂ ਰਾਮਦਾਸ ਜੀ ਨੇ ਗੁਰਬਾਣੀ ਰਚਨਾ ਦੇ ਖੇਤਰ ਵਿੱਚ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਇੱਕਤਰ ਬਾਣੀ ਦਾ ਅਧਿਐਨ ਕੀਤਾ। ਆਪ ਗੁਰਬਾਣੀ ਉਤਾਰੇ ਤਿਆਰ ਕਰਦੇ ਰਹੇ, ਜਿਸ ਨਾਲ ਉਨ੍ਹਾਂ ਨੂੰ ਡੂੰਘੀ ਜਾਣਕਾਰੀ ਪ੍ਰਾਪਤ ਹੋਈ। ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖੀ ਜੀਵਨ ਵਿੱਚ ਢਾਲ ਲਿਆ ਸੀ।

ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿੱਚ ਉਨ੍ਹਾਂ ਦੇ 638 ਪਦੇ, 30 ਸੰਗੀਤਕ ਰਾਗਨੀਆਂ ਵਿੱਚ ਦਰਜ਼ ਹਨ। ਜਿਵੇਂ ਅਸ਼ਟਪਦੀਆਂ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ, ਵਾਰਾਂ ਤੇ ਸੋਹਿਲੇ ਕਾਵਿਕ ਵੰਨਗੀਆਂ ਹਨ। ਉਨ੍ਹਾਂ ਦੇ 31 ਸਲੋਕ, ਵਾਰਾਂ ਅਤੇ ਵਧੀਕ ਵਿੱਚ ਹਨ। ਉਹ ਸ਼ਾਂਤੀ ਅਤੇ ਪ੍ਰੇਮ ਦੇ ਕਵੀ ਸਨ। ਆਪ ਜੀ ਦੀ ਰਚੀ ਗੁਰਬਾਣੀ ਰਾਜਨੀਤਿਕ ਕੁਰੀਤੀਆਂ ਦਾ ਸੰਕੇਤ ਦਿੰਦੀ ਹੈ। ਸਵੈ ਮਾਣ ਦਾ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖ ਆਪਣੇ ਕਰਮਾਂ ਕਰਕੇ ਜਾਣਿਆਂ ਜਾਂਦਾ ਹੈ ਨਾ ਕਿ ਜਾਤ ਨਾਲ। ਹਉਮੈ ਦਾ ਤਿਆਗ ਕਰਕੇ ਪਰਮਾਤਮਾ ਅੱਗੇ ਆਤਮ ਸਮਰਪਣ ਕਰਨਾ ਹੈ। ਗੁਰਮਤਿ ਦੀ ਸੋਝੀ ਨਾਲ ਮਨ ਦੀ ਗਲ ਦੂਰ ਹੁੰਦੀ ਹੈ। ਨਾਮੁ ਦਾਨ ਇਸ਼ਨਾਨ ਅਤੇ ਸੁੱਚੀ ਕ੍ਰਿਤ, ਵੰਡ ਕੇ ਛੱਕਣਾਂ, ਸਿੱਖੀ ਦੇ ਮੀਰੀ ਗੁਣ ਹਨ। ਆਪਣੇ ਆਪ ਨੂੰ ਸੱਚਾ ਸਿੱਖ ਕਹਾਉਣ ਵਾਲੇ ਦੀ ਸੇਵਰ ਦੀ ਗਤੀਵਿਧੀ ਦਾ ਵਰਨਣ ਹੈ : ਜੋ ਆਪਣੇ ਆਪ ਨੂੰ ਸੱਚੇ ਗੁਰੂ ਦਾ ਸਿੱਖ ਅਖਵਾਉਂਦਾ ਹੈ, ਉਹ ਸਵੇਰੇ ਉੱਠ ਕੇ ਵਾਹਿਗੁਰੂ ਦੇ ਨਾਮੁ ਦਾ ਸਿਮਰਨ ਕਰੇ। ਅੰਮ੍ਰਿਤ ਸਰੋਵਰ ਵਿੱਚ ਰੋਜ਼ਾਨਾ ਇਸ਼ਨਾਨ ਕਰੇ, ਗੁਰਾਂ ਦੇ ਉਪਦੇਸ਼ ਅਨੁਸਾਰ ਹਰਿ ਹਰਿ ਦਾ ਉਚਾਰਨ ਕਰੇ। ਸਾਰੇ ਪਾਪ ਕੁਕਰਮ ਅਤੇ ਨਾਕਾਰਾਤਮਕਤਾ ਮਿੱਟ ਜਾਵੇਗੀ।

ਜੋ ਨਾਮੁ ਜਪਦਾ ਹੈ ਉਹ ਧੰਨਤਾ ਦੇ ਯੋਗ ਹੈ। ਸੱਚ 'ਤੇ ਪਹਿਰਾ ਦੇਣ ਦਾ ਉਪਦੇਸ਼ ਹੈ। ਝੂਠੇ ਕਰਮਕਾਂਡਾਂ ਨੂੰ ਨਹੀਂ ਮੰਨਣਾ। ਸੇਵਾ ਨਾਲ ਮੁਕਤੀ ਦਾ ਮਾਰਗ, ਪਰਮਾਤਮਾ ਨਾਲ ਮਿਲਣ ਦਾ ਰਸਤਾ ਹੈ।

ਗੁਰੂ ਅਮਰਦਾਸ ਜੀ ਨੇ ਸੰਨ 1570 ਵਿੱਚ ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਉਸ ਸਥਾਨ 'ਤੇ ਭੇਜਿਆ, ਜਿਥੇ ਹੁਣ ਅੰਮ੍ਰਿਤਸਰ ਵਸਿਆ ਹੈ ਕਿ ਉੱਥੇ ਸਰੋਵਰ ਅਤੇ ਨਗਰ ਵਸਾਓ। ਆਪ ਜੀ ਨੇ ਪਹਿਲਾ ਸੰਤੋਖਸਰ ਦੀ ਖੁਦਾਈ ਕੀਤੀ। ਜਿਸ ਟਾਹਲੀ ਹੇਠ ਬੈਠ ਕੇ ਉਦੇਸ਼ ਦਿੰਦੇ ਸਨ, ਉਥੇ ਗੁਰਦੁਆਰਾ ਟਾਹਲੀ ਸਾਹਿਬ ਬਣਿਆ ਹੈ। ਗੁਰੂ ਰਾਮਦਾਸ ਜੀ ਨੇ ਆਪਣੇ ਗੁਰੂ ਕਾਲ (1574-1581) ਵਿੱਚ ਖਾਸ ਤੌਰ ਤੇ ਸਮਾਜ ਦੀ ਬਣਤਰ ਨੂੰ ਸੰਗਠਿਤ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਿੰਡ ਗੁਰੂ ਕਾ ਚੱਕ ਦੀ ਨੀਂਹ ਰੱਖੀ। ਜਿਸ ਦਾ ਨਾਉਂ ਰਾਮਦਾਸ ਪੁਰ ਜਾਂ ਚੱਕ ਰਾਮਦਾਸ ਪੁਰ ਹੋ ਗਿਆ। ਸੰਨ 1577 ਵਿੱਚ ਜਿਸ ਥਾਂ 'ਤੇ ਦਰਬਾਰ ਸਾਹਿਬ ਹੈ। ਨਗਰ ਵਸਾਉਣਾ ਸ਼ੁਰੂ ਕੀਤਾ। ਗੁਰੂ ਰਾਮਦਾਸ ਸਾਹਿਬ ਜੀ ਇਸ ਨਗਰੀ ਨੂੰ ਆਦਰਸ਼ਕ ਬਣਾਉਣਾ ਚਾਹੁੰਦੇ ਸਨ। ਜਿਸ ਦੇ ਵਸਨੀਕ ਸਿਰਫ਼ ਧਾਰਮਿਕ ਹੀ ਨਾ ਰਹਿ ਕੇ ਸਮਾਜਿਕ , ਆਰਥਿਕ ਅਤੇ ਰੁਜ਼ਗਾਰ ਪੱਖੋਂ ਵੀ ਖੁਸ਼ਹਾਲ ਹੋਣ। ਉਨ੍ਹਾਂ ਦੀ ਕ੍ਰਿਤ ਕਮਾਈ ਵਿੱਚ ਕੋਈ ਥੁੜ ਨਾ ਹੋਵੇ। ਆਪਸੀ ਮਿਲਵਰਤਣ, ਪਿਆਰ, ਪ੍ਰੇਮ ਅਤੇ ਸਾਂਝੇ ਭਾਈ ਚਾਰਕ ਲੋਕ ਵੱਸਣ। ਉਨ੍ਹਾਂ ਵੱਖ ਵੱਖ ਜਾਤਾਂ ਫਿਰਕਿਆਂ ਦੇ ਵੱਖ ਵੱਖ ਹੁਨਰ ਦੇ ਨਿੰਪੁਨ ਦਸਤਕਾਰਾਂ ਕ੍ਰਿਤੀਆਂ ਨੂੰ ਵਸਾਇਆ। ਵਸੇਬੇ ਲਈ ਉਨ੍ਹਾਂ ਦੀ ਮਦਦ ਵੀ ਕੀਤੀ। ਜਿਸ ਨਲ ਨਗਰ ਦਾ ਤੇਜੀ ਨਾਲ ਵਿਕਾਸ ਹੋਇਆ। ਕ੍ਰਿਤੀਆਂ ਨੇ ਸਮੂਹਿਕ ਤੌਰ 'ਤੇ ਇੱਕ ਬਜ਼ਾਰ ਦੇ ਰੂਪ ਵਿੱਚ ਵਪਾਰ ਨੂੰ ਵਧਾਇਆ। ਅੱਜ ਦਾ ਗੁਰੂ ਬਜ਼ਾਰ ਹੋਂਦ ਵਿੱਚ ਆਇਆ। ਸੰਨ 1577 ਵਿੱਚ ਗੁਰੂ ਰਾਮਦਾਸ ਸਾਹਿਬ ਜੀ ਨੇ ਦੁੱਖ ਭੰਜਨੀ ਬੇਰੀ ਦੀ ਥਾਂ 'ਤੇ ਅੰਮ੍ਰਿਤ ਸਰੋਵਰ ਦੀ ਖੁਦਵਾਈ ਆਰੰਭੀ। ਇਸ ਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਜਿਸ ਦਾ ਨਾਉਂ ਅੰਮ੍ਰਿਤਸਰ ਨਗਰ ਪੈ ਗਿਆ। ਆਪ ਜੀ ਨੇ ਆਪਣੇ ਲਈ ਇੱਕ ਮਕਾਨ ਵੀ ਬਣਵਾਇਆ, ਜਿਸ ਦਾ ਨਾਉਂ ਗੁਰੂ ਕੇ ਮਹਿਲ ਪੈ ਗਿਆ।

ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਕਰਤਾਰਪੁਰ ਸਾਹਿਬ ਦੇ ਲੰਗਰਾਂ ਦੀ ਪ੍ਰਥਾ ਨੂੰ ਅੰਮ੍ਰਿਤਸਰ ਵਿਖੇ ਵੀ ਤਿਵੇਂ ਹੀ ਜਾਰੀ ਰਖਿਆ। ਸਰੋਵਰ ਦੇ ਵਿਚਕਾਰ ਹਰਿਮੰਦਰ ਬਨਾਉਣ ਦੀ ਯੋਜਨਾ ਬਣੀ। ਸ਼ਹਿਰ ਦੇ ਵਸੇਬੇ ਅਤੇ ਉਸਾਰੀ ਨਿਰਮਾਣ ਲਈ ਕੰਮ ਜਾਰੀ ਹੋਏ। ਇਨ੍ਹਾਂ ਖ਼ਰਚਿਆਂ ਨੂੰ ਪੂਰਾ ਕਰਨ ਲਈ ਮਾਇਆ ਦੀ ਲੋੜ ਸੀ। ਮਾਇਆ ਇੱਕਠੀ ਕਰਨ ਲਈ ਮਸੰਦ ਨਿਯੁਕਤ ਕੀਤੇ। ਜੋ ਮਾਇਆ ਇਕੱਠੀ ਕਰਦੇ ਤੇ ਕੇਂਦਰੀ ਖ਼ਜ਼ਾਨੇ ਵਿੱਚ ਜਮ੍ਹਾਂ ਕਰਵਾਉਂਦੇ। ਅੱਗੋਂ ਇਹ ਮਾਇਆ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਖਰਚ ਹੁੰਦੀ। ਧਰਮ ਪ੍ਰਚਾਰ ਦੀ ਜਿੰਮੇਵਾਰੀ ਵੀ ਮਸੰਦਾਂ ਕੋਲ ਸੀ। ਜੋ ਗੁਰੂ ਦਾ ਸੰਦੇਸ਼ ਸੰਗਤ ਤਕ ਪਹੁੰਚਾਉਂਦੇ। ਗੁਰੂ ਅਤੇ ਸੰਗਤਾਂ ਵਿਚਕਾਰ ਇੱਕ ਪੁਲ ਦਾ ਕੰਮ ਕਰਦੇ ਸਨ। ਸੱਚਖੰਡ ਵਾਪਸੀ ਦਾ ਸਮਾਂ ਜਾਣ ਕੇ ਗੁਰੂ ਰਾਮਦਾਸ ਸਾਹਿਬ ਜੀ ਨੇ ਗੁਰਗੱਦੀ ਸੌਂਪਣ ਦੀ ਚੋਣ ਆਪਣੇ ਤਿੰਨ ਸਾਹਿਬਜ਼ਾਦਿਆਂ ਵਿਚੋਂ ਕਰਨ ਦੀ ਸੋਚੀ। ਉਹ ਪ੍ਰਵਾਰ ਸਮੇਤ ਗੋਇੰਦਵਾਲ ਚਲੇ ਗਏ ਕਿਉਂਕਿ ਪ੍ਰਿਥੀ ਚੰਦ ਦਾ ਗੁਰਗੱਦੀ ਦੇ ਹੱਕ ਵਿੱਚ ਵਿਰੋਧ ਜਾਰੀ ਸੀ। ਆਪ ਜੀ ਨੇ 1 ਸਤੰਬਰ 1581 ਨੂੰ ਗੁਰਗੱਦੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਕੇ ਜੋਤੀ ਜੋਤ ਸਮਾ ਗਏ।

ਅੰਤਿਕਾ : ਜਿਸਦਾ ਦਰਸ਼ਨ ਕਰਨ ਲਈ ਅਨੇਕਾਂ ਯੋਗੀ, ਜਤੀ, ਸਿੱਧ ਤੇ ਸਾਧਿਕ ਤਪ ਕਰਦੇ ਹਨ ਅਤੇ ਜਟਾ ਜੂਟ ਰਹਿ ਕੇ ਉਦਾਸ ਭੇਖ ਧਾਰ ਕੇ ਫਿਰਦੇ ਹਨ, ਉਸ ਹਰੀ ਰੂਪ ਗੁਰੂ ਅਮਰਦਾਸ ਸਾਹਿਬ ਜੀ ਨੇ ਸਹਿਜ ਸੁਭਾਇਆ ਜੀਆਂ ਉੱਤੇ ਕ੍ਰਿਪਾ ਕੀਤੀ ਤੇ ਗੁਰੂ ਰਾਮਦਾਸ ਸਾਹਿਬ ਜੀ ਨੂੰ ਹਰਿ ਨਾਮ ਦੀ ਵਡਿਆਈ ਬਖਸ਼ੀ। ਅੰਗ -1404

# ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ

ਰਮੇਸ਼ ਬੱਗਾ ਚੋਹਲਾ

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਦਾ ਬਚਪਨ ਦਾ ਨਾਮ ਭਾਈ ਜੇਠਾ ਸੀ, ਦਾ ਜਨਮ 24 ਸਤੰਬਰ 1534 ਈ. ਨੂੰ ਚੂਨਾ ਮੰਡੀ ਲਾਹੌਰ ਦੇ ਵਸਨੀਕ ਭਾਈ ਹਰਿਦਾਸ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ। ਜਿਸ ਦਿਨ ਭਾਈ ਜੇਠਾ ਜੀ ਦਾ ਜਨਮ ਹੋਇਆ ਉਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੁਨਿਆਵੀ ਉਮਰ ਲਗਪਗ 65 ਸਾਲ, ਸ੍ਰੀ ਗੁਰੂ ਅਮਰਦਾਸ ਜੀ ਦੀ 55 ਸਾਲ ਅਤੇ ਭਾਈ ਲਹਿਣਾ ਜੀ ਦੀ 30 ਸਾਲ ਸੀ। ਭਾਵੇਂ ਚਾਰੇ ਗੁਰੂ ਸਾਹਿਬਾਨ ਜਿਸਮਾਨੀ ਤੌਰ 'ਤੇ ਮੌਜੂਦ ਸਨ ਪਰ ਮਿਲਾਪ ਅਜੇ ਪਹਿਲੀ ਪਾਤਸ਼ਾਹੀ ਤੇ ਭਾਈ ਲਹਿਣਾ ਜੀ ਦਾ ਹੀ ਹੋਇਆ ਸੀ। ਬਚਪਨ ਵਿੱਚ ਹੀ ਪਹਿਲਾਂ ਮਾਤਾ ਜੀ ਅਤੇ ਫਿਰ ਪਿਤਾ ਸ੍ਰੀ ਹਰਿਦਾਸ ਜੀ ਇਸ ਦੁਨੀਆ ਤੋਂ ਕੂਚ ਕਰ ਗਏ। ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ।

ਲਾਹੌਰ ਤੋਂ ਦੋਹਤੇ ਦੇ ਆਪਣੇ ਨਾਨਕੇ ਘਰ ਆਉਣ ਦੀ ਖ਼ਬਰ ਸਾਰੇ ਪਿੰਡ ਵਿਚ ਫੈਲ ਗਈ। ਪਿੰਡ ਦੇ ਬਹੁਤ ਸਾਰੇ ਨੇਕ ਪੁਰਸ਼ ਅਤੇ ਔਰਤਾਂ ਬਾਲਕ ਜੇਠੇ ਦਾ ਧੀਰ ਧਰਾਉਣ ਲਈ ਆਉਣ ਲੱਗੇ। ਇਨ੍ਹਾਂ ਧੀਰ ਧਰਾਉਣ ਵਾਲਿਆਂ ਵਿੱਚ ਸ੍ਰੀ (ਗੁਰੂ) ਅਮਰਦਾਸ ਜੀ ਵੀ ਸਨ। ਉਨ੍ਹਾਂ ਦੇ ਕੋਮਲ ਹਿਰਦੇ 'ਤੇ ਭਾਈ ਜੇਠੇ ਦੀ ਦੁੱਖਦਾਈ ਸਥਿਤੀ ਦਾ ਬੜਾ ਡੂੰਘਾ ਅਸਰ ਹੋਇਆ। ਭਾਈ ਜੇਠਾ ਜੀ ਆਪਣੇ ਨਾਨਕੇ ਘਰ ਰਹਿ ਕੇ ਘੁੰਙਣੀਆਂ ਵੇਚਣ ਦੀ ਕਾਰ ਕਰਿਆ ਕਰਦੇ ਸਨ। ਇਸ ਸਮੇਂ ਦੌਰਾਨ ਸ੍ਰੀ (ਗੁਰੂ) ਅਮਰਦਾਸ ਜੀ ਜਦੋਂ ਕਦੇ ਖਡੂਰ ਸਾਹਿਬ ਤੋਂ ਬਾਸਰਕੇ ਆਉਂਦੇ ਤਾਂ ਉਹ ਭਾਈ ਜੇਠਾ ਜੀ ਨੂੰ ਜ਼ਰੂਰ ਮਿਲਦੇ ਅਤੇ ਦੁਨਿਆਵੀ ਤੇ ਇਲਾਹੀ ਗੱਲਾਂ ਹੁੰਦੀਆਂ ਰਹਿੰਦੀਆਂ।

ਜਦੋਂ ਗੋਂਦੇ ਖ਼ੱਤਰੀ ਦੀ ਬੇਨਤੀ 'ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਨਗਰ ਵਸਾਇਆ ਤਾਂ ਉਨ੍ਹਾਂ ਦੇ ਕਈ ਰਿਸ਼ਤੇਦਾਰ ਤੇ ਸਨੇਹੀ ਵੀ ਗੋਇੰਦਵਾਲ ਸਾਹਿਬ ਆ ਗਏ। ਗੁਰੂ ਦਰਸ਼ਨਾਂ ਦੀ ਤਾਂਘ ਭਾਈ ਜੇਠਾ ਜੀ ਨੂੰ ਵੀ ਇੱਥੇ ਲੈ ਆਈ । ਉਸ ਵਕਤ ਉਨ੍ਹਾਂ ਦੀ ਆਯੂ 12 ਕੁ ਸਾਲ ਦੀ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ 10-12 ਸਾਲ ਆਪਣੀ ਨਿਗਰਾਨੀ ਵਿੱਚ ਰੱਖਿਆ । ਗੁਰੂ ਸਾਹਿਬ ਨੇ ਭਾਈ ਜੇਠਾ ਦੇ ਗੁਣਾਂ ਦੀ ਕਦਰ ਕਰਦਿਆਂ 22 ਫੱਗਣ ਸੰਮਤ 1610 ਨੂੰ ਆਪਣੀ ਲਾਡਲੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਜਦੋਂ 1557 ਈ: ਵਿੱਚ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਸਮਾਜ ਵਿੱਚੋਂ ਛੂਤ-ਛਾਤ ਖ਼ਤਮ ਕਰਨ ਦਾ ਬੀੜਾ ਚੁੱਕਿਆ ਤਾਂ ਕੁਝ ਗੁਰੂ-ਘਰ ਦੇ ਦੋਖੀਆਂ ਅਤੇ ਸਮਾਜ ਵਿਰੋਧੀਆਂ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋ ਸਕੀ। ਉਨ੍ਹਾਂ ਵਿੱਚੋਂ ਕਿਸੇ ਨੇ ਅਕਬਰ ਬਾਦਸ਼ਾਹ ਕੋਲ ਜਾ ਕੇ ਗੁਰੂਕਿਆਂ ਦੇ ਖ਼ਿਲਾਫ਼ ਕੰਨ ਭਰ ਦਿੱਤੇ। ਆਪਣੀ ਸ਼ੰਕਾ ਨਵਿਰਤੀ ਅਤੇ ਤਸੱਲੀ ਲਈ ਬਾਦਸ਼ਾਹ ਨੇ ਗੁਰੂ ਦਰਬਾਰ ਵੱਲ ਸੱਦਾ-ਪੱਤਰ ਭੇਜ ਦਿੱਤਾ ।

ਬਿਰਧ ਸਰੀਰ ਹੋਣ ਕਰਕੇ ਤੀਸਰੇ ਪਾਤਸ਼ਾਹ ਨੇ ਗੁਰੂ-ਘਰ ਦੀ ਵਕਾਲਤ ਲਈ ਭਾਈ ਜੇਠਾ ਜੀ ਦੀ ਡਿਊਟੀ ਲਗਾ ਦਿੱਤੀ । ਭਾਈ ਜੇਠਾ ਜੀ ਨੇ ਸਿੱਖੀ ਦੇ ਸਿਧਾਂਤਾਂ ਦੀ ਇੰਨੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਕਿ ਅਕਬਰ ਦੇ ਸਭ ਭੁਲੇਖੇ ਦੂਰ ਹੋ ਗਏ। ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਾਮਾਦ ਸਨ ਪਰ ਇਸ ਰਿਸ਼ਤੇ ਦਾ ਰਤੀ ਭਰ ਵੀ ਗੁਮਾਨ ਨਹੀਂ ਸੀ। ਬਾਊਲੀ ਸਾਹਿਬ ਦੇ ਨਿਰਮਾਣ-ਕਾਰਜ ਸਮੇਂ ਉਹ ਵੀ ਇਕ ਨਿਮਾਣੇ ਸਿੱਖ ਵਾਂਗ ਸਿਰ 'ਤੇ ਟੋਕਰੀ ਢੋਅ ਕੇ ਸੇਵਾ ਕਰਿਆ ਕਰਦੇ ਸਨ। ਆਪ ਜੀ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਅਤੇ ਸ੍ਰੀ (ਗੁਰੂ) ਅਰਜਨ ਦੇਵ ਜੀ ਨੇ ਜਨਮ ਲਿਆ। ਸਿੱਖੀ ਦਾ ਪ੍ਰਚਾਰ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਤੋਂ ਗੁਰੂ ਕੇ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਲੈ ਜਾਣ ਦੀ ਵਿਉਂਤਬੰਦੀ ਕੀਤੀ ਗਈ। ਜਿਸ ਨੂੰ ਅਮਲੀ ਰੂਪ ਦੇਣ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਦਿੱਤੀ ਗਈ। ਗੁਰੂ ਰਾਮਦਾਸ ਜੀ ਨੇ ਇਹ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਈ ਜਿਸ ਦੀ ਬਦੌਲਤ 'ਗੁਰੂ ਕਾ ਚੱਕ' ਇੱਕ ਚੰਗੀ ਰੌਣਕ ਵਾਲਾ ਨਗਰ ਬਣ ਗਿਆ।

ਗੁਰਗੱਦੀ ਦਾ ਮਿਲਣਾ

ਸੱਚਖੰਡ ਵਾਪਸੀ ਸਮਾਂ ਨੇੜੇ ਆਇਆ ਜਾਣ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ-ਘਰ ਦੀ ਮਰਯਾਦਾ ਅਨੁਸਾਰ ਸੰਮਤ 1631 ਦੇ ਭਾਦਰੋਂ ਮਹੀਨੇ ਸੰਗਤ ਦੇ ਸਨਮੁੱਖ ਭਾਈ ਜੇਠਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਚੌਥਾ (ਗੁਰਗੱਦੀ ਦੇ ਕੇ) ਵਾਰਿਸ ਥਾਪ ਕੇ ਸ੍ਰੀ ਗੁਰੂ ਰਾਮਦਾਸ ਜੀ ਬਣਾ ਦਿੱਤਾ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿੱਚੋਂ ਇੱਕ ਨਿਮਾਣੇ ਸਿੱਖ ਨੂੰ ਮਿਲੇ ਮਾਣ ਨੂੰ ਵੇਖ ਕੇ ਆਪ ਵੈਰਾਗ ਵਿੱਚ ਆ ਗਏ ਤੇ ਬੋਲ ਉਠੇ :

ਜੋ ਹਮਰੀ ਬਿਧਿ ਹੋਤੀ, ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ

ਹਮ ਰੁਲਤੇ ਫਿਰਤੇ, ਕੋਈ ਬਾਤ ਨ ਪੂਛਤਾ, ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ (ਅੰਗ 167) ਚੌਥੇ ਪਾਤਸ਼ਾਹ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਾਨਦਾਰ ਧਾਰਮਿਕ ਸਥਾਨ ਉਸਾਰਨ ਬਾਰੇ ਸੋਚਿਆ। ਇਹ ਸਥਾਨ ਦਰਿਆ ਤੋਂ ਹਟਵਾਂ ਹੋ ਕੇ ਇੱਥੇ ਸਰੋਵਰ ਬਣਾਉਣ ਦੀ ਤਜਵੀਜ਼ ਵੀ ਬਣਾਈ ਗਈ। ਪਹਿਲਾਂ ਸਰੋਵਰ ਤੇ ਉਸ ਤੋਂ ਬਾਅਦ (ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ) ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋ ਗਈ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਗੱਦੀ-ਨਸ਼ੀਨ ਬਣਾ ਕੇ ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ। ਆਪ ਜੀ ਅੱਸੂ ਮਹੀਨੇ ਦੇ ਦੂਜੇ ਦਿਨ ਮੁਤਾਬਕ ਸੰਮਤ 1638 (ਸਤੰਬਰ 1581 ਈਸਵੀ) ਨੂੰ ਜੋਤੀ ਜੋਤ ਸਮਾ ਗਏ। ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਕੁੱਲ 30 ਰਾਗਾਂ ਵਿੱਚ ਬਾਣੀ ਰਚੀ ਹੋਈ ਹੈ।



# ਨਿੱਜੀ ਵਿਕਾਸ ’ਚ ਰੁਕਾਵਟ ਨਾ ਬਣੇ ਵਿਆਹ

ਸਾਡੇ ਸਮਾਜ ਵਿੱਚ ਵਿਆਹ-ਸ਼ਾਦੀ ਸਬੰਧੀ ਕੁਝ ਟੇਢੇ ਕਥਨ ਪ੍ਰਚੱਲਿਤ ਹਨ। ਸ਼ੇਕਸਪੀਅਰ ਨੇ ਕਿਹਾ ਸੀ, ‘ਸ਼ਾਦੀ ਸ਼ੁਦਾ ਮਨੁੱਖ ਆਪਣੇ ਆਪ ਨੂੰ ਬਰਬਾਦ ਕਰ ਲੈਂਦਾ ਹੈ।’ ਚੰਗੀ ਸ਼ਾਦੀ ‘ਬੋਲ਼ੇ’ ਪਤੀ ਅਤੇ ‘ਅੰਨ੍ਹੀ’ ਪਤਨੀ ਵਿਚਕਾਰ ਹੀ ਸੰਭਵ ਹੈ। ਫਰਾਂਸੀਸੀ ਕਹਾਵਤ ਹੈ- ਮੁਹੱਬਤ ‘ਸ਼ਾਦੀ ਦਾ ਸਵੇਰਾ’ ਹੈ ਅਤੇ ਸ਼ਾਦੀ ‘ਮੁਹੱਬਤ ਦਾ ਸੂਰਜ ਛਿਪਣਾ ਹੈ।’ ਇਹ ਵੀ ਕਿਹਾ ਜਾਂਦਾ ਹੈ ਕਿ ਵਿਆਹ ਤੋਂ ਬਾਅਦ ਮਨੁੱਖ ਸੱਤ ਸਾਲ ਹੋਰ ਪਹਿਲਾਂ ਬੁੱਢਾ ਹੋਇਆ ਮਹਿਸੂਸ ਕਰਦਾ ਹੈ। ਵਿਆਹ ਨੂੰ ਢਕੀ ਤਸ਼ਤਰੀ ਵੀ ਕਿਹਾ ਜਾਂਦਾ ਹੈ। ਵਿਆਹ ਇੱਕ ਅਜਿਹਾ ਜੂਆ ਹੈ ਜਿਸ ਵਿੱਚ ਮਰਦ ਆਪਣੀ ਆਜ਼ਾਦੀ ਦਾ ਦਾਅ ਖੇਡਦਾ ਹੈ ਅਤੇ ਔਰਤ ਆਪਣੀ ਖ਼ੁਸ਼ੀ ਨੂੰ ਦਾਅ ’ਤੇ ਲਾਉਂਦੀ ਹੈ। ਵਿਆਹ ਦੇ ਸੰਜੋਗ ਧੁਰ-ਦਰਗਾਹ ਤੋਂ ਲਿਖੇ ਹੁੰਦੇ ਹਨ।

ਸਮਾਂ ਤਾਂ ਆਪਣੇ ਨਿਰੰਤਰ ਵਹਿਣ ਵਿੱਚ ਵਹੀ ਜਾਂਦਾ ਹੈ, ਪ੍ਰੰਤੂ ਜਦੋਂ ਹਾਲਾਤ ਬਦਲਦੇ ਹਨ ਤਾਂ ਕਹਿ ਦਿੰਦੇ ਹਾਂ ਕਿ ਸਮਾਂ ਬਦਲ ਗਿਆ ਹੈ। ਅਸਲ ਵਿੱਚ ਸਮਾਂ ਤਾਂ ਕੇਵਲ ਗਵਾਹ ਹੁੰਦਾ ਹੈ। ਵਿਆਹ-ਸ਼ਾਦੀ ਮਨੁੱਖ ਅਤੇ ਪਰਿਵਾਰ ਦੇ ਜੀਵਨ ਦੀ ਇੱਕ ਬਹੁਤ ਹੀ ਅਹਿਮ ਘਟਨਾ ਹੁੰਦੀ ਹੈ। ਇਸ ਦੀ ਗਵਾਹੀ ਵਿਆਹ ਨੂੰ ‘ਸ਼ਾਦੀ’ ਕਹੇ ਜਾਣ ਤੋਂ ਪਤਾ ਲੱਗਦਾ ਹੈ। ਸ਼ਾਦੀ ਨੂੰ ਪਰਿਵਾਰ ਵਿੱਚ ‘ਖ਼ੁਸ਼ੀ’ ਦੇ ਸਮਾਨ ਮੰਨਿਆ ਜਾਂਦਾ ਹੈ। ਅੱਜ 21ਵੀਂ ਸਦੀ ਦੀ ਪਹਿਲੀ ਚੁਥਾਈ ਦੇ ਆਖ਼ਰ ਤੱਕ ਆਉਂਦਿਆਂ ਰਵਾਇਤੀ ਵਿਆਹ ਦੇ ਅਰਥ ਇਨਕਲਾਬੀ ਤਬਦੀਲੀ ਤੱਕ ਪਹੁੰਚ ਗਏ ਹਨ। ਇਨਕਲਾਬੀ ਇਸ ਕਰ ਕੇ ਕਿਉਂਕਿ ਪੁਰਾਤਨ ਵਿਚਾਰ ਹੁਣ ਮੌਜੂਦਾ ਸਮੇਂ ਦੀਆਂ ਸਥਿਤੀਆਂ ਦੇ ਅਨੁਕੂਲ ਨਹੀਂ ਹੋ ਰਹੇ। ਪੁਰਾਣੇ ਵਿਚਾਰਾਂ ਦਾ ਨਵੀਆਂ ਹਾਲਤਾਂ ਨਾਲ ਟਕਰਾਅ ਦੇਖਣ ਨੂੰ ਹੁਣ ਸਹਿਜੇ ਮਿਲ ਜਾਂਦਾ ਹੈ ਜਦੋਂ ਆਂਢ-ਗੁਆਂਢ, ਰਿਸ਼ਤੇਦਾਰੀ ਅਤੇ ਕੋਰਟ ਕਚਹਿਰੀਆਂ ਵਿੱਚ ਵਿਆਹ ਸ਼ਾਦੀ ਦੇ ਮਾਮਲਿਆਂ ਦੀ ਵਧੀ ਹੋਈ ਗਿਣਤੀ ਦੇਖਦੇ ਹਾਂ।

ਲਗਭਗ 25 ਵਰ੍ਹੇ ਪਹਿਲਾਂ ਤੱਕ ਸਾਡੇ ਸਮਾਜ ਵਿੱਚ ਮਰਦਾਂ ਦਾ ਭਾਰੂਪਣ ਸੁਭਾਵਿਕ ਸੀ, ਪ੍ਰੰਤੂ ਔਰਤਾਂ ਵਿੱਚ ਸਿੱਖਿਆ ਅਤੇ ਸਮਾਜਿਕ ਜਗਰੂਕਤਾ ਦੇ ਮਾਹੌਲ ਨੇ ਇਹ



ਸਮੀਕਰਨ ਬਦਲ ਦਿੱਤਾ ਹੈ। ਕਦੇ ਸਮਾਂ ਸੀ ਜਦੋਂ ਮਾਂ-ਬਾਪ ਬਿਨਾਂ ਧੀ ਨੂੰ ਦਿਖਾਇਆਂ ਹੀ ਮੁੰਡਾ ਲੱਭ ਲੈਂਦੇ ਸਨ। ਹੁਣ ਤਾਂ ਇਹ ਮੁੱਦਾ ਦੇਖਣ ਦੀ ਗੱਲ ਛੱਡੋ ਪਰਖਣ ਦੀ ਨੌਬਤ ਤੱਕ ਆ ਗਿਆ ਹੈ। ਜਿਸ ਉਮਰ ਨੂੰ 50 ਵਰ੍ਹੇ ਪਹਿਲਾਂ ਬੁੱਢੀ ਉਮਰੇ ਵਿਆਹ ਦੀ ਸੰਗਿਆ ਦਿੱਤੀ ਜਾਂਦੀ ਸੀ, ਅੱਜ ਸ਼ਾਦੀ ਦੀ ਉਮਰ 30 ਵਰ੍ਹਿਆਂ ਤੋਂ ਅਕਸਰ ਟੱਪੀ ਮਿਲਦੀ ਹੈ। ਰਵਾਇਤ ਅਨੁਸਾਰ ਲੜਕੀ ਨੂੰ ਵਿਆਹ ਵੇਲੇ ਸਹਿਣ ਕਰਨ ਲਈ ਸਿੱਖਿਆ ਦਿੱਤੀ ਜਾਂਦੀ ਸੀ, ਪ੍ਰੰਤੂ ਅੱਜ ਇਹ ਅਰਥਹੀਣ ਹੋ ਗਈ ਹੈ। ਅਜਿਹਾ ਮਰਦ-ਔਰਤ ਦੀ ਸਮਾਨਤਾ ਵਿੱਚ ਵਾਧੇ ਕਾਰਨ ਸੰਭਵ ਹੋਇਆ ਹੈ।

ਜੇ ਔਰਤ ਨੌਕਰੀ ਨਹੀਂ ਕਰਦੀ ਤਾਂ ਔਰਤ ਦੀ ਘਰ ਦੀ ਮੁਸ਼ੱਕਤ ਦਾ ਕੋਈ ਮੁੱਲ ਨਹੀਂ ਪਾਉਂਦਾ ਜਦੋਂ ਕਿ ਉਸ ਦੀ ਘਰੇਲੂ ਕਿਰਤ ਵੀ ਘਰ-ਬਾਰ ਵਿੱਚ ਪੂਰਾ ਹਿੱਸਾ ਪਾਉਂਦੀ ਹੈ। ਜੇ ਔਰਤ ਵੀ ਨੌਕਰੀ ਪੇਸ਼ਾ ਹੋਵੇ ਫਿਰ ਤਾਂ ਹੋਰ ਵੀ ਅਸੰਤੁਲਨ ਬਣ ਜਾਂਦਾ ਹੈ। ਸਿਆਣਾ ਮਰਦ ਹੀ ਇਸ ਅਸਾਵੇਂਪਣ ਨੂੰ ਆਪਣੇ ਯੋਗਦਾਨ ਨਾਲ ਸਮਤੋਲ ਵਿੱਚ ਲਿਆਉਂਦਾ ਹੈ ਨਹੀਂ ਤਾਂ ਫਿਰ ਘਰ ਦੀ ਕਿਸ਼ਤੀ ਡਗਮਗਾਉਣ ਲੱਗਦੀ ਹੈ। ਇੱਕ ਧਿਰ ਉੱਤੇ ਪਿਆ ਵਾਧੂ ਬੋਝ ਉਸ ਦੀ ਸਿਹਤ ਦੇ ਖਿਲਵਾੜ ਦੇ ਰੂਪ ਵਿੱਚ ਘਰ ਨੂੰ ਚੁਕਾਉਣਾ ਪਵੇਗਾ। ਅੱਜ ਦੀ ਔਰਤ ਇਸ ਮਾਮਲੇ ਵਿੱਚ ਖੁੱਲ੍ਹ ਕੇ ਗੱਲ ਕਰਨ ਲੱਗੀ ਹੈ।

ਬੱਚੇ ਦਾ ਜਨਮ ਅਤੇ ਦੇਖਭਾਲ, ਇਹ ਵਰਤਾਰਾ ਕੁਦਰਤੀ ਤੌਰ ’ਤੇ ਔਰਤ ਦੇ ਹਿੱਸੇ ਆਇਆ ਹੈ। ਭਾਵੇਂ ਕੁਦਰਤ ਨੇ ਉਸ ਨੂੰ ਲੋੜੀਂਦੀ ਸ਼ਕਤੀ ਦਿੱਤੀ ਹੋਵੇਗੀ, ਪਰ ਤਾਂ ਵੀ ਮਰਦ ਦਾ ਪਲੜਾ ਹੌਲਾ ਹੈ। ਬੱਚਿਆਂ ਖਾਤਰ ਔਰਤ ਨੂੰ ਹੀ ਆਪਣੀ ਨੌਕਰੀ ਦੀ ਕੁਰਬਾਨੀ ਕਰਨੀ ਪੈਂਦੀ ਹੈ। ਔਰਤ ਲਈ ਇਹ ਹੋਰ ਵੀ ਜਜ਼ਬਾਤੀ ਘਾਟਾ ਸਿੱਧ ਹੁੰਦਾ ਹੈ। ਉਹ ਸੋਚਣ ਲਈ ਮਜਬੂਰ ਹੁੰਦੀ ਹੈ ਕਿ ਆਖਿਰ ਉਸ ਨੇ ਸ਼ਾਦੀ ਵਿੱਚੋਂ ਕੀ ਖੱਟਿਆ ? ਉਹ ਤਾਂ ਸ਼ਾਦੀ ਦਾ ਜਜ਼ਬਾਤੀ ਅਤੇ ਜਿਸਮਾਨੀ ਬੋਝ ਚੁੱਕੀ ਫਿਰਦੀ ਹੈ। ਇਹ ਪੱਖ ਵੀ ਹੁਣ ਔਰਤਾਂ ਨੂੰ ਪਰੇਸ਼ਾਨ ਕਰਨ ਲੱਗਿਆ ਹੈ ਜਿਹੜਾ ਸ਼ਾਦੀ ਦੇ ਅਰਥ ਬਦਲਣ ਵਿੱਚ ਵੱਡਾ ਹਿੱਸਾ ਪਾ ਰਿਹਾ ਹੈ। ਨੀਂਦ ਦੀ ਕੁਰਬਾਨੀ ਅਤੇ ਬੱਚੇ ਦੀ ਦੇਖਭਾਲ ਔਰਤ ਦੇ ਹਿੱਸੇ ਹੀ ਆਉਂਦੀ ਹੈ। ਵਿਆਹ ਤੋਂ ਬਾਅਦ ਪਤਾ ਲੱਗਦਾ ਹੈ ਕਿ ਇਸ ਦੀ ਹੇਠਲੀ ਸਤ੍ਹਾ ਵਿੱਚ ਕਿੰਨੀ ਕੁ ਸਾਂਝ ਛਿਪੀ ਹੋਈ ਹੈ। ਔਰਤਾਂ ਦਾ ਪੜ੍ਹੇ ਲਿਖੇ ਹੋਣਾ ਅਤੇ ਪਹਿਲਾਂ ਨਾਲੋਂ ਕਿਤੇ ਵੱਧ ਆਰਥਿਕ ਤੌਰ ’ਤੇ ਸਵੈ-ਨਿਰਭਰ ਹੋਣ ਕਾਰਨ ਉਨ੍ਹਾਂ ਨੂੰ ਸੁਰੱਖਿਆ, ਘਰ ਅਤੇ ਸਮਾਜਿਕ ਪ੍ਰਵਾਨਗੀ ਲਈ ਸ਼ਾਦੀ ਦੀ ਲੋੜ ਮਹਿਸੂਸ ਨਹੀਂ ਹੁੰਦੀ। ਇਸ ਬਦਲਾਅ ਨੇ ਰਵਾਇਤੀ ਵਿਆਹ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ ਕਿ ਜਿਹੜਾ ਔਰਤਾਂ ਦੀ ਚੋਣ ਅਨੁਸਾਰ ਨਹੀਂ ਹੁੰਦਾ ਸੀ। ਹੁਣ ਉਨ੍ਹਾਂ ਕੋਲ ਚੋਣ ਦੀ ਖੁੱਲ੍ਹ ਹੈ। ਜੇ ਉਨ੍ਹਾਂ ਨੂੰ ਉਨ੍ਹਾਂ ਦੀ ਇੱਛਾ ਅਨੁਸਾਰ ਆਜ਼ਾਦੀ ਅਤੇ ਮਾਣ ਆਦਰ ਨਹੀਂ ਮਿਲਦਾ ਲੱਗਦਾ ਤਾਂ ਬਹੁਤ ਸਾਰੀਆਂ ਵਿਆਹ ਨੂੰ ਪਿੱਛੇ ਪਾ ਰਹੀਆਂ ਹਨ ਜਾਂ ਇਸ ਤੋਂ ਖਹਿੜਾ ਹੀ ਛੁਡਾ ਰਹੀਆਂ ਹਨ।

ਜੇ ਤੱਤਸਾਰ ਵਿੱਚ ਕਹਿਣਾ ਹੋਵੇ ਤਾਂ ਹੁਣ ਮੰਨਣਾ ਪਵੇਗਾ ਕਿ ਵਿਆਹ ਕੇਵਲ ਪਰੰਪਰਾ ਜਾਂ ਰਵਾਇਤ ਨਿਭਾਉਣ ਲਈ ਨਹੀਂ ਬਲਕਿ ਮਰਦ-ਔਰਤ ਵਿੱਚ ਬਰਾਬਰ ਦੀ ਹਿੱਸੇਦਾਰੀ ਹੈ। ਕੰਮ-ਕਾਜ ਅਤੇ ਜ਼ਿੰਮੇਵਾਰੀਆਂ ਵਿੱਚ ਸਮਾਨਤਾ ਝਲਕਣ ਲੱਗੀ ਹੈ। ਵਿਆਹ ਨਿੱਜੀ ਵਿਕਾਸ ਵਿੱਚ ਅੜਿੱਕਾ ਨਹੀਂ ਬਣਨਾ ਚਾਹੀਦਾ। ਜੇ ਭਾਵਨਾਵਾਂ ਦੀ ਪੂਰਤੀ ਨਹੀਂ ਹੁੰਦੀ ਤਾਂ ਤਲਾਕ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ। ਇਨ੍ਹਾਂ ਸ਼ਰਤਾਂ ਦੀ ਪੂਰਤੀ ਸਹਿਜੇ ਨਾ ਹੋਣ ਕਾਰਨ ਵਿਆਹ ਦੀ ਔਸਤ ਉਮਰ ਵਧ ਗਈ ਹੈ। ਵਿਆਹ ਹੁਣ ਸਮਾਜਿਕ ਬੰਨ੍ਹਣ ਵੀ ਨਹੀਂ, ਮਨ ਦੀ ਮੌਜ ਹੈ। ਇੱਕ-ਦੂਜੇ ਪ੍ਰਤੀ ਜਜ਼ਬਾਤੀ ਸੂਝ ਜ਼ਰੂਰੀ ਹੈ। ਇੱਕ ਦੂਜੇ ਪ੍ਰਤੀ ਸੰਵੇਦਨਸ਼ੀਲਤਾ ਭਾਵ ਜਜ਼ਬਾਤੀ ਸੂਝ ਦਾ ਹੋਣਾ ਵਿਆਹ ਦੀ ਸਫਲਤਾ ਲਈ ਜ਼ਰੂਰੀ ਹੈ। ਵਿਆਹ ਨਿੱਜੀ ਵਿਕਾਸ ਵਿੱਚ ਅੜਿੱਕਾ ਨਹੀਂ ਬਣਨਾ ਚਾਹੀਦਾ ਹੁਣ ਵਿਆਹ ਦੀ ਕਾਹਲ ਨਹੀਂ ਹੈ। ਸਗੋਂ ਸਿੱਖਿਆ, ਕੈਰੀਅਰ ਅਤੇ ਨਿੱਜੀ ਵਿਕਾਸ ਵੱਧ ਅਹਿਮ ਹਨ। ਕਿਤੇ ਕਿਤੇ ਤਾਂ ਇਹ ਧਾਰਨਾ ਵੀ ਬਣਦੀ ਦੇਖੀ ਜਾ ਰਹੀ ਹੈ ਕਿ ‘ਵਿਆਹ ਇੱਕ ਕੈਦ ਹੈ।’ ਇੱਕ ਬਦਲ ਵਜੋਂ ਬਿਨਾਂ ਵਿਆਹ ਤੋਂ ਇਕੱਠੇ ਰਹਿਣ ਦਾ ਢੰਗ ਵੀ ਅਪਣਾਇਆ ਜਾ ਰਿਹਾ ਹੈ।



# ਦਿਨੋਂ ਦਿਨ ਬਦਲ ਰਿਹੈ ਵਿਆਹਾਂ ਦਾ ਰੂਪ

ਸਾਡੇ ਦਾਦੇ-ਪੜਦਾਦਿਆਂ ਦਾ ਵਕਤ ਸਾਥੋਂ ਅਗਲੀ ਪੀੜ੍ਹੀ ਲਈ ਇੱਕ ਸੁਪਨੇ ਵਾਂਗ ਹੈ ਕਿਉਂਕਿ ਇੱਕ ਸਦੀ ਦਾ ਵਕਫ਼ਾ ਬੜਾ ਲੰਬਾ ਹੁੰਦਾ ਹੈ ਤੇ ਇਸ ਵਕਫ਼ੇ ’ਚ ਬੜਾ ਕੁਝ ਬਦਲ ਚੁੱਕਾ ਹੈ। ਉਨ੍ਹਾਂ ਸਮਿਆਂ ’ਚ ਵਿਆਹ ਬਿਲਕੁਲ ਸਾਦੇ ਤੇ ਘੱਟ ਖ਼ਰਚੀਲੇ ਹੁੰਦੇ ਸਨ। ਬੇਸ਼ੱਕ ਉਦੋਂ ਭਾਵੇਂ ਪੈਸੇ ਦੀ ਥੁੜ੍ਹ ਸੀ, ਪਰ ਲੋਕਾਂ ਦਾ ਜੀਵਨ ਸੁਖਾਲਾ ਸੀ ਤੇ ਸੁਭਾਅ ਪੱਖੋਂ ਲੋਕ ਅਮੀਰ ਸਨ। ਰਹਿਣੀ ਬਹਿਣੀ ਤੇ ਖਾਣਾ ਪੀਣਾ ਬਿਲਕੁਲ ਸਾਦਾ ਸੀ। ਜੇ ਗੱਲ ਵਿਆਹਾਂ ਦੀ ਕਰੀਏ ਤਾਂ ਕੇਵਲ ਕੁਝ ਕੁ ਹਜ਼ਾਰ ’ਚ ਵਿਆਹ ਨੇਪਰੇ ਚੜ੍ਹ ਜਾਇਆ ਕਰਦੇ ਸਨ।

ਬਹੁਤੇ ਲੋਕਾਂ ਦੇ ਘਰ ਕੱਚੀ ਮਿੱਟੀ ਦੇ ਬਣੇ ਹੁੰਦੇ ਸਨ, ਪਰ ਰਿਸ਼ਤੇ ਬੜੇ ਪੱਕੇ ਹੁੰਦੇ ਸਨ। ਆਮਦਨੀ ਦੇ ਸਾਧਨ ਥੋੜ੍ਹੇ ਸਨ ਤੇ ਲੋਕਾਂ ’ਚ ਲਾਲਚ ਨਹੀਂ ਸੀ ਤੇ ਨਾ ਹੀ ਪੈਸੇ ਦੀ ਦੌੜ ਸੀ। ਅਗਲੀ ਗੱਲ ਰਿਸ਼ਤੇ ਅੱਜ ਵਾਂਗ ਮੁੰਡਾ-ਕੁੜੀ ਖ਼ੁਦ ਨਹੀਂ ਕਰਿਆ ਕਰਦੇ ਸਨ। ਸਗੋਂ ਮਾਪਿਆਂ ਜਾਂ ਕਿਸੇ ਰਿਸ਼ਤੇਦਾਰ ਵੱਲੋਂ ਇੱਕ-ਦੂਜੇ ਦੇ ਵਿਸ਼ਵਾਸ ਉੱਤੇ ਬਿਨ ਦੇਖੇ ਰਿਸ਼ਤੇ ਤੈਅ ਹੋ ਜਾਂਦੇ ਸਨ ਜੋ ਬੜੇ ਚੰਗੇ ਢੰਗ ਨਾਲ ਆਖ਼ਰੀ ਸਾਹਾਂ ਤੱਕ ਨਿਭਦੇ ਸਨ। ਉਦੋਂ ਰਿਸ਼ਤੇ ਕੱਚੇ ਨਹੀਂ ਸਗੋਂ ਪੱਕੇ ਹੁੰਦੇ ਸਨ। ਜਿੱਥੇ ਘਰਦਿਆਂ ਨੇ ਹਾਂ ਕਰ ਦਿੱਤੀ, ਰਿਸ਼ਤਾ ਪੱਕਾ ਹੋ ਜਾਂਦਾ। ਮੁੰਡੇ-ਕੁੜੀ ਤੋਂ ਕਦੇ ਪੁੱਛਿਆ ਨਹੀਂ ਜਾਂਦਾ ਸੀ ਤੇ ਨਾ ਹੀ ਮੁੰਡੇ-ਕੁੜੀ ਦੀ ਹਿੰਮਤ ਹੁੰਦੀ ਸੀ ਮਾਪਿਆਂ ਦੀ ਗੱਲ ਨੂੰ ਟਾਲਣ ਦੀ।

ਉਸ ਜ਼ਮਾਨੇ ’ਚ ਲੋਕ ਸਕੂਨ ਦੀ ਜ਼ਿੰਦਗੀ ਜਿਊਂਦੇ ਸਨ। ਵੈਰ ਵਿਰੋਧ ਬੜਾ ਘੱਟ ਹੁੰਦਾ ਸੀ। ਪਿਆਰ ਦੀਆਂ ਤੰਦਾ ਇੰਨੀਆਂ ਮਜ਼ਬੂਤ ਹੁੰਦੀਆਂ ਸਨ ਕਿ ਪੁੱਛੋ ਕੁਝ ਨਾ ਜੋ ਛੇਤੀ ਦੇਣੀ ਟੁੱਟਦੀਆਂ ਨਹੀਂ ਸਨ। ਵਿਆਹ ਸਾਦੇ ਤੇ ਵਿਖਾਵੇ ਤੋਂ ਕੋਹਾਂ ਦੂਰ ਹੁੰਦੇ, ਬਰਾਤ ਬੈਲ ਗੱਡਿਆਂ ’ਤੇ ਆਇਆ ਕਰਦੀ ਜੋ ਕਈ ਕਈ ਦਿਨ ਰਹਿੰਦੀ ਸੀ। ਬਰਾਤੀਆਂ ਲਈ ਮੰਜੇ ’ਕੱਠੇ ਕਰਕੇ ਬਾਹਰ ਸਾਂਝੀ ਜਗ੍ਹਾ ਜਿਵੇਂ ਗੁਰਦੁਆਰਾ ਸਾਹਿਬ ਜਾਂ ਧਰਮਸ਼ਾਲਾ ’ਚ ਡਾਹ ਦਿੱਤੇ ਜਾਂਦੇ, ਜਿੱਥੇ ਬਰਾਤੀ ਠਹਿਰਦੇ ਸਨ। ਬਰਾਤ ਨੂੰ ਅੱਜ ਵਾਂਗ ਮੇਜ਼ ਕੁਰਸੀਆਂ ਲਾ ਕੇ ਖਾਣਾ ਨਹੀਂ ਖੁਆਇਆ ਜਾਂਦਾ ਸੀ, ਬਲਕਿ ਘਰੇਲੂ ਭਾਂਡਿਆਂ ’ਚ ਹੀ ਖੁਆਇਆ ਜਾਂਦਾ। ਇਹ ਭਾਂਡੇ ਸਾਂਝੇ ਹੁੰਦੇ ਸਨ ਜਿਸ ਨੂੰ ਬੇਲ ਵਾਲੇ ਭਾਂਡੇ ਆਖਿਆ ਜਾਂਦਾ ਸੀ। ਕੁੜੀ ਵਾਲਿਆਂ ਵੱਲੋਂ ਬਰਾਤੀਆਂ ਦੀ ਰੱਜ ਕੇ ਸੇਵਾ ਕੀਤੀ ਜਾਂਦੀ ਸੀ। ਬਰਾਤੀਆਂ ਨੂੰ ਸਵੇਰੇ ਚਾਹ ਨਾਲ ਦੋ-ਤਿੰਨ ਕਿਸਮ ਦੀ ਮਠਿਆਈ ਤੋਂ ਇਲਾਵਾ ਪਕੌੜੇ ਦਿੱਤੇ ਜਾਂਦੇ ਤੇ ਰੋਟੀ ’ਚ ਵੀ ਬਸ ਇੱਕ-ਦੋ ਸਬਜ਼ੀਆਂ ਤੇ ਬੱਕਰੇ ਦੇ ਮੀਟ ਨਾਲ ਖੁੱਲ੍ਹ ਕੇ ਸੇਵਾ ਕੀਤੀ ਜਾਂਦੀ। ਬਰਾਤ ਆਉਂਦੀ ਵੀ ਸਾਦੇ ਕੱਪੜਿਆਂ ’ਚ ਸੀ, ਅੱਜ ਵਾਂਗ ਬਰਾਤੀ ਬਾਹਲੀ ਟੌਹਰ ਵਗੈਰਾ ਕੱਢ ਕੇ ਨਹੀਂ ਆਉਂਦੇ ਸਨ। ਉਦੋਂ ਨਵੇ ਕੱਪੜੇ ਵੀ ਵਿਆਹਾਂ ਆਦਿ ਉੱਤੇ ਹੀ ਸਵਾਏ ਜਾਂਦੇ ਸਨ।



ਜਿਉਂ ਜਿਉਂ ਸਮਾਂ ਬਦਲਦਾ ਗਿਆ ਤਾਂ ਵਿਆਹਾਂ ’ਚ ਬਰਾਤ ਦੀ ਸੇਵਾ ਕਰਨ ’ਚ ਵੀ ਵਾਧਾ ਹੁੰਦਾ ਗਿਆ। ਜਿੱਥੇ ਜਿੱਥੇ ਪਹਿਲਾਂ ਬਰਾਤ ਕਈ ਕਈ ਦਿਨ ਰੁਕਦੀ ਸੀ, ਉੱਥੇ ਹੁਣ ਬਰਾਤ ਸਵੇਰੇ ਜਾਂਦੀ ਹੈ ਤੇ ਸ਼ਾਮ ਨੂੰ ਡੋਲੀ ਲੈ ਕੇ ਘਰ ਵਾਪਸ ਆ ਜਾਂਦੀ ਹੈ। ਹੁਣ ਬਰਾਤ ਪਹਿਲਾਂ ਵਾਂਗ ਘਰੋਂ ਇਕੱਠੀ ਨਹੀਂ ਜਾਂਦੀ। ਸਗੋਂ ਬਹੁਤੇ ਬਰਾਤੀ ਸਿੱਧੇ ਪੈਲੇਸਾਂ ’ਚ ਜਾਂਦੇ ਹਨ ਤੇ ਉੱਥੇ ਸ਼ਗਨ ਪਾ ਕੇ ਖਾਣਾ ਖਾਂਦੇ ਹਨ ਤੇ ਦੋ-ਚਾਰ ਘੰਟਿਆਂ ’ਚ ਵਾਪਸ ਆ ਜਾਂਦੇ ਹਨ। ਡੋਲੀ ਸਮੇਂ ਤਾਂ ਕੇਵਲ ਮੁੰਡੇ-ਕੁੜੀ ਦੇ ਘਰਦੇ ਤੇ ਕੁਝ ਚੋਣਵੇਂ ਰਿਸ਼ਤੇਦਾਰ ਹੀ ਹੁੰਦੇ ਹਨ।

ਪਹਿਲਾਂ ਕੁਝ ਹਜ਼ਾਰਾਂ ’ਚ ਹੋਣ ਵਾਲਾ ਵਿਆਹਾਂ ਦਾ ਖ਼ਰਚ ਹੁਣ ਪਹਿਲਾਂ ਲੱਖਾਂ ਤੇ ਫਿਰ ਵੇਖਦੇ ਹੀ ਵੇਖਦੇ ਹੁਣ ਕਰੋੜਾਂ ’ਚ ਹੋਣ ਲੱਗਾ ਹੈ। ਦਾਜ ’ਚ ਘਰ ਦੀ ਵਰਤੋਂ ’ਚ ਦਿੱਤੇ ਜਾਣ ਵਾਲੇ ਲੋੜੀਂਦੇ ਸਾਮਾਨ ’ਚ ਵੀ ਸਮੇਂ ਅਨੁਸਾਰ ਬਦਲਾਅ ਆਉਂਦਾ ਗਿਆ। ਇਸੇ ਤਰ੍ਹਾਂ ਪਹਿਲਾਂ ਦਾਜ ’ਚ ਮੁੰਡੇ ਨੂੰ ਸਾਈਕਲ, ਫਿਰ ਸਕੂਟਰ, ਮੋਟਰ ਸਾਈਕਲ ਤੇ ਫਿਰ ਕਾਰ ਦੇਣ ਦਾ ਰੁਝਾਨ ਆ ਗਿਆ। ਲੋਕ ਹੁਣ ਵਿਆਹਾਂ ਉੱਤੇ ਆਰਕੈਸਟਰਾ ’ਤੇ ਗਾਉਣ ਵਾਲਿਆਂ ਉੱਤੇ ਲੱਖਾਂ ਰੁਪਏ ਬੇਲੋੜੇ ਖ਼ਰਚ ਰਹੇ ਹਨ। ਦੇਖਾ-ਦੇਖੀ ਲੋਕ ਫੋਕੀ ਸ਼ੁਹਰਤ ਲਈ ਕਰਜ਼ਾ ਚੁੱਕ ਕੇ ਵਿਆਹਾਂ ਉੱਤੇ ਪੈਸਾ ਲਾ ਰਹੇ ਹਨ ਜਿਸ ਨੇ ਬਹੁਤੇ ਪੰਜਾਬੀਆਂ ਨੂੰ ਇੰਨਾ ਕਰਜ਼ਾਈ ਬਣਾ ਦਿੱਤਾ ਹੈ ਕਿ ਉਹ ਕਰਜ਼ੇ ਦੀ ਪੰਡ ਥੱਲੇ ਦੱਬਦੇ ਜਾ ਰਹੇ ਹਨ। ਇਸ ਤੋਂ ਇਲਾਵਾ ਹੁਣ ਲੋਕ ਦਾਜ ਦੀ ਲਾਹਨਤ ਨੂੰ ਹੱਲਾਸ਼ੇਰੀ ਦੇਣ ਲੱਗੇ ਤੇ ਮੂੰਹੋਂ ਦਾਜ ਮੰਗਣ ਲੱਗੇ ਜਿਸ ਨੇ ਸਾਡੇ ਸਮਾਜ ਨੂੰ ਕਲੰਕਤ ਕਰ ਦਿੱਤਾ। ਅੱਜਕੱਲ੍ਹ ਮੁੰਡੇ-ਕੁੜੀ ’ਚ ਰਿਸ਼ਤਾ, ਰਿਸ਼ਤਾ ਨਾ ਰਹਿ ਕੇ ਸੌਦੇਬਾਜ਼ੀ ਉੱਤੇ ਟਿਕ ਗਿਆ ਹੈ ਜਿਸ ਨਾਲ ਸਮਾਜਿਕ ਬੁਰਾਈਆਂ ਵਧੀਆਂ ਹਨ। ਇਸੇ ਦੀ ਬਦੌਲਤ ਮੁੰਡੇ-ਕੁੜੀ ’ਚ ਝਗੜੇ ਦੇ ਮਾਮਲੇ ਧੜਾ ਧੜ ਵਧਣ ਲੱਗੇ ਹਨ। ਮੁੱਕਦੀ ਗੱਲ ਰਿਸ਼ਤਿਆਂ ਦਾ ਘਾਣ ਹੋਣ ਲੱਗ ਪਿਆ ਹੈ। ਪੈਲੇਸਾਂ ’ਚ ਹੋਣ ਵਾਲੇ ਵਿਆਹਾਂ ਕਾਰਨ ਮਨੁੱਖੀ ਨੈਤਿਕ ਕਦਰਾਂ ਕੀਮਤਾਂ ਖੰਭ ਲਾ ਕੇ ਉੱਡ ਗਈਆਂ ਹਨ। ਸੋ ਜੇ ਵੇਖਿਆ ਜਾਵੇ ਤਾਂ ਪੁਰਾਣੇ ਕੱਚੇ ਕੋਠਿਆਂ ਵਾਲੇ ਵਿਆਹ ਅੱਜ ਦੇ ਪੈਲੇਸਾਂ ਵਾਲੇ ਵਿਆਹਾਂ ਤੋਂ ਸੌ ਦਰਜੇ ਚੰਗੇ ਸਨ।





# ਸਿਹਤ ਸੰਭਾਲ

## ਤੰਦਰੁਸਤ ਰਹਿਣ ਲਈ ਘਿਓ ਖਾਣਾ ਜ਼ਰੂਰੀ

ਉਮਰ ਦੇ ਵੱਖ-ਵੱਖ ਪੜਾਵਾਂ ਦੇ ਅਨੁਸਾਰ ਭੋਜਨ ਦੇ ਮਾਮਲੇ ਵਿੱਚ ਸਰੀਰ ਦੀਆਂ ਜ਼ਰੂਰਤਾਂ ਵੱਖਰੀਆਂ ਹੁੰਦੀਆਂ ਹਨ। ਜੇਕਰ ਉਮਰ ਦੇ ਅਨੁਸਾਰ ਸਰੀਰ ਦੀਆਂ ਪੋਸ਼ਣ ਸੰਬੰਧੀ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਣ ਅਤੇ ਇੱਕ ਸਿਹਤਮੰਦ ਰੁਟੀਨ ਦੀ ਪਾਲਣਾ ਕੀਤੀ ਜਾਵੇ, ਤਾਂ ਨਾ ਸਿਰਫ ਸਰੀਰ ਮਜ਼ਬੂਤ ਬਣਦਾ ਹੈ, ਬਲਕਿ ਬਿਮਾਰੀਆਂ ਵੀ ਤੁਹਾਡੇ ਤੋਂ ਦੂਰ ਰਹਿੰਦੀਆਂ ਹਨ। ਜੇਕਰ ਅਸੀਂ ਔਰਤਾਂ ਦੀ ਗੱਲ ਕਰੀਏ, ਤਾਂ ਔਰਤਾਂ ਅਕਸਰ ਆਪਣੀਆਂ ਖੁਰਾਕ ਸੰਬੰਧੀ ਜ਼ਰੂਰਤਾਂ ਨੂੰ ਨਜ਼ਰਅੰਦਾਜ਼ ਕਰਦੀਆਂ ਹਨ।

30 ਸਾਲ ਦੀ ਉਮਰ ਤੋਂ ਬਾਅਦ, ਔਰਤਾਂ ਦੇ ਸਰੀਰ ਵਿੱਚ ਕਈ ਹਾਰਮੋਨਲ ਬਦਲਾਅ ਆਉਂਦੇ ਹਨ। ਇਸ ਸਮੇਂ, ਮੈਟਾਬੋਲਿਜ਼ਮ ਵੀ ਹੌਲੀ ਹੋਣ ਲੱਗਦਾ ਹੈ ਅਤੇ ਹੱਡੀਆਂ ਨੂੰ ਵੀ ਵਧੇਰੇ ਪੋਸ਼ਣ ਦੀ ਲੋੜ ਹੁੰਦੀ ਹੈ। ਅਜਿਹੀ ਸਥਿਤੀ ਵਿੱਚ, ਔਰਤਾਂ ਨੂੰ 30 ਸਾਲ ਦੀ ਉਮਰ ਤੋਂ ਬਾਅਦ ਆਪਣੀ ਖੁਰਾਕ ਵਿੱਚ ਇੱਕ ਚਮਚ ਘਿਓ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਘਿਓ ਗੁਣਾਂ ਦਾ ਖਜ਼ਾਨਾ ਹੈ। ਖਾਸ ਕਰਕੇ, ਔਰਤਾਂ ਨੂੰ 30 ਸਾਲ ਦੀ ਉਮਰ ਤੋਂ ਬਾਅਦ ਰੋਜ਼ਾਨਾ 1 ਚਮਚ ਘਿਓ ਜ਼ਰੂਰ ਖਾਣਾ ਚਾਹੀਦਾ ਹੈ। ਆਯੁਰਵੈਦਿਕ ਡਾਕਟਰ ਆਨੰਦੀ ਮਹੇਸ਼ਵਰੀ ਇਸਦੇ ਫਾਇਦਿਆਂ ਬਾਰੇ ਦੱਸ ਰਹੀ ਹੈ।

30 ਸਾਲ ਦੀ ਉਮਰ ਤੋਂ ਬਾਅਦ, ਸਰੀਰ ਵਿੱਚ ਅਕਸਰ ਹਾਰਮੋਨਲ ਅਸੰਤੁਲਨ ਸ਼ੁਰੂ ਹੋ ਜਾਂਦਾ ਹੈ। ਇਹ ਔਰਤਾਂ ਦੇ ਮੂਡ, ਊਰਜਾ ਪੱਧਰ ਅਤੇ ਪੀਰੀਅਡ ਚੱਕਰ ਨੂੰ ਪ੍ਰਭਾਵਿਤ ਕਰਦਾ ਹੈ। ਅਜਿਹੀ ਸਥਿਤੀ ਵਿੱਚ, ਇੱਕ ਚੱਮਚ ਘਿਓ ਸਰੀਰ ਵਿੱਚ ਤਾਕਤ ਬਣਾਈ ਰੱਖਣ ਅਤੇ ਹਾਰਮੋਨਸ ਨੂੰ ਸੰਤੁਲਿਤ ਕਰਨ ਵਿੱਚ ਮਦਦ ਕਰਦਾ ਹੈ।

ਘਿਓ ਵਿੱਚ ਸਿਹਤਮੰਦ ਚਰਬੀ ਹੁੰਦੀ ਹੈ। ਇਹ ਹਾਰਮੋਨਲ ਸਿਹਤ ਨੂੰ ਬਿਹਤਰ ਬਣਾਉਂਦਾਹੈ ਅਤੇ ਸਰੀਰ ਵਿੱਚ ਐਸਟ੍ਰੋਜਨ ਅਤੇ ਪ੍ਰੋਜੇਸਟ੍ਰੋਨ ਦਾ ਸੰਤੁਲਨ ਬਣਾਈ ਰੱਖਦਾ ਹੈ।

30 ਸਾਲ ਦੀ ਉਮਰ ਤੋਂ ਬਾਅਦ, ਸਰੀਰ ਵਿੱਚ ਕੈਲਸ਼ੀਅਮ ਦੀ ਕਮੀ ਅਤੇ ਹੱਡੀਆਂ ਦੇ ਕਮਜ਼ੋਰ ਹੋਣ ਦੀ ਸਮੱਸਿਆ ਵਧ ਜਾਂਦੀ ਹੈ। ਅਜਿਹੀ ਸਥਿਤੀ ਵਿੱਚ, ਘਿਓ ਵਿੱਚ ਮੌਜੂਦ ਵਿਟਾਮਿਨ-ਡੀ ਅਤੇ ਵਿਟਾਮਿਨ-ਕੇ ਸਰੀਰ ਵਿੱਚ ਕੈਲਸ਼ੀਅਮ ਸੋਖਣ ਵਿੱਚ ਮਦਦ ਕਰਦੇ ਹਨ।





**ਕਬਜ਼ ਲਈ ਘਿਓ ਤੇ ਦੁੱਧ**

ਇਹ ਜੋੜਾਂ ਨੂੰ ਮਜ਼ਬੂਤ ਬਣਾਉਂਦੇ ਹਨ ਅਤੇ ਗਠੀਏ ਦੇ ਜੋਖਮ ਨੂੰ ਹੋਰ ਘਟਾਉਂਦੇ ਹਨ।

ਘਿਓ ਵਿੱਚ ਮੌਜੂਦ ਓਮੇਗਾ-3 ਫੈਟੀ ਐਸਿਡ ਅਤੇ ਬਿਊਟੀਰਿਕ ਐਸਿਡ ਮਾਨਸਿਕ ਸਿਹਤ ਲਈ ਵੀ ਫਾਇਦੇਮੰਦ ਹਨ।

ਆਯੁਰਵੇਦ ਵਿੱਚ ਘਿਓ ਨੂੰ ਗੁਣਾਂ ਦੀ ਖਾਨ ਮੰਨਿਆ ਜਾਂਦਾ ਹੈ। 30 ਸਾਲ ਦੀ ਉਮਰ ਤੋਂ ਬਾਅਦ ਮੈਟਾਬੋਲਿਜ਼ਮ ਹੌਲੀ ਹੋਣ ਲੱਗਦਾ ਹੈ। ਅਜਿਹੀ ਸਥਿਤੀ ਵਿੱਚ, ਘਿਓ ਪਾਚਨ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦਾ ਹੈ, ਕਬਜ਼ ਤੋਂ ਰਾਹਤ ਦਿੰਦਾ ਹੈ ਅਤੇ ਅੰਤੜੀਆਂ ਵਿੱਚ ਸੋਜਸ਼ ਨੂੰ ਘਟਾਉਂਦਾ ਹੈ।ਬਹੁਤ ਸਾਰੇ ਲੋਕ ਮੰਨਦੇ ਹਨ ਕਿ ਘਿਓ ਕੋਲੈਸਟ੍ਰੋਲ ਵਧਾਉਂਦਾ ਹੈ। ਪਰ, ਜੇਕਰ ਇਸਨੂੰ ਸੰਤੁਲਿਤ ਮਾਤਰਾ ਵਿੱਚ ਲਿਆ ਜਾਵੇ, ਤਾਂ ਘਿਓ ਦਿਲ ਲਈ ਫਾਇਦੇਮੰਦ ਹੁੰਦਾ ਹੈ। ਜੇਕਰ ਔਰਤਾਂ 30 ਸਾਲ ਦੀ ਉਮਰ ਤੋਂ ਬਾਅਦ ਰੋਜ਼ਾਨਾ ਇੱਕ ਚਮਚ ਘਿਓ ਲੈਣ, ਤਾਂ ਦਿਲ ਦੀ ਸਿਹਤ ਵਿੱਚ ਸੁਧਾਰ ਹੋ ਸਕਦਾ ਹੈ।30 ਸਾਲ ਦੀ ਉਮਰ ਤੋਂ ਬਾਅਦ, ਚਮੜੀ ਵਿੱਚ ਬੁਢਾਪੇ ਦੇ ਸੰਕੇਤ ਦਿਖਾਈ ਦੇਣ ਲੱਗਦੇ ਹਨ ਤੇ ਵਾਲ ਵੀ ਝੜਨ ਲੱਗਦੇ ਹਨ। ਘਿਓ ਦਾ ਸੇਵਨ ਚਮੜੀ ਨੂੰ ਹਾਈਡ੍ਰੇਸ਼ਨ ਅਤੇ ਚਮਕ ਦਿੰਦਾ ਹੈ, ਸਮੇਂ ਤੋਂ ਪਹਿਲਾਂ ਬੁਢਾਪੇ ਦੇ ਸੰਕੇਤਾਂ ਨੂੰ ਰੋਕਦਾ ਹੈ ਅਤੇ ਵਾਲਾਂ ਦੀਆਂ ਜੜ੍ਹਾਂ ਨੂੰ ਮਜ਼ਬੂਤੀ ਦਿੰਦਾ ਹੈ।



## ਹਰ ਰੋਜ਼ ਆਪਣੀ ਖ਼ੁਰਾਕ 'ਚ ਦਹੀਂ ਨੂੰ ਕਰੋ ਸ਼ਾਮਲ

ਕੀ ਤੁਸੀਂ ਵੀ ਉਨ੍ਹਾਂ ਲੋਕਾਂ ਵਿੱਚੋਂ ਇੱਕ ਹੋ ਜੋ ਮੰਨਦੇ ਹਨ ਕਿ ਸਿਹਤਮੰਦ ਰਹਿਣਾ ਬਹੁਤ ਮੁਸ਼ਕਿਲ ਹੈ? ਜੇਕਰ ਹਾਂ, ਤਾਂ ਤੁਹਾਨੂੰ ਇਹ ਲੇਖ ਜ਼ਰੂਰ ਪੜ੍ਹਨਾ ਚਾਹੀਦਾ ਹੈ। ਤੁਹਾਨੂੰ ਦੱਸ ਦੇਈਏ, ਤੁਹਾਡੀ ਰਸੋਈ ਵਿੱਚ ਰੱਖੀ ਇੱਕ ਛੋਟੀ ਕਟੋਰੀ ਤੁਹਾਡੀ ਜ਼ਿੰਦਗੀ ਬਦਲ ਸਕਦਾ ਹੈ।

ਪੋਸ਼ਣ ਮਾਹਿਰ ਲੀਮਾ ਮਹਾਜਨ ਦਾ ਮੰਨਣਾ ਹੈ ਕਿ ਜੇਕਰ ਤੁਸੀਂ ਹਰ ਰੋਜ਼ ਆਪਣੀ ਖੁਰਾਕ ਵਿੱਚ ਸਿਰਫ਼ ਇੱਕ ਕਟੋਰੀ ਦਹੀਂ ਸ਼ਾਮਲ ਕਰਦੇ ਹੋ, ਤਾਂ ਇੱਕ ਮਹੀਨੇ ਦੇ ਅੰਦਰ ਤੁਹਾਡੀ ਸਿਹਤ ਵਿੱਚ 5 ਅਜਿਹੇ ਹੈਰਾਨੀਜਨਕ ਬਦਲਾਅ ਆਉਣਗੇ ਜਿਨ੍ਹਾਂ ਬਾਰੇ ਤੁਸੀਂ ਸੋਚਿਆ ਵੀ ਨਹੀਂ ਹੋਵੇਗਾ। ਆਓ ਜਾਣਦੇ ਹਾਂ ਉਹ ਹੈਰਾਨੀਜਨਕ ਫਾਇਦੇ ਕੀ ਹਨ।

**ਤੁਹਾਨੂੰ ਚਮਕਦਾਰ ਸਕਿਨ ਮਿਲੇਗੀ**

ਦਹੀਂ ਵਿੱਚ ਮੌਜੂਦ ਲੈਕਟਿਕ ਐਸਿਡ ਤੁਹਾਡੀ ਚਮੜੀ ਨੂੰ ਅੰਦਰੋਂ ਸਾਫ਼ ਕਰਦਾ ਹੈ ਅਤੇ ਇਸਨੂੰ ਚਮਕਦਾਰ ਬਣਾਉਂਦਾ ਹੈ। ਇਸ ਤੋਂ ਇਲਾਵਾ, ਇਸ ਵਿੱਚ ਮੌਜੂਦ ਬਾਇਓਟਿਨ ਨਵੇਂ ਸਕਿਨ ਦੇ ਸੈੱਲਾਂ ਦੇ ਵਾਧੇ ਵਿੱਚ ਮਦਦ ਕਰਦਾ ਹੈ, ਜਿਸ ਨਾਲ ਤੁਹਾਨੂੰ ਇੱਕ ਕੁਦਰਤੀ ਅਤੇ ਸਿਹਤਮੰਦ ਚਮਕ ਮਿਲਦੀ ਹੈ।

**ਵਾਲ ਮਜ਼ਬੂਤ ਹੋਣਗੇ**

ਦਹੀਂ ਦੇ ਇੱਕ ਕਟੋਰੀ ਵਿੱਚ ਲਗਭਗ 6 ਗ੍ਰਾਮ ਪ੍ਰੋਟੀਨ ਹੁੰਦਾ ਹੈ। ਇਹ ਪ੍ਰੋਟੀਨ, ਬਾਇਓਟਿਨ ਦੇ ਨਾਲ, ਕੇਰਾਟਿਨ ਬਣਾਉਣ ਵਿੱਚ ਮਦਦ ਕਰਦਾ ਹੈ। ਕੇਰਾਟਿਨ ਉਹ ਤੱਤ ਹੈ ਜੋ ਤੁਹਾਡੇ ਵਾਲਾਂ ਨੂੰ ਮਜ਼ਬੂਤ ਬਣਾਉਂਦਾ ਹੈ, ਟੁੱਟਣ ਤੋਂ ਰੋਕਦਾ ਹੈ ਅਤੇ ਇਸ ਵਿੱਚ ਚਮਕ ਲਿਆਉਂਦਾ ਹੈ।

**ਤੁਸੀਂ ਊਰਜਾ ਨਾਲ ਭਰਪੂਰ ਹੋਵੋਗੇ**

ਦਹੀਂ ਵਿੱਚ ਪਾਇਆ ਜਾਣ ਵਾਲਾ ਵਿਟਾਮਿਨ ਬੀ12 ਸਰੀਰ ਵਿੱਚ ਲਾਲ ਖੂਨ ਦੇ ਸੈੱਲਾਂ ਦੇ ਗਠਨ ਵਿੱਚ ਮਦਦਗਾਰ ਹੁੰਦਾ ਹੈ। ਇਹ ਸੈੱਲ ਸਰੀਰ ਵਿੱਚ ਆਕਸੀਜਨ ਦੀ ਸਪਲਾਈ ਨੂੰ ਬਿਹਤਰ ਬਣਾਉਂਦੇ ਹਨ, ਜਿਸ ਕਾਰਨ ਤੁਸੀਂ ਦਿਨ ਭਰ ਘੱਟ ਥਕਾਵਟ ਮਹਿਸੂਸ ਕਰਦੇ ਹੋ ਅਤੇ ਤੁਸੀਂ ਵਧੇਰੇ ਊਰਜਾਵਾਨ ਰਹਿੰਦੇ ਹੋ।

**ਹੱਡੀਆਂ ਮਜ਼ਬੂਤ ਹੋਣਗੀਆਂ**

ਦਹੀਂ ਦੇ ਇੱਕ ਕਟੋਰੇ ਵਿੱਚ ਲਗਭਗ 180 ਮਿਲੀਗ੍ਰਾਮ ਕੈਲਸ਼ੀਅਮ ਅਤੇ 140 ਮਿਲੀਗ੍ਰਾਮ ਫਾਸਫੋਰਸ ਹੁੰਦਾ ਹੈ। 30 ਦਿਨਾਂ ਤੱਕ ਲਗਾਤਾਰ ਦਹੀਂ ਖਾਣ ਨਾਲ, ਇਹ ਪੌਸ਼ਟਿਕ ਤੱਤ ਤੁਹਾਡੀਆਂ ਹੱਡੀਆਂ ਨੂੰ ਮਜ਼ਬੂਤ ਬਣਾਉਂਦੇ ਹਨ, ਜੋੜਾਂ ਨੂੰ ਸਹਾਰਾ ਦਿੰਦੇ ਹਨ ਅਤੇ ਓਸਟੀਓਪੋਰੋਸਿਸ (ਹੱਡੀਆਂ ਦੇ ਕਮਜ਼ੋਰ ਹੋਣ ਦੀ ਬਿਮਾਰੀ) ਦੇ ਜੋਖਮ ਨੂੰ ਘਟਾਉਂਦੇ ਹਨ।

**ਪਾਚਨ ਕਿਰਿਆ 'ਚ ਵੀ ਸੁਧਾਰ ਹੋਵੇਗਾ**

ਦਹੀਂ ਵਿੱਚ ਅਰਬਾਂ ਪ੍ਰੋਬਾਇਓਟਿਕਸ ਹੁੰਦੇ ਹਨ। ਇਹ ਚੰਗੇ ਬੈਕਟੀਰੀਆ ਤੁਹਾਡੇ ਪੇਟ ਵਿੱਚ ਮੌਜੂਦ ਬੈਕਟੀਰੀਆ ਦੇ ਸੰਤੁਲਨ ਨੂੰ ਬਣਾਈ ਰੱਖਦੇ ਹਨ, ਜਿਸ ਨਾਲ ਤੁਹਾਨੂੰ ਫੁੱਲਣਾ, ਐਸਿਡਿਟੀ ਅਤੇ ਕਬਜ਼ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ।

## ਪੂਰੇ ਸਰੀਰ ਨੂੰ ਪ੍ਰਭਾਵਿਤ ਕਰਦੀ ਹੈ ਖ਼ੂਨ ਦੀ ਘਾਟ

### ਅੱਖਾਂ ਤੋਂ ਪਤਾ ਚੱਲ ਜਾਂਦੈ ਖ਼ੂਨ ਦੀ ਘਾਟ ਦਾ

ਸਰੀਰ ਵਿੱਚ ਖੂਨ ਦੀ ਘਾਟ ਇੱਕ ਅਜਿਹੀ ਸਮੱਸਿਆ ਹੈ ਜਿਸ ਤੋਂ ਬਹੁਤ ਸਾਰੀਆਂ ਔਰਤਾਂ ਪਰੇਸ਼ਾਨ ਰਹਿੰਦੀਆਂ ਹਨ। ਅਸੀਂ ਅਕਸਰ ਇਸਨੂੰ ਆਮ ਸਮਝਦੇ ਹਾਂ ਜਾਂ ਇਸਨੂੰ ਹਲਕੇ ਵਿੱਚ ਲੈਂਦੇ ਹਾਂ। ਪਰ, ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਸਰੀਰ ਵਿੱਚ ਖੂਨ ਬਹੁਤ ਜ਼ਿਆਦਾ ਘੱਟ ਜਾਂਦਾ ਹੈ, ਤਾਂ ਇਹ ਪੂਰੇ ਸਰੀਰ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਸਰੀਰ ਦੇ ਲਗਭਗ ਸਾਰੇ ਕਾਰਜ ਇਸ ਨਾਲ ਪ੍ਰਭਾਵਿਤ ਹੁੰਦੇ ਹਨ। ਅਜਿਹੀ ਸਥਿਤੀ ਵਿੱਚ, ਖੂਨ ਦੀ ਕਮੀ ਦੇ ਸ਼ੁਰੂਆਤੀ ਲੱਛਣਾਂ ਨੂੰ ਪਛਾਣਨਾ ਅਤੇ ਇਸਨੂੰ ਦੂਰ ਕਰਨ ਲਈ ਸਹੀ ਖੁਰਾਕ ਜਾਂ ਪੂਰਕ ਲੈਣਾ ਬਹੁਤ ਜ਼ਰੂਰੀ ਹੈ। ਸਰੀਰ ਵਿੱਚ ਖੂਨ ਦੀ ਕਮੀ ਭਾਵ ਅਨੀਮੀਆ ਇੱਕ ਆਮ ਪਰ ਗੰਭੀਰ ਸਮੱਸਿਆ ਹੈ। ਜਦੋਂ ਸਰੀਰ ਵਿੱਚ ਕਾਫ਼ੀ ਲਾਲ ਖੂਨ ਦੇ ਸੈੱਲ ਜਾਂ ਹੀਮੋਗਲੋਬਿਨ ਨਹੀਂ ਹੁੰਦਾ, ਤਾਂ ਆਕਸੀਜਨ ਸਰੀਰ ਦੇ ਅੰਗਾਂ ਤੱਕ ਨਹੀਂ ਪਹੁੰਚਦੀ, ਜਿਸ ਕਾਰਨ ਕਈ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ।



ਖੂਨ ਦੀ ਕਮੀ ਦੇ ਲੱਛਣ ਅੱਖਾਂ ਰਾਹੀਂ ਵੀ ਦੇਖੇ ਜਾ ਸਕਦੇ ਹਨ। ਜੇਕਰ ਸਮੇਂ ਸਿਰ ਇਨ੍ਹਾਂ ਲੱਛਣਾਂ ਵੱਲ ਧਿਆਨ ਨਾ ਦਿੱਤਾ ਜਾਵੇ, ਤਾਂ ਬਾਅਦ ਵਿੱਚ ਇਹ ਵੱਡੀਆਂ ਬਿਮਾਰੀਆਂ ਦਾ ਕਾਰਨ ਬਣ ਸਕਦੇ ਹਨ।

ਇਹ ਲੱਛਣ ਅੱਖਾਂ ਵਿੱਚ ਉਦੋਂ ਦਿਖਾਈ ਦਿੰਦੇ ਹਨ ਜਦੋਂ ਸਰੀਰ ਵਿੱਚ ਖੂਨ ਦੀ ਕਮੀ ਹੁੰਦੀ ਹੈ। ਜੇਕਰ ਅੱਖਾਂ ਦੀ ਚਿੱਟੀ ਪਰਤ ਯਾਨੀ ਸਕਲੇਰਾ ਪੀਲਾ ਦਿਖਾਈ ਦੇਣ ਲੱਗਦਾ ਹੈ, ਤਾਂ ਇਹ ਅਨੀਮੀਆ ਦੀ ਪਹਿਲੀ ਨਿਸ਼ਾਨੀ ਹੋ ਸਕਦੀ ਹੈ।

ਜੇਕਰ ਤੁਹਾਡੀਆਂ ਅੱਖਾਂ ਦੇ ਆਲੇ-ਦੁਆਲੇ ਸੋਜ ਹੁੰਦੀ ਹੈ ਜਾਂ ਪਲਕਾਂ ਅਕਸਰ ਸੁੱਜ ਜਾਂਦੀਆਂ ਹਨ, ਤਾਂ ਇਹ ਇਹ ਵੀ ਦਰਸਾਉਂਦਾ ਹੈ ਕਿ ਤੁਹਾਡੇ ਸਰੀਰ ਵਿੱਚ ਆਇਰਨ ਦੀ ਕਮੀ ਹੈ। ਲਗਾਤਾਰ ਥਕਾਵਟ ਅਤੇ ਆਇਰਨ ਦੀ ਕਮੀ ਕਾਰਨ ਕਾਲੇ ਘੇਰੇ ਬਣ ਸਕਦੇ ਹਨ।



ਜੇਕਰ ਤੁਸੀਂ ਅਕਸਰ ਧੁੰਦਲੀ ਨਜ਼ਰ ਦੇਖਦੇ ਹੋ, ਹੇਠਾਂ ਤੋਂ ਉੱਠਦੇ ਸਮੇਂ ਜਾਂ ਥੋੜ੍ਹਾ ਜਿਹਾ ਤੁਰਦੇ ਸਮੇਂ ਅੱਖਾਂ ਦੇ ਸਾਹਮਣੇ ਹਨੇਰਾ ਆ ਜਾਂਦਾ ਹੈ, ਤਾਂ ਇਹ ਸਰੀਰ ਵਿੱਚ ਅਨੀਮੀਆ ਦੀ ਨਿਸ਼ਾਨੀ ਵੀ ਹੋ ਸਕਦੀ ਹੈ। ਜਦੋਂ ਸਰੀਰ ਵਿੱਚ ਜ਼ਰੂਰੀ ਪੌਸ਼ਟਿਕ ਤੱਤਾਂ ਦੀ ਘਾਟ ਹੁੰਦੀ ਹੈ, ਸਰੀਰ ਵਿੱਚ ਆਇਰਨ ਨਹੀਂ ਹੁੰਦਾ, ਤਾਂ ਅੱਖਾਂ ਵਿੱਚ ਖੁਸ਼ਕੀ ਆ ਸਕਦੀ ਹੈ।

ਅਨੀਮੀਆ ਹੋਣ ਦੀ ਸਥਿਤੀ ਵਿੱਚ ਕੀ ਕਰਨਾ ਹੈ?

ਮਾਹਰਾਂ ਦਾ ਕਹਿਣਾ ਹੈ ਕਿ ਜੇਕਰ ਤੁਹਾਨੂੰ ਇਹ ਲੱਛਣ ਦਿਖਾਈ ਦੇਣ ਲੱਗਦੇ ਹਨ, ਤਾਂ ਤੁਰੰਤ ਡਾਕਟਰ ਤੋਂ ਜਾਂਚ ਕਰਵਾਓ। ਹਰੀਆਂ ਪੱਤੇਦਾਰ ਸਬਜ਼ੀਆਂ, ਚੁਕੰਦਰ ਅਤੇ ਅਨਾਰ ਵਰਗੇ ਆਇਰਨ ਨਾਲ ਭਰਪੂਰ ਭੋਜਨ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰੋ। ਅਨੀਮੀਆ ਨੂੰ ਨਜ਼ਰਅੰਦਾਜ਼ ਕਰਨ ਨਾਲ ਦਿਲ ਦੀਆਂ ਸਮੱਸਿਆਵਾਂ, ਥਕਾਵਟ ਅਤੇ ਇਮਿਊਨ ਸਿਸਟਮ ਦੀ ਕਮਜ਼ੋਰੀ ਵਰਗੀਆਂ ਸਮੱਸਿਆਵਾਂ ਵਧ ਸਕਦੀਆਂ ਹਨ। ਅਜਿਹੀ ਸਥਿਤੀ ਵਿੱਚ, ਇਸ ਵੱਲ ਤੁਰੰਤ ਧਿਆਨ ਦਿਓ।

ਗੁਲਜ਼ਾਰ ਸਿੰਘ ਸੰਧੂ




ਇਸ ਘਰ ਵਿੱਚ ਪਿਛਲੇ ਚਾਲੀ ਵਰ੍ਹਿਆਂ ਤੋਂ ਕਿਸੇ ਮੁੰਡੇ ਦਾ ਵਿਆਹ ਨਹੀਂ ਸੀ ਹੋਇਆ। ਚਾਲੀ ਕੁ ਵਰ੍ਹੇ ਪਹਿਲਾਂ ਜੀਤੋ ਦੇ ਬਾਪੂ ਦਾ ਵਿਆਹ ਹੋਇਆ ਸੀ ਤੇ ਹੁਣ ਮਸਾਂ-ਮਸਾਂ ਉਸ ਦੇ ਵੀਰ ਦੀ ਉਮਰ ਆਈ ਸੀ, ਵਿਆਹ ਕਰਵਾਉਣ ਦੀ, ਪਰ ਉਹ ਮੰਨਦਾ ਹੀ ਨਹੀਂ ਸੀ। ਜੀਤੋ ਦੇ ਚਾਚੇ-ਚਾਚੀਆਂ, ਮਾਮੇ-ਮਾਮੀਆਂ, ਜੀਤੋ ਦੀਆਂ ਦੂਰੋਂ ਨੇੜਿਉਂ ਲੱਗਦੀਆਂ ਭਾਬੀਆਂ, ਜੀਤੋ ਦੀਆਂ ਆਪਣੀਆਂ ਸਹੇਲੀਆਂ ਜੀਤੋ ਦੇ ਵੀਰ ਨੂੰ ਉਲਾਂਭੇ ਦਿੰਦੀਆਂ ਕਿ ਉਹ ਉਨ੍ਹਾਂ ਨੂੰ ਇਕੱਠੇ ਮਿਲ ਕੇ ਬੈਠਣ ਦਾ ਮੌਕਾ ਨਹੀਂ ਸੀ ਦਿੰਦਾ। ਵਿਆਹ ਇੱਕੋ-ਇੱਕ ਮੌਕਾ ਹੁੰਦਾ ਹੈ ਜਦੋਂ ਇਕੱਠੇ ਹੋ ਕੇ ਬੈਠੀਦਾ ਹੈ, ਪਰ ਜੀਤੋ ਦਾ ਵੀਰ ਸੀ ਕਿ ਮੰਨਣ ਵਿੱਚ ਹੀ ਨਹੀਂ ਸੀ ਆਉਂਦਾ।

ਤੇ ਫੇਰ ਘਰਦਿਆਂ ਨੇ ਆਪਣਾ ਚਾਅ ਪੂਰਾ ਕਰਨ ਦਾ ਇੱਕ ਹੋਰ ਤਰੀਕਾ ਲੱਭ ਲਿਆ। ਜੀਤੋ ਦੇ ਵੀਰ ਦੀ ਥਾਂ ਜੀਤੋ ਦਾ ਹੀ ਵਿਆਹ ਰਚਾ ਦਿੱਤਾ। ਅੰਗਾਂ ਸਾਕਾਂ ਨੇ ਵੀ ਸੋਚਿਆ ਕਿ ਰਲ਼ ਬੈਠਣ ਦਾ ਚੰਗਾ ਬਹਾਨਾ ਸੀ। ਵੱਡੀ ਗੱਲ ਇਹ ਕਿ ਸਭ ਦੇ ਸਿਰ ਦਾ ਭਾਰ ਹੌਲ਼ਾ ਹੁੰਦਾ ਸੀ। ਕਿਸੇ ਦੀ ਜੀਤੋ ਭਾਣਜੀ ਸੀ। ਕਿਸੇ ਦੀ ਭਤੀਜੀ ਸੀ। ਕਿਸੇ ਦੀ ਜੀਤੋ ਨਣਾਨ ਸੀ, ਕਿਸੇ ਦੀ ਜੀਤੋ ਪੋਤਰੀ ਤੇ ਕਿਸੇ ਦੀ ਦੋਹਤਰੀ ਸੀ। ਇੱਕ ਜੀਤੋ ਨੂੰ ਵਿਆਹਿਆਂ ਸਭ ਦਾ ਪੁੰਨ ਹੁੰਦਾ ਸੀ ਤੇ ਸਾਰਿਆਂ ਦੇ ਸਿਰ ਦਾ ਬੋਝ ਹੌਲ਼ਾ ਹੁੰਦਾ ਸੀ। ਤੇ ਨਾਲ਼ੇ ਜੀਤੋ ਦੇ ਵੀਰ ਦਾ ਕੀ ਪਤਾ ਸੀ, ਕਦੋਂ ਮੰਨਦਾ। ਕੁੜੀਆਂ ਨੂੰ ਕੋਈ ਘਰ ਥੋੜ੍ਹੀ ਬਿਠਾਈ ਰੱਖਦਾ ਹੈ। ਸਤਾਰ੍ਹਵਾਂ ਸਾਲ ਜੀਤੋ ਨੂੰ ਲੱਗ ਗਿਆ ਸੀ, ਕੋਈ ਨਿਆਣੀ ਥੋੜ੍ਹੀ ਸੀ, ਸਾਰੇ ਅੰਗ-ਸਾਕ ਤੇ ਰਿਸ਼ਤੇਦਾਰ ਕਹਿੰਦੇ। ਜੀਤੋ ਲਈ ਮੁੰਡਾ ਲੱਭ ਲਿਆ ਗਿਆ ਤੇ ਘਰ ਵਿੱਚ ਜੀਤੋ ਦਾ ਵਿਆਹ ਕਰਨ ਦੀਆਂ ਸਲਾਹਾਂ ਹੋਣ ਲੱਗ ਪਈਆਂ।

ਕਰਦਿਆਂ-ਕਰਾਉਂਦਿਆਂ ਵਿਆਹ ਵੀ ਸਿਰ 'ਤੇ ਆ ਗਿਆ। ਵਿਆਹ ਦੇ ਘਮਸਾਣ ਵਿੱਚ ਜੀਤੋ ਦੇ ਵੀਰ ਦੀ ਮੱਤ ਮਾਰੀ ਗਈ। ਇੱਕ ਕੰਮ ਮੁੱਕਦਾ ਸੀ, ਦੂਜਾ ਉਸ ਲਈ ਤਿਆਰ ਹੁੰਦਾ ਸੀ। ਜੀਤੋ ਦੇ ਮਾਪਿਆਂ ਦੀ ਘਰ ਦੇ ਕੰਮਾਂ ਵਿੱਚ ਹੀ ਮੱਤ ਮਾਰੀ ਗਈ ਸੀ। ਬਾਹਰ ਦਾ ਸਾਰਾ ਕੰਮ ਜੀਤੋ ਦੇ ਵੀਰ ਨੇ ਹੀ ਕਰਨਾ ਸੀ। ਬਰਾਤ ਢੁੱਕਣ ਵਿੱਚ ਕੇਵਲ ਇੱਕ ਦਿਨ ਰਹਿ ਗਿਆ। ਘਰ ਵਿੱਚ ਭੱਜ-ਦੌੜ ਹੋਰ ਵੀ ਤੇਜ਼ ਹੋ ਗਈ। ਅਨੰਦ ਕਾਰਜ ਉੱਤੇ ਆਉਣ ਵਾਲੇ ਰਾਗੀਆਂ ਨੇ ਵੀ ਹਾਲੀ ਪੱਕੀ ਤਰ੍ਹਾਂ ਹਾਂ ਨਹੀਂ ਸੀ ਕੀਤੀ। ਖਾਣੇ ਤੋਂ ਪਿੱਛੋਂ ਬਰਾਤੀਆਂ ਨੂੰ ਫਲ਼ ਦੇਣੇ ਵੀ ਜ਼ਰੂਰੀ ਸਨ ਤੇ ਖ਼ਰੀਦਣ ਦਾ ਹਾਲੀ ਕਿਸੇ ਨੂੰ ਚਿੱਤ-ਚੇਤਾ ਨਹੀਂ ਸੀ। ਨਾਲ ਦੇ ਪਿੰਡਾਂ ਵਿੱਚੋਂ ਖਾਣਾ ਖੁਆਉਣ ਲਈ ਮੇਜ਼-ਕੁਰਸੀਆਂ ਵੀ ਇਕੱਠੀਆਂ ਕਰਨੀਆਂ ਸਨ। ਧਾਤ ਦੇ ਬਰਤਨਾਂ ਵਿੱਚ ਅੱਜ-ਕੱਲ੍ਹ ਕੋਈ ਨਹੀਂ ਸੀ ਖੁਆਉਂਦਾ ਤੇ ਪਿਰਚ-ਪਿਆਲੀਆਂ ਆਦਿ ਸਾਮਾਨ ਵੱਡੇ ਸ਼ਹਿਰ ਤੋਂ ਨੇੜੇ ਕਿਧਰੇ ਮਿਲਦਾ ਨਹੀਂ ਸੀ। ਹੁਣੇ-ਹੁਣੇ ਡਾਕੀਆ ਚਿੱਠੀ ਫੜਾ ਗਿਆ ਸੀ। ਮੁੰਡੇ ਵਾਲਿਆਂ ਨੇ ਲਿਖਿਆ ਸੀ ਕਿ ਉਹ ਬਿਸਤਰੇ ਨਹੀਂ ਲਿਆ ਰਹੇ। ਪਿੰਡ ਵਿੱਚੋਂ ਬਿਸਤਰੇ ਇਕੱਠੇ ਕਰਨਾ ਹੋਰ ਵੀ ਔਖਾ ਸੀ। ਵਿਆਹ ਵਾਲੇ ਘਰ ਆਈ ਚੀਜ਼ ਦਾ ਮੇਲ਼ੀ ਤੇ ਬਰਾਤੀ ਛੱਡਦੇ ਹੀ ਕੀ ਨੇ? ਇੱਕ ਦਿਨ ਵਿੱਚ ਹੀ ਸੁਆਹ ਵਰਗੀ ਕਰ ਦਿੰਦੇ ਹਨ। ਜੁੱਤੀਆਂ ਸਾਰਖੀਆਂ ਉਹ ਬਿਸਤਰਿਆਂ ਦੀਆਂ ਚਾਦਰਾਂ ਨਾਲ ਪੂੰਝਦੇ ਹਨ। ਇਸ ਲਈ ਮੰਗਣ 'ਤੇ ਵੀ ਕਿਹੜੀ ਕੋਈ ਚੀਜ਼ ਸੌਖੀ ਮਿਲ ਜਾਣੀ ਸੀ। ਮੁੱਠੀ ਕੁ ਸਾਨ ਪਿੰਡ ਸੀ ਉਨ੍ਹਾਂ ਦਾ। ਉਸ ਵਿੱਚੋਂ ਤਾਂ ਭਲਾ ਲੱਭਣਾ ਹੀ ਕੀ ਸੀ?

ਸ਼ਾਮ ਨੂੰ ਨਾਨਕੀ ਛੱਕ ਲੈ ਕੇ ਨਾਨਕੇ ਆ ਗਏ। ਆਪਣੇ-ਆਪਣੇ ਤਿਆਰ ਕੀਤੇ ਕੱਪੜੇ-ਲੱਤੇ ਲੈ ਕੇ ਜੀਤੋ ਦੀਆਂ ਭੂਆਂ ਆ ਗਈਆਂ। ਬਣਦਾ-ਸਰਦਾ ਕੰਨਿਆਦਾਨ ਲੈ ਕੇ ਸਾਰੇ ਅੰਗ-ਸਾਕ ਜੀਤੋ ਦੇ ਪਿੰਡ ਪਹੁੰਚ ਗਏ 'ਉਸ ਪਿੰਡ ਜਿੱਥੇ ਹੁਣ ਤੱਕ ਜੀਤੋ ਨੇ ਸਹੇਲ ਹੰਢਾਏ ਸਨ, ਜਿੱਥੇ ਜੀਤੋ ਗੁੱਡੀਆਂ-ਪਟੋਲਿਆਂ ਨਾਲ ਖੇਡੀ ਸੀ, ਜਿੱਥੇ ਹੁਣ ਤੱਕ ਜੀਤੋ ਨੇ ਤ੍ਰਿੰਞਣਾਂ ਵਿੱਚ ਬਹਿ ਕੇ ਕੱਤਿਆ ਸੀ, ਜਿੱਥੇ ਜੀਤੋ ਨੇ ਤੀਆਂ ਦੀਆਂ ਪੀਂਘਾਂ ਝੂਟੀਆਂ ਸਨ, ਤੇ ਜਿੱਥੋਂ ਦੇ ਕੱਖਾਂ ਸਾਰਖਿਆਂ ਨਾਲ ਜੀਤੋ ਦਾ ਮੋਹ ਪੈ ਗਿਆ ਸੀ।' ਇਸ ਸਭ ਕੁਝ ਬਾਰੇ ਸੋਚ ਕੇ ਜੀਤੋ ਉਦਾਸ ਹੋ ਗਈ।

ਦੂਜੇ ਦਿਨ ਸਵੇਰੇ ਤਿੰਨ ਵਜੇ ਜੀਤੋ ਨੂੰ ਉਠਾ ਲਿਆ ਗਿਆ। ਉਸ ਨੂੰ ਫੇਰਿਆਂ ਵਾਲਾ ਲਾਲ ਸੂਟ ਪਹਿਨਾਇਆ ਗਿਆ। ਲਾਲ ਪਰਾਂਦਾ ਉਸ ਦੀ ਗੁੱਤ ਵਿੱਚ ਗੁੰਦਿਆ ਗਿਆ। ਕੁਝ ਸਹੁਰਿਆਂ ਵੱਲੋਂ ਆਏ ਤੇ ਕੁਝ ਨਾਨਕਿਆਂ ਤੋਂ ਆਏ ਕਈ ਪ੍ਰਕਾਰ ਦੇ ਗਹਿਣਿਆਂ ਨਾਲ ਉਸ ਨੂੰ ਸ਼ਿੰਗਾਰ ਦਿੱਤਾ ਗਿਆ। ਜੀਤੋ ਨੂੰ ਇਹ ਸਭ ਕੁਝ ਵੇਖ ਕੇ ਰੋਣ ਆ ਗਿਆ ਕਿ ਸਾਰੇ ਦੇ ਸਾਰੇ ਅੰਗ-ਸਾਕ ਤੇ ਸਖੀਆਂ-ਸਹੇਲੀਆਂ ਉਸ ਨੂੰ ਉਸ ਦੀ ਜਨਮ ਭੋਂ ਵਿੱਚੋਂ ਕੱਢਣ ਦੀਆਂ ਤਿਆਰੀਆਂ ਕਰ ਰਹੀਆਂ ਸਨ। ਕਿਵੇਂ ਕੋਈ ਵੀ ਉਸ ਦਾ ਸਾਥ ਨਹੀਂ ਸੀ ਦੇ ਰਿਹਾ। ਰੋਂਦੀ-ਕੁਰਲਾਂਦੀ ਜੀਤੋ ਨੂੰ ਚੁੱਪ ਕਰਵਾ ਕੇ ਅਨੰਦਾਂ ਵਾਸਤੇ ਬਿਠਾ ਦਿੱਤਾ ਗਿਆ। ਹੁਣ ਉਸ ਨੂੰ ਪਰਣਾ ਕੇ ਲੈ ਜਾਣ ਵਾਲਾ ਉਸ ਦੇ ਬਰਾਬਰ ਬੈਠਾ ਸੀ। ਉਹ ਇਸ ਵੇਲ਼ੇ ਕੁਝ ਸੋਚ ਰਹੀ ਸੀ, ਸ਼ਾਇਦ ਕੁਝ ਵੀ ਨਹੀਂ ਸੀ ਸੋਚ ਰਹੀ।

ਅਨੰਦ ਕਾਰਜ ਕਰਵਾਉਣ ਵਾਲਾ ਭਾਈ ਉਸ ਨੂੰ ਸਿੱਖਿਆ ਦੇ ਰਿਹਾ ਸੀ ਕਿ ਹੁਣ ਜੀਤੋ ਨੇ ਆਪਣੇ ਮਾਪੇ ਛੱਡ ਕੇ ਆਪਣੇ ਸਹੁਰੇ ਘਰ ਚਲੇ ਜਾਣਾ ਸੀ। ਉੱਥੇ ਉਸ ਲਈ ਉਸ ਦਾ ਪਤੀ ਹੀ ਪਰਮੇਸ਼ਰ ਸੀ। ਉਸ ਨੂੰ ਹਰ ਕੰਮ ਵਿੱਚ ਉਸ ਦੀ ਸਲਾਹ ਲੈਣੀ ਚਾਹੀਦੀ ਸੀ। ਉਸ ਨੂੰ ਪੁੱਛੇ ਬਿਨਾਂ ਆਪਣੀ ਮਰਜ਼ੀ ਨਾਲ ਕੋਈ ਕੰਮ ਨਹੀਂ ਸੀ ਕਰਨਾ। ਪਤੀ ਪਰਮੇਸ਼ਰ ਨੂੰ ਖ਼ੁਸ਼ ਰੱਖਣਾ ਸੀ ਤੇ ਅਜਿਹਾ ਕਰਨ ਲਈ ਉਸ ਨੂੰ ਨਿਵਣ, ਖਿਵਣ ਆਦਿ ਗੁਣ ਪੈਦਾ ਕਰਨ ਲਈ ਪ੍ਰੇਰਿਆ ਜਾ ਰਿਹਾ ਸੀ।

ਇਸ ਬਾਰੇ ਗੁਰਬਾਣੀ ਦੀਆਂ ਤੁਕਾਂ ਭਾਈ ਜੀ ਨੇ ਕੁਝ ਇਸ ਪ੍ਰਕਾਰ ਦੇ ਵੈਰਾਗ ਵਿੱਚ ਕਹੀਆਂ ਕਿ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠੀਆਂ ਸਾਰੀਆਂ ਕੁਆਰੀਆਂ ਕੁੜੀਆਂ ਉਦਾਸ ਜਿਹੀਆਂ ਹੋ ਗਈਆਂ। ਉਨ੍ਹਾਂ ਨੂੰ ਆਪਣਾ ਆਉਣ ਵਾਲਾ ਉਹ ਸਮਾਂ ਚੇਤੇ ਆ ਗਿਆ ਜਦ ਉਨ੍ਹਾਂ ਨੇ ਵੀ ਮਾਪਿਆਂ ਦੀ ਜਾਣੀ-ਪਛਾਣੀ ਧਰਤੀ ਨੂੰ ਛੱਡ ਕੇ ਅਣਜਾਣ ਭੋਂ ਵਿੱਚ ਕਿਸੇ ਅਣਜਾਣ ਬੰਦੇ ਨਾਲ ਜਾ ਵੱਸਣਾ ਸੀ। ਉਸ ਬੰਦੇ ਨਾਲ ਜਿਸ ਨੂੰ ਉਨ੍ਹਾਂ ਨੇ ਕਦੀ ਨਹੀਂ ਸੀ ਵੇਖਿਆ। ਜਿਹੜਾ ਪਤਾ ਨਹੀਂ ਕਿਹੋ-ਜਿਹੇ ਸੁਭਾਅ ਦਾ ਸੀ। ਉਹ ਸਭ ਉਦਾਸ ਸਨ, ਉਨ੍ਹਾਂ ਦੇ ਮਾਪੇ ਉਦਾਸ ਸਨ ਤੇ ਉਨ੍ਹਾਂ ਦੇ ਭੈਣ ਭਰਾ ਉਦਾਸ ਸਨ। ਜੀਤੋ ਦੇ ਇਹ ਸਮਾਂ ਬਿਲਕੁਲ ਸਿਰ ਉੱਤੇ ਆ ਗਿਆ ਸੀ। ਉਸ ਨੇ ਤਾਂ ਉਸੇ ਦੁਪਹਿਰ ਨੂੰ ਤੁਰ ਜਾਣਾ ਸੀ- ਆਪਣੀ ਅੰਮੜੀ ਦੇ ਵਿਹੜੇ ਤੇ ਤ੍ਰਿੰਞਣ ਦੀਆਂ ਸਹੇਲੀਆਂ ਤੋਂ ਦੂਰ।

ਸੰਗਤ ਵਿੱਚ ਛਾਈ ਉਦਾਸੀ ਹੋਰ ਵੀ ਤੀਬਰ ਹੋ ਗਈ। ਜਦ ਇੱਕ ਹਾਰਮੋਨੀਅਮ ਵਾਲੇ ਗਵੱਈਏ ਨੇ ਫਿਲਮੀ ਗੀਤ ਦੀ ਤਰਜ਼ ਉੱਤੇ ਗਾ ਕੇ ਸਹੁਰੇ ਜਾਣ ਵਾਲੀ ਕੁੜੀ ਦੇ ਆਉਣ ਵਾਲੇ ਸਮੇਂ ਦਾ ਚਿਤਰ ਦਰਦਮਈ ਸ਼ਬਦਾਂ ਵਿੱਚ ਖਿੱਚਣਾ ਸ਼ੁਰੂ ਕਰ ਦਿੱਤਾ। ਹਾਰਮੋਨੀਅਮ ਦੀ ਉਦਾਸ ਤੇ ਵੈਰਾਗੀ ਸੁਰ ਦੇ ਨਾਲ ਉਸ ਨੇ ਵੈਣ ਜਿਹੇ ਪਾ ਕੇ ਗਾਵਿਆ ਕਿ ਕਿਸ ਤਰ੍ਹਾਂ ਨਵੀਂ ਥਾਂ ਜਾ ਕੇ ਵਿਆਹੁਲੀ ਜੀਤੋ ਨੇ ਆਪਣੇ ਮਾਪਿਆਂ ਤੇ ਮਾਂ-ਪਿਉ ਜਾਇਆਂ ਨੂੰ ਤਾਂਘਣਾ ਸੀ ਤੇ ਕਿਸ ਤਰ੍ਹਾਂ ਜਦ ਉਨ੍ਹਾਂ ਨੇ ਨਹੀਂ ਸੀ ਬਹੁੜਨਾ ਤਾਂ ਉਸ ਵਿਚਾਰੀ ਨੇ ਵਿਅਰਥ ਹੀ ਬਨੇਰੇ ਤੋਂ ਕਾਂ ਉਡਾਉਂਦੀ ਰਹਿਣਾ ਸੀ। ਕਾਵਾਂ ਰਾਹੀਂ ਵੀਰਾਂ ਨੂੰ ਮਿਲਣ ਵਾਸਤੇ ਜੀਤੋ ਨੇ ਸੁਨੇਹੇ ਘੱਲਣੇ ਸਨ। ਉਸ ਦੀ ਵੈਰਾਗੀ ਤੇ ਭਰੜਾਈ ਆਵਾਜ਼ ਨੇ ਸਾਰੀ ਦੀ ਸਾਰਿਆਂ ਦੀਆਂ ਅੱਖਾਂ ਵਿੱਚ ਹੰਝੂ ਲੈ ਆਂਦੇ, ਨਜ਼ਦੀਕੀਆਂ ਦੇ ਨੈਣਾਂ ਵਿੱਚ ਜ਼ਰਾ ਵਧੇਰੇ ਤੇ ਬਾਕੀਆਂ ਦੇ ਨੈਣਾਂ ਵਿੱਚ ਘੱਟ।

ਜੀਤੋ ਦਾ ਵੀਰ ਵੀ ਇਸ ਸਭ ਕੁਝ ਨੂੰ ਸੁਣ ਰਿਹਾ ਸੀ। ਉਸ ਦਾ ਮਨ ਵੀ ਉਦਾਸ ਹੋ ਗਿਆ ਸੀ। ਉਸ ਦੀ ਸਕੀ ਭੈਣ ਨੇ ਉਸ ਟੱਬਰ ਵਿੱਚ ਤੁਰ ਜਾਣਾ ਸੀ ਜਿਸ ਬਾਰੇ ਉਹ ਕੁਝ ਨਹੀਂ ਸੀ ਜਾਣਦੀ ਤੇ ਜਿੱਥੇ ਜਾ ਕੇ ਉਸ ਆਪਣੀ ਮਰਜ਼ੀ ਨਹੀਂ ਸੀ ਕਰ ਸਕਣੀ। ਉਸ ਦਾ ਦਿਲ ਭਾਰਾ ਹੋ ਗਿਆ। ਉਸ ਨੇ ਗਾਉਣ ਵਾਲੇ ਨੂੰ ਝਿੜਕਵੇਂ ਜਿਹੇ ਲਹਿਜੇ ਵਿੱਚ ਬੋਲ ਕੇ ਉਸ ਦਾ ਗਾਣਾ ਬੰਦ ਕਰਵਾ ਦਿੱਤਾ। ਉਹ ਕਿਸੇ ਅੱਗੇ ਇਹ ਨਹੀਂ ਸੀ ਜ਼ਾਹਰ ਹੋਣ ਦੇਣਾ ਚਾਹੁੰਦਾ ਕਿ ਉਸ ਦਾ ਦਿਲ ਵੀ ਕਮਜ਼ੋਰ ਤੇ ਜਜ਼ਬਾਤੀ ਹੈ। ਉਹ ਦ੍ਰਿੜ੍ਹ ਸੀ ਤੇ ਉਹ ਆਪਣੇ ਨੈਣਾਂ ਵਿੱਚ ਆਉਣ ਵਾਲੇ ਹੰਝੂਆਂ ਨੂੰ ਰੋਕ ਕੇ ਆਪਣੀ ਦ੍ਰਿੜ੍ਹਤਾ ਕਾਇਮ ਰੱਖਣੀ ਚਾਹੁੰਦਾ ਸੀ।

ਉਸ ਨੇ ਆਪਣੇ ਆਪ 'ਤੇ ਕਾਬੂ ਜਿਹਾ ਪਾ ਕੇ ਜਿਸ ਬੇਪ੍ਰਵਾਹੀ ਨਾਲ ਹਾਰਮੋਨੀਅਮ ਵਾਲੇ ਮੁੰਡੇ ਨੂੰ ਕਿਹਾ ਸੀ, ਮੁੰਡੇ ਨੂੰ ਮੰਨਣਾ ਪਿਆ। ਅਨੰਦ ਕਾਰਜ ਦੀ ਰਸਮ ਖ਼ਤਮ ਹੋ ਗਈ। ਸਾਰੇ ਆਪਣੀਆਂ ਅੱਖਾਂ ਪੂੰਝਦੇ ਭੋਗ ਦਾ ਪ੍ਰਸ਼ਾਦ ਲੈ ਕੇ ਦੁਪਹਿਰ ਦੀ ਰੋਟੀ ਦਾ ਬੰਦੋਬਸਤ ਕਰਨ ਲੱਗ ਪਏ। ਜੀਤੋ ਦੇ ਵੀਰ ਨੇ ਆਪਣੇ ਤੋਂ ਅੱਠ-ਦਸ ਵਰ੍ਹੇ ਛੋਟੀ ਭੈਣ ਨੂੰ ਬੁੱਕਲ਼ ਵਿੱਚ ਲੈ ਕੇ ਮਹਾਰਾਜ ਦੇ ਹਜ਼ੂਰ ਤੋਂ ਉਠਾਇਆ ਤੇ ਲਿਜਾ ਕੇ ਆਪਣੇ ਘਰ ਅੰਦਰਲੇ ਕਮਰੇ ਵਿੱਚ ਬਿਠਾ ਦਿੱਤਾ। ਉਸ ਨੇ ਤੱਕਿਆ ਕਿ ਜੀਤੋ ਨੇ ਰੋ-ਰੋ ਕੇ ਅੱਖਾਂ ਸੁਜਾ ਲਈਆਂ ਸਨ। ਵਿਆਹ ਵਾਲਾ ਉਸ ਦਾ ਚੋਪ ਹੰਝੂਆਂ ਨਾਲ ਤਰੋ-ਤਰ ਹੋਇਆ ਪਿਆ ਸੀ। 'ਬੱਚੀ ਹੈ ਵਿਚਾਰੀ', ਉਸ ਨੇ ਮਨ ਹੀ ਮਨ ਵਿੱਚ ਕਿਹਾ ਸੀ। "ਮੂਰਖ ਨਹੀਂ ਬਣੀਂਦਾ, ਚੁੱਪ ਕਰ" ਉਸ ਨੇ ਆਪਣੀ ਛੋਟੀ ਭੈਣ ਨੂੰ ਝਿੜਕਿਆ ਤੇ ਦੁਪਹਿਰ ਦੀ ਰੋਟੀ ਦੀ ਤਿਆਰੀ ਲਈ ਝਿਊਰੀਆਂ ਤੇ ਪਕਾਵੀਆਂ ਨੂੰ ਤਾੜਨ ਲੱਗ ਪਿਆ।

ਰੋਟੀ ਬਣੀ। ਬਰਾਤੀ ਖਾ ਗਏ। ਉਸ ਪਿੱਛੋਂ ਦੂਰੋਂ-ਨੇੜਿਉਂ ਆਏ ਮੇਲੀ ਵੀ ਖਾ ਬੈਠੇ ਤੇ ਪਿੰਡ ਦਾ ਭਾਈਚਾਰਾ ਤੇ ਕੰਮੀ-ਕਮੀਣ ਵੀ। ਫਟਾ-ਫਟ ਖੱਟ ਵਿਛਾ ਦਿੱਤੀ ਗਈ। ਪਿੰਡ ਵਾਲੇ ਤੇ ਬਰਾਤੀ ਖੱਟ ਦੀ ਸ਼ਲਾਘਾ ਕਰਦੇ ਚਲੇ ਗਏ। ਜੀਤੋ ਦੇ ਵੀਰ ਨੂੰ ਅਨੰਦ ਕਾਰਜ ਸਮੇਂ ਦੀ ਉਦਾਸੀ ਤੇ ਜੀਤੋ ਦੇ ਹੰਝੂਆਂ ਨਾਲ ਭਿੱਜੇ ਚੋਪ ਸਭ ਭੁੱਲ-ਭੁਲਾ ਗਏ।

ਐਨ ਉਸ ਸਮੇਂ ਜੀਤੋ ਨੂੰ ਵਿਦਾ ਕਰਨ ਦੀ ਤਿਆਰੀ ਸ਼ੁਰੂ ਹੋ ਗਈ। ਵਿਆਂਹੜ ਲਾੜੇ ਨੂੰ ਬੁਲਾ ਕੇ ਭਾਈਚਾਰੇ ਤੇ ਅੰਗਾਂ-ਸਾਕਾਂ ਨੇ ਸਲਾਮੀਆਂ ਪਾਈਆਂ। ਜੀਤੋ ਦੀ ਮਾਂ ਨੇ ਜੀਤੋ ਦੇ ਪ੍ਰਾਹੁਣੇ ਨੂੰ ਬੜੇ ਪਿਆਰ ਨਾਲ ਪਿਆਰ ਦਿੱਤਾ ਤੇ ਸਲਾਮੀ ਦੇ ਗਿਆਰਾਂ ਰੁਪਏ ਉਸ ਦੀ ਝੋਲੀ ਵਿੱਚ ਪਾ ਦਿੱਤੇ। ਪਿੰਡ ਦੀਆਂ ਹੋਰ ਕੁੜੀਆਂ ਜਿਹੜੀਆਂ ਸ਼ਰੀਕੇ ਵਿੱਚ ਜੀਤੋ ਦੀਆਂ ਭੈਣਾਂ ਹੀ ਲਗਦੀਆਂ ਸਨ, ਆਪਣੇ ਨਵੇਂ ਬਣੇ ਜੀਜੇ ਨੂੰ ਟਿਚਕਰਾਂ ਤੇ ਮਖ਼ੌਲ ਕਰਨ ਲੱਗ ਪਈਆਂ ਤੇ ਜੀਤੋ ਦਾ ਵੀਰ ਵੀ ਉਨ੍ਹਾਂ ਦੇ ਨਾਲ ਰਲ ਗਿਆ।

ਜੀਤੋ ਦੀ ਇੱਕ ਬਹੁਤ ਗੂੜ੍ਹੀ ਸਹੇਲੀ ਜਿਹੜੀ ਗੁਆਂਢੀ ਪਿੰਡ ਤੋਂ ਚੱਲ ਕੇ ਆਈ ਸੀ ਤੇ ਜਿਹੜੀ ਪੰਜਵੀਂ ਜਮਾਤ ਵਿੱਚ ਜੀਤੋ ਦੀ ਜਮਾਤਣ ਰਹੀ ਸੀ, ਜੀਤੋ ਦੇ ਵੀਰ ਕੋਲ ਆ ਕੇ ਰੋਣ ਲੱਗ ਪਈ। ਜੀਤੋ ਦੇ ਵੀਰ ਨੇ ਉਸ ਨੂੰ ਰੋਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਜੀਤੋ ਦੇ ਵੀਰ ਨੂੰ ਜੀਤੋ ਦੇ ਨਾਲ ਸਹੁਰੀਂ ਜਾਣਾ ਚਾਹੀਦਾ ਹੈ। ਜੀਤੋ ਦੇ ਵੀਰ ਨੇ ਜੀਤੋ ਦੇ ਹਾਣ ਦੀ ਇਸ ਕੁੜੀ ਨੂੰ ਉਸੇ ਤਰ੍ਹਾਂ ਝਿੜਕ ਕੇ ਭੇਜ ਦਿੱਤਾ ਜਿਸ ਤਰ੍ਹਾਂ ਕਿ ਉਹ ਜੀਤੋ ਨੂੰ ਭੇਜ ਦਿਆ ਕਰਦਾ ਸੀ। ਫੇਰ ਉਦਾਸੀ ਹੋਈ ਜੀਤੋ ਦੀ ਮਾਂ ਆਈ, ਉਸ ਦੀ ਆਪਣੀ ਮਾਂ। ਉਸ ਨੇ ਉਹਦੀ ਗੱਲ ਸੁਣੀ ਅਣਸੁਣੀ ਕਰ ਦਿੱਤੀ। ਵਿਆਹ ਦੀ ਰੀਤ ਅਨੁਸਾਰ ਕਿਸੇ ਨਾ ਕਿਸੇ ਭਰਾ ਨੇ ਜੀਤੋ ਦੇ ਨਾਲ ਸਹੁਰੀਂ ਜ਼ਰੂਰ ਜਾਣਾ ਸੀ ਤੇ ਜੀਤੋ ਦੇ ਵੀਰ ਨੇ ਆਪਣੇ ਸਭ ਤੋਂ ਛੋਟੇ ਭਰਾ ਦਾ ਨਾਂ ਲੈ ਕੇ ਸਭ ਨੂੰ ਪਰ੍ਹੇ ਹਟਾ ਦਿੱਤਾ। ਜਦ ਬੜੇ ਮਾਣ ਨਾਲ ਉਸ ਦੇ ਤਾਏ ਦੀ ਵੱਡੀ ਧੀ ਮਨਾਉਣ ਆਈ ਤਾਂ ਜੀਤੋ ਦੇ ਵੀਰ ਨੇ ਉਸ ਨੂੰ ਵੀ ਨਾਂਹ ਕਰ ਦਿੱਤੀ। ਜੇ ਉਸ ਦੇ ਮੂੰਹੋਂ ਇੱਕ ਵਾਰੀ ਨਾਂਹ ਨਿਕਲ ਜਾਵੇ, ਉਹ ਕਦੇ ਹਾਂ ਨਹੀਂ ਸੀ ਕਰਦਾ। ਤਾਏ ਦੀ ਧੀ ਆਪਣਾ ਜਿਹਾ ਮੂੰਹ ਲੈ ਕੇ ਪਰ੍ਹੇ ਚਲੀ ਗਈ। ਉਸ ਤੋਂ ਪਿੱਛੋਂ ਹੋਰ ਕਿਸੇ ਦੀ ਹਿੰਮਤ ਨਾ ਪਈ ਕਿ ਜੀਤੋ ਦੇ ਵੀਰ ਨੂੰ ਕੋਈ ਕੁਝ ਕਹੇ।

ਸਾਰੀ ਦੀ ਸਾਰੀ ਜੰਞ ਵਿਦਾ ਹੋਣ ਲਈ ਤਿਆਰ ਹੋ ਕੇ ਬੱਸ ਵਿੱਚ ਬੈਠ ਗਈ। ਜੀਤੋ ਦਾ ਪ੍ਰਾਹੁਣਾ ਵੀ ਆ ਕੇ ਕਾਰ ਵਿੱਚ ਬੈਠ ਗਿਆ। ਜੀਤੋ ਸੀ ਕਿ ਰੋਣ ਤੋਂ ਹੀ ਨਹੀਂ ਸੀ ਹਟਦੀ। ਉਸ ਦੀਆਂ ਸਹੇਲੀਆਂ ਤੇ ਛੋਟੀਆਂ ਭੈਣਾਂ ਏਨੀ ਉੱਚੀ-ਉੱਚੀ ਰੋ ਰਹੀਆਂ ਸਨ ਕਿ ਕਿਸੇ ਨੂੰ ਕੁਝ ਸੁਣਾਈ ਨਹੀਂ ਸੀ ਦਿੰਦਾ। ਜੀਤੋ ਵੀ ਪਰਲ-ਪਰਲ ਰੋਈ ਜਾ ਰਹੀ ਸੀ ਤੇ ਘਰੋਂ ਕਾਰ ਵੱਲ ਪੈਰ ਪੁੱਟਣ ਦਾ ਨਾਂ ਹੀ ਨਹੀਂ ਸੀ ਲੈਂਦੀ। ਉਹ ਕਿਸੇ ਦੀ ਸਲਾਮੀ ਸਾਰਖੀ ਆਪਣੇ ਪੱਲੇ ਨਹੀਂ ਸੀ ਪੁਆ ਰਹੀ ਤੇ ਇਹ ਪੈਸੇ ਵੀ ਨੈਣ ਹੀ ਸੰਭਾਲ਼ ਰਹੀ ਸੀ। ਜੀਤੋ ਦਾ ਵੀਰ ਸੀ ਕਿ ਹਾਲੀਂ ਤੱਕ ਸਲਾਮੀ ਪਾਉਣ ਨਹੀਂ ਸੀ ਆਇਆ। ਉਸ ਦਾ ਵਿਚਾਰ ਸੀ ਕਿ ਉਹ ਸਭ ਤੋਂ ਪਿੱਛੋਂ, ਜਦ ਜੀਤੋ ਕਾਰ ਵਿੱਚ ਬੈਠ ਕੇ ਜਾਣ ਲੱਗੇਗੀ, ਉਸ ਵੇਲ਼ੇ ਉਸ ਨੂੰ ਸਲਾਮੀ ਪਾਵੇਗਾ ਤੇ ਪਿਆਰ ਦੇ ਕੇ ਤੋਰ ਦਏਗਾ। ਜੀਤੋ ਦੇ ਤਾਇਆ-ਚਾਚਿਆਂ ਤੇ ਪਿਉ ਨੇ ਵੀ ਜੀਤੋ ਦੇ ਵੀਰ ਨੂੰ ਸਮਝਾਇਆ ਕਿ ਉਸ ਨੂੰ ਨਾਲ ਜਾਣ ਵਿੱਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਜੇ ਨਿਆਣੀ ਕੁੜੀ ਜ਼ਿੱਦ ਕਰਦੀ ਹੈ ਤਾਂ ਵਿਆਹ ਵਾਲੇ ਦਿਨ ਉਸ ਦੀ ਇਹ ਜ਼ਿੱਦ ਵੀ ਪ੍ਰਵਾਨ ਕਰ ਲੈਣੀ ਚਾਹੀਦੀ ਹੈ, ਪਰ ਜੀਤੋ ਦੇ ਵੀਰ ਨੇ ਨਾ ਹਾਂ ਕੀਤੀ ਨਾ ਨਾਂਹ, ਪੱਥਰ ਦਾ ਪੱਥਰ ਉਸੇ ਤਰ੍ਹਾਂ ਖਲੋਤਾ ਰਿਹਾ।

ਜੰਞ ਦੇ ਤੁਰਨ ਵਿੱਚ ਦੇਰ ਹੋ ਰਹੀ ਸੀ। ਸ਼ਾਮ ਦੇ ਚਾਰ ਵੱਜ ਚੁੱਕੇ ਸਨ ਤੇ ਪੂਰੇ ਤੀਹ ਮੀਲ ਜਾਂਞੀਆਂ ਨੇ ਜਾਣਾ ਸੀ। ਵਿੱਚੋਂ ਯਾਰਾਂ ਮੀਲ ਕੱਚਾ ਰਸਤਾ ਸੀ ਤੇ ਦੋ ਮੀਲ ਬਿਲਕੁਲ ਰੇਤਾ ਜਿੱਥੋਂ ਕਦੀ ਕੋਈ ਬਸ ਥੋੜ੍ਹੇ ਕੀਤੇ ਪਾਰ ਨਹੀਂ ਸੀ ਲੰਘੀ। ਜੀਤੋ ਕਾਰ ਵੱਲ ਪੈਰ ਪੁੱਟਣ ਵਿੱਚ ਨਹੀਂ ਸੀ ਆਉਂਦੀ। ਜੀਤੋ ਦੇ ਵੀਰ ਨੇ ਘੜੀ ਵੱਲ ਤੱਕਿਆ ਤਾਂ ਸਾਢੇ ਪੰਜ ਹੋ ਚੁੱਕੇ ਸਨ। ਉਸ ਨੂੰ ਕੁੜੀਆਂ ਦੀ ਮੱਤ ਉੱਤੇ ਗੁੱਸਾ ਜਿਹਾ ਆਇਆ ਤੇ ਫਟਾ-ਫਟ ਘਰ ਜਾ ਕੇ ਰੋਂਦੀ ਕੁਰਲਾਉਂਦੀ ਸਾਲੂ ਵਿੱਚ ਵਲ੍ਹੇਟੀ ਜੀਤੋ ਨੂੰ ਆਪਣੇ ਕਲ਼ਾਵੇ ਵਿੱਚ ਚੁੱਕ ਲਿਆਇਆ ਤੇ ਲਿਆ ਕੇ ਕਾਰ ਵਿੱਚ ਬਿਠਾ ਦਿੱਤਾ। ਜੀਤੋ ਦੇ ਵੱਡੇ ਤਾਏ ਤੇ ਛੋਟੇ ਚਾਚੇ ਨੇ ਬੜੇ ਪਿਆਰ ਨਾਲ ਜੀਤੋ ਨੂੰ ਦਿਲਾਸਾ ਦਿੱਤਾ ਅਤੇ ਸਲਾਮੀ ਪਾ ਕੇ ਪਰ੍ਹੇ ਹਟ ਗਏ।

ਆਪਣੇ ਵੀਰ ਦੇ ਲੱਕ ਦੁਆਲੇ ਲਿਪਟੀ ਜੀਤੋ ਨੇ ਜਦ ਆਪਣੀਆਂ ਬਾਹਾਂ ਦੀ ਕੱਸ ਢਿੱਲੀ ਕੀਤੀ ਤਾਂ ਜੀਤੋ ਦਾ ਵੀਰ ਵੀ ਆਪਣੀ ਨਿੱਕੀ ਜਿਹੀ ਭੈਣ ਨੂੰ ਸਲਾਮੀ ਪਾਉਣ ਲਈ ਆਪਣਾ ਬਟੂਆ ਫਰੋਲਣ ਲੱਗ ਪਿਆ। ਜੀਤੋ ਅਤੇ ਉਸ ਦੀਆਂ ਸਹੇਲੀਆਂ ਦੇ ਰੋ-ਰੋ ਕੇ ਲਾਲ ਹੋਏ ਮੂੰਹ ਵੇਖ ਕੇ ਉਸ ਦਾ ਮਨ ਭਾਰੀ ਜਿਹਾ ਹੋ ਗਿਆ। ਤੇ ਫੇਰ ਉਸ ਨੂੰ ਆਪਣਾ ਚੇਤਾ ਆ ਗਿਆ ਕਿ ਕਿਸ ਤਰ੍ਹਾਂ ਵਿਆਹ ਲਈ ਤਿਆਰ ਹੁੰਦਾ-ਹੁੰਦਾ ਉਹ ਵਿਆਹ ਤੋਂ ਡਰ ਜਾਂਦਾ ਸੀ। ਉਹ ਕਿਸੇ ਉਸ ਕੁੜੀ ਨੂੰ ਕਿਸ ਤਰ੍ਹਾਂ ਅਪਣਾ ਸਕਦਾ ਸੀ ਜਿਸ ਨੂੰ ਉਹ ਨੇੜਿਉਂ ਨਹੀਂ ਸੀ ਜਾਣਦਾ। ਕਿਸੇ ਅਣਜਾਣ ਬੰਦੇ ਨੂੰ ਅਪਣਾ ਸਕਣਾ ਕਿੰਨਾ ਔਖਾ ਸੀ, ਹਾਲਾਂਕਿ ਉਸ ਦੀ ਵਹੁਟੀ ਨੇ ਤਾਂ ਉਸ ਦੇ ਘਰ ਆ ਕੇ ਭਾਰਤੀ ਮਰਯਾਦਾ ਅਨੁਸਾਰ ਉਸ ਦੀ ਦਾਸੀ ਬਣ ਕੇ ਰਹਿਣਾ ਸੀ। ਹੁਣ ਉਸ ਦੀ ਛੋਟੀ ਭੈਣ, ਉਸ ਤੋਂ ਅੱਠ-ਦਸ ਵਰ੍ਹੇ ਛੋਟੀ ਭੈਣ, ਕਿਸੇ ਅਣਜਾਣ ਮੁੰਡੇ ਕੋਲ ਜਾ ਰਹੀ ਸੀ, ਉਸ ਦਾ ਕਹਿਣਾ ਮੰਨਣ ਲਈ ਤਿਆਰ ਹੋ ਕੇ ਉਸ ਦੀ ਦਾਸੀ ਬਣਨ ਲਈ। ਜੀਤੋ ਦੇ ਵੀਰ ਨੂੰ ਭਾਈ ਤੇ ਗਵੱਈਏ ਦੇ ਵੈਰਾਗ ਵਿੱਚ ਪੜ੍ਹੇ ਗਏ ਸਲੋਕ ਤੇ ਗੀਤ ਚੇਤੇ ਆ ਗਏ। ਤੇ ਫੇਰ ਉਸ ਨੂੰ ਇਹ ਗੱਲ ਵੀ ਚੇਤੇ ਆਈ ਕਿ ਕਿਸ ਤਰ੍ਹਾਂ ਉਸ ਨੇ ਆਪਣੀ ਭੈਣ ਨੂੰ ਕਦੀ ਕਿਸੇ ਗੱਲੋਂ ਤੰਗ ਨਹੀਂ ਸੀ ਰੱਖਿਆ। ਉਦੋਂ ਵੀ ਤੰਗ ਨਹੀਂ ਸੀ ਰੱਖਿਆ, ਜਦੋਂ ਉਹ ਨੀਲੋਖੇੜੀ ਉਸ ਦੇ ਕੋਲ ਆ ਕੇ ਚਾਰ ਮਹੀਨੇ ਰਹੀ ਸੀ ਤੇ ਜਦੋਂ ਜੀਤੋ ਨੇ ਚਾਰ ਮਹੀਨੇ ਆਪਣੇ ਹੱਥੀਂ ਪਕਾ ਚਾਈਂ-ਚਾਈਂ ਉਸ ਨੂੰ ਰੋਟੀਆਂ ਖੁਆਈਆਂ ਸਨ ਤੇ ਜਦੋਂ ਉਹ ਮਾਪਿਆਂ ਤੋਂ ਦੂਰ ਬੈਠਾ ਵੀ ਜੀਤੋ ਕਾਰਨ ਮਾਪਿਆਂ ਦਾ ਉਦਰੇਵਾਂ ਨਹੀਂ ਸੀ ਕਰਦਾ। ਹੁਣ ਜੀਤੋ ਦੂਰ ਜਾ ਰਹੀ ਸੀ, ਜਿੱਥੇ ਉਸ ਨੂੰ ਸ਼ਾਇਦ ਛੇਤੀ ਮਿਲਣ ਨਹੀਂ ਸੀ ਜਾ ਸਕਣਾ ਤੇ ਸ਼ਾਇਦ ਚਿੱਠੀ ਵੀ ਨਹੀਂ ਸੀ ਲਿਖ ਸਕਣੀ। ਜਿੱਥੇ ਜੀਤੋ ਦੀ ਕੋਈ ਸਹੇਲੀ ਨਹੀਂ ਸੀ ਤੇ ਜਿੱਥੇ ਉਸ ਨੇ ਕੋਈ ਗੱਲ ਆਪਣੀ ਮਨਮਰਜ਼ੀ ਨਾਲ ਥੋੜ੍ਹੇ ਕੀਤੇ ਨਹੀਂ ਸੀ ਕਰ ਸਕਣੀ।

ਛਿਣ ਭਰ ਵਿੱਚ ਹੀ ਇਹ ਸਾਰੇ ਦੇ ਸਾਰੇ ਵਿਚਾਰ ਉਸ ਦੇ ਦਿਲ ਵਿੱਚ ਆਏ ਤੇ ਉਹ ਉਦਾਸ ਹੋ ਗਿਆ। ਉਦਾਸ ਜਿਹੇ ਮਨ ਨਾਲ ਉਸ ਨੇ ਆਪਣੇ ਬਟੂਏ ਵਿੱਚੋਂ ਸਾਰੇ ਦੇ ਸਾਰੇ ਪੈਸੇ ਬਿਨਾਂ ਕਿਸੇ ਗਿਣਤੀ ਕਰਨ ਦੇ ਕੱਢੇ ਤੇ ਜੀਤੋ ਦੇ ਹੱਥ ਉੱਤੇ ਧਰੇ। ਜੀਤੋ ਨੂੰ ਪਤਾ ਨਹੀਂ ਕੀ ਹੋਇਆ, ਚੰਗੀ-ਭਲੀ ਚੁੱਪ ਹੋਈ ਜੀਤੋ ਇਕਦਮ ਫਿੱਸ ਪਈ ਤੇ ਉਸ ਨੇ ਆਪਣੀ ਹਥੇਲੀ ਉੱਤੇ ਖਿੱਲਰੇ ਰੁਪਏ ਕਾਰ ਦੇ ਬਾਹਰ ਸੁੱਟ ਦਿੱਤੇ ਅਤੇ ਆਪਣੇ ਵੀਰ ਨੂੰ ਜੱਫੀ ਪਾ ਕੇ ਰੋਣ ਲੱਗ ਪਈ।

ਜੀਤੋ ਦੇ ਵੀਰ ਨੂੰ ਗੱਚ ਆ ਗਿਆ। ਡਰਾਈਵਰ ਨੂੰ ਉਸ ਨੇ ਕਾਰ ਸਟਾਰਟ ਕਰਨ ਦਾ ਇਸ਼ਾਰਾ ਕੀਤਾ ਤੇ ਭਾਰੇ ਜਿਹੇ ਮਨ ਨਾਲ ਆਪਣੇ ਛੋਟੇ ਭਰਾ ਨੂੰ ਜੀਤੋ ਕੋਲੋਂ ਉਠਾ ਕੇ ਆਪਣੇ ਬਾਪੂ ਨੂੰ ਫੜਾ ਦਿੱਤਾ ਅਤੇ ਆਪ ਜੀਤੋ ਦੇ ਨਾਲ ਵਾਲੀ ਸੀਟ ਉੱਤੇ ਬੈਠ ਗਿਆ।

"ਅਹਿ ਕੱਪੜੇ ਤਾਂ ਬਦਲ ਲੈ, ਸਬਜ਼ੀ ਨਾਲ ਖ਼ਰਾਬ ਹੋਏ ਪਏ ਨੇ," ਪਿਉ ਨੇ ਛੋਟੇ ਪੁੱਤਰ ਨੂੰ ਕੁੱਛੜ ਚੁੱਕਦਿਆਂ ਜੀਤੋ ਦੇ ਵੱਡੇ ਵੀਰ ਨੂੰ ਕਿਹਾ।

"ਚੁੱਪ ਕਰ ਹੁਣ, ਨਹੀਂ ਤਾਂ ਮਾਰੂੰਗਾ ਮੈਂ," ਆਪਣੇ ਬਾਪ ਦੇ ਬੋਲਾਂ ਨੂੰ ਅਣਸੁਣੇ ਕਰਕੇ ਉਸ ਨੇ ਜੀਤੋ ਨੂੰ ਕਿਹਾ ਤੇ ਉਨ੍ਹਾਂ ਹੀ ਕੱਪੜਿਆਂ ਨਾਲ ਜੀਤੋ ਦੇ ਨਾਲ ਤੁਰ ਗਿਆ।

# ਮੇਰੀ ਕਲਮ

## .ਗਜ਼ਲ

**ਗੁਰਦੀਪ ਭਾਟੀਆ**

ਸਿਰ ’ਤੇ ਸੂਰਜ ਪੈਰਾਂ ਵਿਚ ਪਰਛਾਵਾਂ ਸੀ।
ਚੜ੍ਹਦੇ ਜੋਬਨ ਏਹੋ ਇਕ ਸਿਰਨਾਵਾਂ ਸੀ।
ਬਾਪੂ ਵਾਂਗੂੰ ਚੇਤੇ ਆਉਂਦਾ ਹੈ ਅੱਜ ਵੀ,
ਸੱਥ ’ਚ ਹੁੰਦਾ ਇਕ ਬੋਹੜ ਘਣਛਾਵਾਂ ਸੀ।
ਸੀਨੇਂ ਲਾ ਕੇ ਦੁੱਧ ਚੁੰਘਾਉਂਦੀਆਂ ਸਨ ਅਪਣਾਂ,
ਉਹ ਮਾਵਾਂ ਹੀ ਸਚਮੁੱਚ ਸੱਚੀਆਂ ਮਾਵਾਂ ਸੀ।
ਝੂਠੇ ਤਾਂਈਂ ਅੱਜ ਵੀ ਕੁਰਸੀ ਮਿਲਦੀ ਹੈ,
ਸੱਚੇ ਤਾਈਂ ਕੱਲ੍ਹ ਵੀ ਸਖ਼ਤ ਸਜ਼ਾਵਾਂ ਸੀ।
ਕਿਉਂ ਲੱਗਦੇ ਨੇ ਲੋਕੀ ਅੱਜਕੱਲ੍ਹ ਏਸ ਤਰ੍ਹਾਂ,
ਕੱਲ੍ਹ ਵੀ ਜਿੱਦਾਂ ਕਿੱਲੇ ਬੱਝੀਆਂ ਗਾਵਾਂ ਸੀ।
ਜਦ ਤੱਕ ਮਾਂ ਦਾ ਹੱਥ ਸੀ ਸਿਰ ’ਤੇ, ਮਾਂ ਦੀ ਸਹੁੰ,
ਸੁਪਨੇ ਵਿਚ ਵੀ ਰਹਿੰਦੀਆਂ ਦੂਰ ਬਲਾਵਾਂ ਸੀ।
ਭਰਤ ਜਿਹਾ ਨਾ ਲਭਦਾ ਅੱਜਕੱਲ੍ਹ ਕੋਈ ਵੀ,
ਜਿਦ੍ਹੀ ਬਦੌਲਤ ਕੀਤਾ ਰਾਜ ਖੜਾਵਾਂ ਸੀ।
ਮਿਸ਼ਰੀ ਤੋਂ ਵੀ ਮਿੱਠੇ ਨੇਤਾ ਆ ਰਹੇ ਨੇ,
ਬਚਿਉ, ਕਿਉਂ ਕਰ ਰੌਲਾ ਪਾਇਆ ਕਾਵਾਂ ਸੀ।
ਤੇਰੇ ਨਾਲ ਹੀ ਚਾਰ ਚੁਫੇਰਾ ਮਹਿਕ ਰਿਹੈ,
ਤੇਰੇ ਬਿਨ ਹੀ ਸੁੰਨੀਆਂ ਸੁੰਨੀਆਂ ਥਾਵਾਂ ਸੀ।
ਜਦ ਤੱਕ ਸਮਝ ਨਹੀਂ ਸੀ ਤੇਰੀ ਇਸ ਦਿਲ ਨੂੰ,
ਤਦ ਤੱਕ ਹੀ ਇਹ ਤੇਰਾ ‘ਦੀਪ’ ਨਿਥਾਵਾਂ ਸੀ।

## .ਗਜ਼ਲ

**ਬਲਜੀਤ ਪਾਲ ਸਿੰਘ**

ਮੈਂ ਨਹੀਂ ਕਹਿੰਦਾ ਕਿ ਮੈਂ ਪੂਰਾ ਸੱਚ ਬੋਲਦਾ ਹਾਂ।
ਮੌਕਾ ਮਿਲੇ ਤਾਂ ਮੈਂ ਵੀ ਓਦੋਂ ਘੱਟ ਤੋਲਦਾ ਹਾਂ।
ਆਪਣੇ ਆਪ ਨੂੰ ਸਦਾ ਹੀ ਸਮਝਾਂ ਦੁੱਧ ਨਹਾਤਾ ਮੈਂ,
ਦੂਸਰਿਆਂ ਵਿੱਚੋਂ ਪਰ ਕਿੰਨੇ ਨੁਕਸ ਟੋਲਦਾ ਹਾਂ।
ਲੋਕਾਂ ਨੂੰ ਨਿੱਤ ਦਿਆਂ ਨਸੀਹਤਾਂ ਲੇਕਿਨ ਆਪੇਂ ਹੀ,
ਕਾਇਦੇ ਅਤੇ ਕਾਨੂੰਨ ਵੀ ਪੈਰਾਂ ਵਿਚ ਰੋਲਦਾ ਹਾਂ।
ਸ਼ਾਇਦ ਮੇਰੇ ਅੰਦਰ ਕੋਈ ਮੁਜ਼ਰਮ ਬੈਠਾ ਹੈ,
ਪਾਰੇ ਵਾਂਗੂੰ ਏਸੇ ਕਰਕੇ ਰੋਜ਼ ਡੋਲਦਾ ਹਾਂ।

## ਦੋਹੇ

**ਹਰਮਿੰਦਰ ਸਿੰਘ ਕੋਹਾਰਵਾਲਾ**

ਹੈ ਪਾਣੀ ਦਾ ਬੁਲਬੁਲਾ, ਸਵਾ ਕੁਇੰਟਲ ਭਾਰ।
ਅੰਦਰ ਸੁੱਟ ਕੇ ਤੌਣ ਉਹ, ਲੈਂਦਾ ਫੇਰ ਡਕਾਰ।
ਮਨ ਮਿਲ਼ਦੇ ਹੀ ਰਹਿ ਗਏ, ਵਿਗੜ ਗਿਆ ਸੀ ਖੇਲ।
ਜਦ ਹੱਥਾਂ ਦੀ ਮੈਲ਼ ਨੇ, ਹੋਣ ਨਾ ਦਿੱਤਾ ਮੇਲ਼।
ਦਇਆ ਤੇ ਸੰਤੋਖ ਨਾ, ਧਰਮ ’ਚ ਰਹਿਣ ਆਬਾਦ।
ਜਦੋਂ ਜੜਾਂ ਵਿਚ ਏਸ ਦੇ, ਪਏ ਸਿਆਸੀ ਖਾਦ।
ਵੇਖੀ ਪੁੱਤ ਸਲੱਗ ਨੇ, ਬਣੀ ਬਾਪ ’ਤੇ ਭੀੜ।
ਆਈ ਸਿਰ ਵਿਚ ਪੁੱਤ ਦੇ, ਬਾਪੂ ਦੀ ਸਿਰ ਪੀੜ।
ਯਾਦ ਕਰਾ ਨਾ ਗ਼ਲਤੀਆਂ, ਹੁਣ ਨਾ ਜ਼ਖ਼ਮ ਉਚੇੜ।
ਧੱਕੇ ਧੋਖੇ ਖਾਂਦਿਆਂ, ਹੋਈ ਉਮਰ ਅਧੇੜ।
ਇਸ ਥਾਂ ਸੌੜੀ ਸੋਚ ਦਾ, ਨਾਰੀ ਨੂੰ ਫੁਰਮਾਨ।
ਖੁੱਲ੍ਹੇ ਰੱਖੀਂ ਕੰਨ ਤੂੰ, ਰੱਖੀਂ ਬੰਦ ਜ਼ੁਬਾਨ।
ਦੇਈਏ ਅਪਣੀ ਅੰਸ਼ ਨੂੰ, ਕਿੱਲੇ ਕੋਠੀ ਕਾਰ।
ਦੇ ਸਕੀਏ ਨਾ ਪਰ ਅਸੀਂ, ਕੁਝ ਚੰਗੇ ਸੰਸਕਾਰ।
ਹੋਵੇ ਫੌਤ ਜ਼ਮੀਰ ਜਦ, ਜੱਗ ਦੀ ਰਹੇ ਨਾ ਲੱਜ।
ਫੇਰ ਪਦਾਰਥ ਪਦਵੀਆਂ, ਦੇਣ ਨਾ ਭੋਰਾ ਰੱਜ।
ਬੰਦਾ ਲੱਖ ਨਾਕਾਮ ਹੈ, ਬਦ ਹੈ ਜਾਂ ਸ਼ਰੀਫ਼।
ਸੱਥਰ ਉੱਤੇ ਓਸ ਦੀ, ਹੁੰਦੀ ਖ਼ੂਬ ਤਾਰੀਫ਼।
ਅੱਗੇ ਅੱਗੇ ਕਾਫ਼ੀਏ, ਪਿੱਛੇ ਤੁਰੇ ਰਦੀਫ਼।
.ਗਜ਼ਲ ’ਚ ਹੋਣ ਵਿਚਾਰ ਜੇ, ਹੁੰਦੀ ਫੇਰ ਤਾਰੀਫ਼।

## ਰਿਜ਼ਕ ਰੁਲਦਾ

**ਹਰਭਿੰਦਰ ਸਿੰਘ ਸੰਧੂ**

ਖ਼ੁਸ਼ੀਆਂ ਵਿੱਚ ਉਦਾਸੀ ਦੇ ਬਦਲ ਗਈਆਂ,
ਨਮੀ ਵਾਲੇ ਝੋਨੇ ਸਾਹ ਸੁਕਾਏ ਪਏ ਨੇ।
ਝੋਨਾ ਗਿੱਲਾ ਤੇਰਾ ਇਹਨੂੰ ਹੁਣ ਕੱਟ ਲੱਗੂ,
ਸੁਣ ਕਿਸਾਨਾਂ ਦੇ ਚਿਹਰੇ ਮੁਰਝਾਏ ਪਏ ਨੇ।
ਆੜ੍ਹਤੀਏ ਵੀ ਗੁੱਸੇ ’ਚ ਹੋਣ ਲਾਲ ਪੀਲੇ,
ਨਹੁੰ ਮਾਸ ਦੇ ਰਿਸ਼ਤੇ ਕੁਮਲਾਏ ਪਏ ਨੇ।
ਕਿਸਾਨ ਪੁੱਛਦਾ ਏ ਹਾਕਮੋ ਕੀ ਕਸੂਰ ਮੇਰਾ,
ਸੋਨੇ ਮਿੱਟੀ ਵਿੱਚ ਕਾਹਤੋਂ ਰੁਲਾਏ ਪਏ ਨੇ।
ਪੱਕਦੀ ਫ਼ਸਲ ਜਦੋਂ ਖੱਜਲ ਬੜਾ ਕਰਦੇ,
ਉਂਜ ਅੰਨਦਾਤਾ ਦੇ ਲੇਬਲ ਲਾਏ ਪਏ ਨੇ।
ਸੰਧੂਆ ਦੇਖ ਕਿਵੇਂ ਮੰਡੀ ’ਚ ਰਿਜ਼ਕ ਰੁਲਦਾ,
ਕੀ ਡਾਹਢੇ ਨੇ ਭਾਣੇ ਵਰਤਾਏ ਪਏ ਨੇ।

## ਬੇਬਸੀ

**ਹਰਪਾਲ ਸਿੰਘ ਮਨੇਸ**

ਮੈਂ ਬੰਦ ਅੱਖਾਂ ਸਾਂਹਵੇ ਖੁੱਲ੍ਹੀ ਹੋਈ ਕਿਤਾਬ ਵਾਂਗਰ ਹਾਂ।
ਮੈਂ ਘਰ ਦੀਆਂ ਕੰਧਾਂ ਅੰਦਰ ਮਾਰੀ ਹੋਈ ਚਾਂਗਰ ਹਾਂ।
ਮੇਰੇ ਜ਼ਜ਼ਬੇ ਕਿਨਾਰੇ ਦੀ ਰੇਤ ਵਾਂਗ ਖ਼ੁਰ ਗਏ ਨੇ।
ਮੇਰੇ ਸੁਪਨੇ ਕੰਧਾਂ ਦੇ ਲਿਓੜ ਵਾਂਗ ਭੁਰ ਗਏ ਨੇ।
.ਗਰੀਬਾਂ ਨੂੰ ਤਾਂ ਬਸ ਮਿਹਨਤ ਮਜ਼ਦੂਰੀ ਦਾ ਵਲ ਏ।
ਹਾਕਮਾਂ ਨੇ ਕਦ ਕੀਤਾ ਬੇਬਸੀ ਦਾ ਹੱਲ ਏ।
ਕੁੱਲੀਆਂ ਦੀਆਂ ਅੱਖਾਂ ਵਿਚ ਆਸ ਨਿੱਤ ਟਹਿਕਦੀ।
ਬਾਪ ਦੀਆਂ ਲਾਚਾਰ ਅੱਖਾਂ ਵੇਖ ਰਾਤ ਹੈ ਸਹਿਕਦੀ।
ਇੱਕ ਇੱਕ ਕਿੱਲੇ ’ਤੇ ਕਈ ਕਈ ਲੱਖ ਲਿਮਟਾਂ ਬੱਝੀਆਂ।
ਕਿਸਾਨ ਤੋਂ ਧੀ ਦੀਆਂ ਆਸਾਂ ਫਿਰ ਵੀ ਨਾ ਜਾਣ ਕੱਜੀਆਂ।
ਬੂਟਾ ਸੀ ਲਾਇਆ ਪੁਰਖਾਂ ਦਾ, ਉਹ ਹੱਥੀ ਪੁੱਟ ਲਿਆ।
ਕਿਸਾਨ ਨੂੰ ਬੈਂਕਾ ਦੀ ਵਿਆਜ ਨੇ ਲੁੱਟ ਲਿਆ।
ਤੰਗੀ ਤੁਰਸ਼ੀ ਵੇਲੇ ਸਿਆਣੇ ਆਖਦੇ ਅੱਧੀ ਖਾ ਲਵੋ।
ਸ਼ਾਹਾਂ ਦੇ ਵਿਆਜਾਂ ਵਿੱਚ ਫਸ ਕੇ ਨਾ ਫਾਹ ਲਵੋ।
ਨਸ਼ਿਆਂ ਨੇ ਪੰਜਾਬ ਨੂੰ ਘੁਣ ਵਾਂਗ ਖਾ ਲਿਆ।
ਤਾਂ ਹੀ ਜਵਾਨੀ ਨੇ ਵਿਦੇਸ਼ਾਂ ਦਾ ਰੁਖ਼ ਅਪਣਾ ਲਿਆ।
ਇਹ ਵੀ ਸਭ ਹਾਕਮਾਂ ਦੇ ਕੀਤੇ ਕਰਾਏ ਨੇ।
ਜਿਸ ਨੇ ਨਸ਼ਿਆਂ ਹੱਥੋਂ ਮਾਵਾਂ ਦੇ ਪੁੱਤ ਮਰਵਾਏ ਨੇ,
ਮਜ਼ਬੂਰੀ ਕਰਕੇ ਹੀ ਅੱਲੜ੍ਹ ਨਸ਼ਿਆਂ ਨਾਲ ਜੁੜਦਾ।
ਇੱਕ ਬੇਰੁਜ਼ਗਾਰੀ ਦੂਜਾ ਲਾਚਾਰੀ ਕਰਕੇ ਮੌਤ ਵੱਲ ਮੁੜਦਾ।
ਇੱਕ ਦਿਨ ਹਾਕਮਾਂ ਨੂੰ ਦੇਣਾ ਪਊ ਹਿਸਾਬ ਬਈ।
ਇੱਕ ਦਿਨ ਪੈਰਾਂ ’ਤੇ ਖੜ੍ਹਾ ਹੋਊ ਰੰਗਲਾ ਪੰਜਾਬ ਬਈ।

## ਜੰਗਲ ਦਾ ਗੀਤ

**ਅਸ਼ਰਫ਼ ਸੁਹੇਲ**



ਇਹ ਜੰਗਲ ਸਾਡਾ ਮੋਰਾਂ ਦਾ।
ਇਹ ਮੋਰਾਂ ਚੰਨ ਚਕੋਰਾਂ ਦਾ।
ਇਹ ਜੰਗਲ ਸਾਡਾ ਮੋਰਾਂ ਦਾ ।

ਜਾਂ ਫ਼ਜ਼ਰੇ ਦੀ ’ਵਾ ਝੁੱਲੇ ਪਈ।
ਫੁੱਲਾਂ ਦੇ ਵਰਕੇ ਥੱਲੇ ਪਈ।
ਖ਼ੁਸ਼ਬੂ ਵੀ ਰਸਤੇ ਭੁੱਲੇ ਪਈ।
ਮੀਂਹ ਵਰਦਾ ਇੱਥੇ ਜ਼ੋਰਾਂ ਦਾ।
ਇਹ ਜੰਗਲ ਸਾਡਾ ਮੋਰਾਂ ਦਾ।

ਇੱਕ ਰੋਜ਼ ਸ਼ਿਕਾਰੀ ਧਾਏ ਸੀ।
ਆ ਜਾਲ ਉਹਨਾਂ ਨੇ ਲਾਏ ਸੀ।
ਇਕ ਰਾਜਾ ਰਾਣੀ ਆਈ ਸੀ।
ਦਾਅ ਲੱਗਾ ਕਾਲੇ ਚੋਰਾਂ ਦਾ।
ਇਹ ਜੰਗਲ ਸਾਡਾ ਮੋਰਾਂ ਦਾ।

ਉਹ ਬਾਬਲ ਮੇਰਾ, ਮੇਰੀ ਮਾਂ,
ਲੈ ਗਏ ਸ਼ਿਕਾਰੀ ਕਿਹੜੀ ਥਾਂ।
ਮੈਂ ਕਹਿੰਦਾ ਕੀ ਮੈਂ ਗੂੰਗਾ ਸਾਂ,
ਮੂੰਹ ਵੇਖ ਰਿਹਾ ਸਾਂ ਹੋਰਾਂ ਦਾ।
ਇਹ ਜੰਗਲ ਸਾਡਾ ਮੋਰਾਂ ਦਾ।
ਇਹ ਮੋਰਾਂ ਚੰਨ ਚਕੋਰਾਂ ਦਾ।

## ਜਦ ਬੰਦੇ ਦੀ ਹਿੰਮਤ ਅੱਗੇ

**ਇਕਬਾਲ ਸ਼ੈਦਾ**

ਜਦ ਬੰਦੇ ਦੀ ਹਿੰਮਤ ਅੱਗੇ, ਹਰ ਜਾਂਦਾ ਏ ਪਾਣੀ ।
ਰੇਤ ਦੇ ਟਿੱਬਿਆਂ ਨੂੰ ਵੀ ਗੁਲਸ਼ਨ, ਕਰ ਜਾਂਦਾ ਏ ਪਾਣੀ ।
ਇਸ ਤੋਂ ਵੱਧ ਹਸਾਸ ਕੋਈ ਸ਼ੈ, ਦੁਨੀਆਂ ਵਿੱਚ ਨਹੀਂ ਵੇਖੀ,
ਧੁੱਪੇ ਤਪ ਜਾਂਦਾ ਏ ਛਾਵੇਂ, ਠਰ ਜਾਂਦਾ ਏ ਪਾਣੀ ।
ਐਨਾ ਕੀ, ਸਭ ਕੌਮ ਦੀ .ਗੈਰਤ, ਦਾਅ ਉੱਤੇ ਲਾ ਦੇਵੇ,
ਜਿਸ ਬੇ.ਗੈਰਤ ਦੀ ਅੱਖ ਵਿਚੋਂ ਮਰ ਜਾਂਦਾ ਏ ਪਾਣੀ ।
ਧਰਤੀ ਦਾ ਦਿਲ ਡੋਲੇ ਖਾਂਦਾ ਅਰਸ਼ ਅਜ਼ੀਮ ਵੀ ਹਿੱਲਦਾ,
ਜਦ ਮਜ਼ਲੂਮਾਂ ਦੀ ਅੱਖ ਅੰਦਰ ਤਰ ਜਾਂਦਾ ਏ ਪਾਣੀ ।
ਆਪਣੀ ਫ਼ਿਤਰਤ ਕਦੇ ਨਾ ਬਦਲੇ ਇਹ ਖ਼ਾਸੀਅਤ ਇਹਦੀ,
ਭਾਵੇਂ ਪੱਥਰ ਕਰ ਲਉ ਓੜਕ ਖਰ ਜਾਂਦਾ ਏ ਪਾਣੀ ।
ਗੁੱਸੇ ਦੇ ਵਿੱਚ ਆਵੇ ਤੇ ਇਹ ਵਸਦੇ ਸ਼ਹਿਰ ਉਜਾੜੇ,
ਨਹੀਂ ਤੇ ਰੋਜ਼ ਵਸਾ ਕੇ ਲੱਖਾਂ ਘਰ ਜਾਂਦਾ ਏ ਪਾਣੀ ।
ਕਤਰੇ ਕਤਰੇ ਅੰਦਰ ‘ਸ਼ੈਦਾ’ ਚਾਨਣ ਤੇ ਹਰਿਆਲੀ,
ਜ਼ੱਰੇ-ਜ਼ੱਰੇ ਦੇ ਵਿੱਚ ਅੰਮ੍ਰਿਤ ਭਰ ਜਾਂਦਾ ਏ ਪਾਣੀ ।

## ਕੁਦਰਤੀ ਨਜ਼ਾਰਾ

**ਉਕਤਾਮੋਏ ਖਲਦੋਰੋਵਾ**




ਨੀਲੀ ਹਵਾ ਦੇ ਪਰਦੇ ’ਚ
ਦਿਨ ਚੜ੍ਹ ਰਿਹਾ ਹੈ
ਧਰਤੀ ’ਤੇ ਅਨੰਤ ਚਮਕੀਲੀਆਂ
ਕਿਰਨਾਂ ਪੈ ਰਹੀਆਂ ਹਨ
ਅੱਖਾਂ ਪੂੰਝਦੀ ਹਵਾ ਚੱਲ ਰਹੀ ਹੈ
ਸੁਸਤ ਨਰਮ ਘਾਹ
ਤ੍ਰੇਲ ਦੀਆਂ ਬੂੰਦਾਂ ’ਚ ਨਹਾ ਰਿਹਾ ਹੈ
ਪੀਲ਼ੇ ਫੁੱਲਾਂ ਦਾ ਬੂਟਾ ਤਿਆਰ ਹੋ ਰਿਹਾ ਹੈ
ਸੁਨਹਿਰੀ ਖਟਮਲ ਗਾ ਰਿਹਾ ਹੈ
ਮੱਖੀਆਂ ਪਾਣੀ ’ਚ ਛੱਲਾਂ ਮਾਰਦੀਆਂ ਹਨ
ਕਿਨਾਰੇ ’ਤੇ ਚਾਲ਼ੀ ਕੁੜੀਆਂ
ਹੱਥਾਂ ’ਚ ਹੱਥ ਪਾਈ ਭੱਜ ਰਹੀਆਂ ਨੇ
ਕੀੜੀ ਇਕੱਲੀ ਬੀਅ ਚੁੱਕੀ
ਤੜਕਸਾਰ ਕਿੱਥੇ ਜਾ ਰਹੀ ਹੈ ?
ਸੱਭ ਨੂੰ ਦੇਖਦਿਆਂ
ਫੁੱਲ ਦੀ ਡੋਡੀ ਮੂੰਹ ਖੋਲ੍ਹ ਰਹੀ ਹੈ
ਹੈਰਾਨ ਜਿਹੀ ਹੈ..................

## ਬਰਸੀ ’ਤੇ ਵਿਸ਼ੇਸ਼

## ‘ਪੰਥ ਰਤਨ’ ਭਾਈ ਦਿੱਤ ਸਿੰਘ ਗਿਆਨੀ

**ਭਾਈ ਹਰਪਾਲ ਸਿੰਘ ਲੱਖਾ**



ਸਿੱਖੀ ਸੋਚ ਫੈਲਾਉਣ ਲਈ, ਬਹਿ ਮਤਾ ਪਕਾਇਆ।
ਸਿੰਘ ਸਭਾ ਬਣਾਉਣ ਦਾ, ਫੁਰਮਾਨ ਅਲਾਇਆ।
ਗੁਰਬਾਣੀ ਨੂੰ ਸਮਝਣਾ, ਇਤਿਹਾਸ ਵੀ ਲਿਖਣਾ।
ਮਨਮਤਿ ਕਿਵੇਂ ਤਿਆਗਣੀ, ਗੁਰੂਆਂ ਤੋਂ ਸਿੱਖਣਾ।
ਡੇਢ ਸਦੀ ਪਹਿਲਾਂ ਤਦੇ, ਸਿੰਘ ਅੱਗੇ ਆਏ।
ਲਹਿਰ ਚਲਾਈ ਸਿੰਘ ਸਭਾ, ਸਭ ਵੈਰ ਮੁਕਾਏ।
‘ਮਹਾਂ-ਗਿਆਨੀ’ ਦਿੱਤ ਸਿੰਘ, ਸੰਵਾਦ ਰਚਾਏ।
ਵਹਿਮ ਪਖੰਡ ਮਿਟਾਉਣ ਲਈ, ਲੱਖ ਕਸ਼ਟ ਉਠਾਏ।
‘ਸਾਧੂ’ ਦਿਆ ਨੰਦ ਜਦ, ਪੰਜਾਬ ਸੀ ਆਇਆ।
ਸਿੱਖਾਂ ਨੂੰ ਭਰਮਾਉਣ ਲਈ, ਉਸ ਝੂਠ ਫੈਲਾਇਆ।
ਧਨੀ ਕਲਮ ਦਾ ਦਿੱਤ ਸਿੰਘ, ਤਦ ਅੱਗੇ ਆਇਆ।
‘ਵਿਪਰ ਨਹੀਂ’, ਅਸੀਂ ‘ਸਿੱਖ’ ਹਾਂ, ਇਹ ਸੱਚ ਸੁਣਾਇਆ।
‘ਸਾਧੂ’ ਨੂੰ ਵੰਗਾਰ ਕੇ, ਛੱਡਿਆ ਜੈਕਾਰਾ।
ਸਾਡਾ ਗੁਰੂ ਗ੍ਰੰਥ ਸਾਹਿਬ, ਤਾਰੇ ਸੰਸਾਰਾ।
ਨਿੰਦਿਆ ਕਰੇਂ ਤੂੰ ਗੁਰੂ ਦੀ, ਊਂ ਰਿਸ਼ੀ ਕਹਾਵੇਂ।
ਘੜ ਸ਼ੁੱਧੀ ਦੀਆਂ ਸਾਜਿਸ਼ਾਂ, ਜਨਤਾ ਭਰਮਾਵੇਂ।
ਕਰ ਮੇਰੇ ਨਾਲ ਗੋਸ਼ਟੀ, ਜੇ ਸੱਚਾ ਸਾਧੂ।
ਛੱਡ ਭੜਕਾਉਣਾ ਨਹੀਂ ਤਾਂ, ਰੱਖ ਮੂੰਹ ’ਤੇ ਕਾਬੂ।
ਰੀਸ ਗਿਆਨੀ ‘ਹੰਸ’ ਦੀ, ਕੀ ਕਰੂ ‘ਟਟੀਹਰੀ’।
ਗਿੱਦੜ ਅਤੇ ਸ਼ੇਰ ਦੀ, ਨਾ ਹੋਏ ਸਕੀਰੀ।
ਦਿਆ ਨੰਦ ਦੀ ਸੋਚ ਸੀ, ਬੱਸ ਰੌਲਾ-ਗੌਲਾ।
ਦੋ ਲਫਜ਼ਾਂ ਵਿੱਚ ਸਿੰਘ ਨੇ, ਕਰ ਦਿੱਤਾ ਹੌਲਾ।
ਦਿੱਤ ਸਿੰਘ ਜੀ ਤਿੰਨ ਦਫਾ, ਕਰ ਗੋਸ਼ਟਿ ਜਿੱਤੇ।
‘ਸਤਿਆਰਥ’ ਦੇ ਕੁ.ਫਰ ਸਭ, ਪਾ ਦਿੱਤੇ ਛਿੱਥੇ।
ਸਿੰਘ ਸਭੀਆਂ ਦੀ ਲੋੜ ਹੈ, ਅੱਜ ਮੁੜਕੇ ਭਾਈ।
ਜਿਹਨਾਂ ਗਾਫ਼ਿਲ ਨੀਂਦਰੋਂ, ਸਿੱਖ ਕੌਮ ਜਗਾਈ।

# ਭਾਰਤ ਬਣਿਆ ਏਸ਼ੀਆ ਹਾਕੀ ਕੱਪ ਦਾ ਚੈਂਪੀਅਨ

## ਦੱਖਣੀ ਕੋਰੀਆ ਨੂੰ 4-1 ਨਾਲ ਹਰਾਇਆ

## ਭਾਰਤੀ ਹਾਕੀ ਟੀਮ ਨੇ ਵਿਸ਼ਵ ਕੱਪ ਲਈ ਵੀ ਕੀਤਾ ਕੁਆਲੀਫਾਈ

ਰਾਜਗੀਰ/ਏ.ਟੀ.ਨਿਊਜ਼: ਦਿਲਪ੍ਰੀਤ ਸਿੰਘ ਦੇ ਦੋ ਗੋਲਾਂ ਸਦਕਾ ਭਾਰਤੀ ਪੁਰਸ਼ ਹਾਕੀ ਟੀਮ ਨੇ ਦੱਖਣੀ ਕੋਰੀਆ ਨੂੰ ਫਾਈਨਲ ਵਿੱਚ 4-1 ਨਾਲ ਹਰਾ ਕੇ ਚੌਥੀ ਵਾਰ ਏਸ਼ੀਆ ਕੱਪ ਦਾ ਖ਼ਿਤਾਬ ਆਪਣੇ ਨਾਮ ਕੀਤਾ ਹੈ। ਇਸ ਦੇ ਨਾਲ ਹੀ ਭਾਰਤੀ ਟੀਮ ਨੇ ਅਗਲੇ ਸਾਲ ਹੋਣ ਵਾਲੇ ਵਿਸ਼ਵ ਕੱਪ ਲਈ ਵੀ ਕੁਆਲੀਫਾਈ ਕਰ ਲਿਆ ਹੈ।




ਖਚਾਖਚ ਭਰੇ ਰਾਜਗੀਰ ਸਪੋਰਟਸ ਕੰਪਲੈਕਸ ਵਿੱਚ, ਭਾਰਤ ਲਈ ਸੁਖਜੀਤ ਸਿੰਘ ਨੇ ਪਹਿਲੇ ਹੀ ਮਿੰਟ ਵਿੱਚ ਗੋਲ ਕੀਤਾ ਜਦੋਂ ਕਿ ਦਿਲਪ੍ਰੀਤ ਨੇ 28ਵੇਂ ਅਤੇ 45ਵੇਂ ਮਿੰਟ ਵਿੱਚ ਗੋਲ ਕੀਤੇ। ਅਮਿਤ ਰੋਹਿਦਾਸ ਨੇ 50ਵੇਂ ਮਿੰਟ ਵਿੱਚ ਚੌਥਾ ਗੋਲ ਕੀਤਾ। ਜਦੋਂ ਕਿ ਕੋਰੀਆ ਲਈ ਇੱਕੋ ਇੱਕ ਗੋਲ ਡੈਨ ਸੋਨ ਨੇ 51ਵੇਂ ਮਿੰਟ ਵਿੱਚ ਕੀਤਾ। ਭਾਰਤ ਨੇ ਟੂਰਨਾਮੈਂਟ ਵਿੱਚ ਪੰਜ ਜਿੱਤਾਂ ਅਤੇ ਇੱਕ ਡਰਾਅ ਦਰਜ ਕੀਤਾ। ਹਰਮਨਪ੍ਰੀਤ ਸਿੰਘ ਦੀ ਕਪਤਾਨੀ ਵਾਲੀ ਟੀਮ ਨੇ ਤਿੰਨੋਂ ਪੂਲ ਮੈਚ ਜਿੱਤੇ। ਸੁਪਰ 4 ਪੜਾਅ ਵਿੱਚ, ਇਸਨੇ ਮਲੇਸ਼ੀਆ ਨੂੰ 4-1 ਅਤੇ ਚੀਨ ਨੂੰ 7-0 ਨਾਲ ਹਰਾਇਆ ਜਦੋਂ ਕਿ ਕੋਰੀਆ ਨਾਲ ਮੈਚ 2-2 ਨਾਲ ਡਰਾਅ ਰਿਹਾ। ਭਾਰਤੀ ਟੀਮ ਨੇ ਪਹਿਲੇ ਹੀ ਸੈਕਿੰਡ ਤੋਂ ਹਮਲਾਵਰ ਸ਼ੁਰੂਆਤ ਕੀਤੀ। ਡਿਫੈਂਸ, ਮਿਡਫੀਲਡ ਅਤੇ ਫਾਰਵਰਡ ਲਾਈਨ ਵਿਚਕਾਰ ਸ਼ਾਨਦਾਰ ਤਾਲਮੇਲ ਸੀ ਅਤੇ ਇੱਕ ਯੂਨਿਟ ਦੇ ਤੌਰ 'ਤੇ, ਵਿਰੋਧੀ ਟੀਮ ਦੇ ਗੋਲ 'ਤੇ ਕਈ ਹਮਲੇ ਕੀਤੇ ਗਏ।

ਦੂਜੇ ਪਾਸੇ, ਕੋਰੀਆਈ ਟੀਮ ਜ਼ਿਆਦਾਤਰ ਸਮਾਂ ਰੱਖਿਆਤਮਕ ਖੇਡ ਖੇਡਦੀ ਨਜ਼ਰ ਆਈ ਜੋ ਉਨ੍ਹਾਂ ਲਈ ਮਹਿੰਗੀ ਸਾਬਤ ਹੋਈ। ਪਹਿਲੇ ਦੋ ਕੁਆਰਟਰਾਂ ਵਿੱਚ, ਉਹ ਭਾਰਤੀ ਡਿਫੈਂਸ ਨੂੰ ਤੋੜਨ ਦੇ ਯੋਗ ਨਹੀਂ ਸਨ ਅਤੇ ਕੋਰੀਆਈ ਟੀਮ ਗੋਲ ਕਰਨ ਦੇ ਕੋਈ ਮੌਕੇ ਨਹੀਂ ਬਣਾ ਸਕੀ। ਸੁਖਜੀਤ ਨੇ 30ਵੇਂ ਸਕਿੰਟ ਵਿੱਚ ਭਾਰਤ ਲਈ ਪਹਿਲਾ ਗੋਲ ਕੀਤਾ। ਕਪਤਾਨ ਹਰਮਨਪ੍ਰੀਤ ਸਿੰਘ ਨੇ ਖੱਬੇ ਪਾਸੇ ਤੋਂ ਸ਼ਾਨਦਾਰ ਖੇਡਿਆ ਅਤੇ ਗੇਂਦ ਸੁਖਜੀਤ ਨੂੰ ਪਾਸ ਕੀਤੀ, ਜਿਸਨੇ ਖੱਬੇ ਕੋਨੇ ਤੋਂ ਗੇਂਦ ਨੂੰ ਰਿਵਰਸ ਹਿੱਟ ਕੀਤਾ ਅਤੇ ਗੇਂਦ ਨੂੰ ਗੋਲ ਵਿੱਚ ਪਾ ਦਿੱਤਾ। ਦਿਲਪ੍ਰੀਤ ਅੱਠਵੇਂ ਮਿੰਟ ਵਿੱਚ ਗੋਲ ਕਰਨ ਦੇ ਨੇੜੇ ਪਹੁੰਚ ਗਿਆ ਪਰ ਵਿਵੇਕ ਸਾਗਰ ਪ੍ਰਸਾਦ ਦੇ ਪਾਸ 'ਤੇ ਉਸਦਾ ਸ਼ਾਟ ਕੋਰੀਆਈ ਗੋਲਕੀਪਰ ਜੇਹਾਨ ਕਿਮ ਨੇ ਬਚਾ ਲਿਆ।

ਭਾਰਤ ਨੂੰ ਅਗਲੇ ਹੀ ਮੂਵ 'ਤੇ ਪੈਨਲਟੀ ਸਟ੍ਰੋਕ ਮਿਲਿਆ ਪਰ ਜੁਗਰਾਜ ਸਿੰਘ ਦੀ ਕੋਸ਼ਿਸ਼ ਅਸਫਲ ਰਹੀ। ਭਾਰਤੀ ਹਮਲਾਵਰ ਲਾਈਨ ਨੇ ਪੂਰੇ ਮੈਚ ਦੌਰਾਨ ਕੋਰੀਆਈ ਡਿਫੈਂਸ 'ਤੇ ਦਬਾਅ ਬਣਾਇਆ। ਹਰਮਨਪ੍ਰੀਤ ਨੇ ਗੇਂਦ ਨੂੰ ਹਵਾ ਵਿੱਚ ਉੱਚਾ ਕੀਤਾ ਅਤੇ ਖੱਬੇ ਕੋਨੇ 'ਤੇ ਸੰਜੇ ਨੂੰ ਪਾਸ ਕੀਤਾ ਜਿਸਨੇ ਗੇਂਦ ਨੂੰ ਸਰਕਲ ਦੇ ਅੰਦਰ ਦਿਲਪ੍ਰੀਤ ਨੂੰ ਪਾਸ ਕੀਤਾ। ਉਸਨੇ ਗੋਲ ਕਰਕੇ ਭਾਰਤ ਨੂੰ ਅੱਧੇ ਸਮੇਂ ਤੱਕ 2-0 ਦੀ ਬੜ੍ਹਤ ਦਿਵਾਈ। ਕੋਰੀਆ ਨੂੰ 40ਵੇਂ ਮਿੰਟ ਵਿੱਚ ਲਗਾਤਾਰ ਦੋ ਪੈਨਲਟੀ ਕਾਰਨਰਾਂ ਦੇ ਰੂਪ ਵਿੱਚ ਆਪਣਾ ਪਹਿਲਾ ਮੌਕਾ ਮਿਲਿਆ ਪਰ ਭਾਰਤੀ ਡਿਫੈਂਸ ਇੱਕ ਵਾਰ ਫਿਰ ਮਜ਼ਬੂਤ ਸੀ। ਭਾਰਤ ਨੂੰ 44ਵੇਂ ਮਿੰਟ ਵਿੱਚ ਆਪਣਾ ਪਹਿਲਾ ਪੈਨਲਟੀ ਕਾਰਨਰ ਮਿਲਿਆ ਪਰ ਹਰਮਨਪ੍ਰੀਤ ਦੀ ਕੋਸ਼ਿਸ਼ ਨੂੰ ਪਹਿਲੇ ਰਸ਼ਰ ਨੇ ਬਚਾ ਲਿਆ। ਤੀਜੇ ਕੁਆਰਟਰ ਦੇ ਅੰਤ ਵਿੱਚ, ਦਿਲਪ੍ਰੀਤ ਨੇ ਭਾਰਤ ਲਈ ਇੱਕ ਹੋਰ ਗੋਲ ਕੀਤਾ। ਹਰਮਨਪ੍ਰੀਤ ਨੇ ਫ੍ਰੀ ਹਿੱਟ 'ਤੇ ਗੇਂਦ ਰਾਜਕੁਮਾਰ ਪਾਲ ਨੂੰ ਪਾਸ ਕੀਤੀ ਜਿਸਨੇ ਗੇਂਦ ਦਿਲਪ੍ਰੀਤ ਨੂੰ ਦੇ ਦਿੱਤੀ ਅਤੇ ਉਸਨੇ ਗੋਲ ਕਰਨ ਵਿੱਚ ਕੋਈ ਗਲਤੀ ਨਹੀਂ ਕੀਤੀ। ਪੰਜ ਮਿੰਟ ਬਾਅਦ, ਭਾਰਤ ਨੂੰ ਇੱਕ ਹੋਰ ਪੈਨਲਟੀ ਕਾਰਨਰ ਮਿਲਿਆ ਜਿਸਨੂੰ ਰੋਹਿਦਾਸ ਨੇ ਬਦਲਿਆ। ਆਖਰੀ ਮਿੰਟਾਂ ਵਿੱਚ ਕੋਰੀਆ ਲਈ ਸੋਨ ਨੇ ਇੱਕੋ ਇੱਕ ਗੋਲ ਕੀਤਾ। ਮਲੇਸ਼ੀਆ ਨੇ ਚੀਨ ਨੂੰ 3-0 ਨਾਲ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ। ਜਾਪਾਨ ਨੇ ਬੰਗਲਾਦੇਸ਼ ਨੂੰ ਹਰਾ ਕੇ ਪੰਜਵਾਂ ਸਥਾਨ ਹਾਸਲ ਕੀਤਾ।

### ਭਾਰਤੀ ਖੇਡਾਂ ਲਈ ਮਾਣਮੱਤਾ ਪਲ : ਮੋਦੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਏਸ਼ੀਆ ਕੱਪ ਜਿੱਤਣ 'ਤੇ ਸ਼ਾਨਦਾਰ ਪ੍ਰਦਰਸ਼ਨ ਲਈ ਭਾਰਤੀ ਪੁਰਸ਼ ਹਾਕੀ ਟੀਮ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਭਾਰਤੀ ਹਾਕੀ ਅਤੇ ਭਾਰਤੀ ਖੇਡਾਂ ਲਈ ਮਾਣਮੱਤਾ ਪਲ ਹੈ।

### ਅਸੀਂ ਖੇਡ ਨੂੰ ਬਿਹਤਰ ਢੰਗ ਨਾਲ ਕੰਟਰੋਲ ਕੀਤਾ: ਕੋਚ ਫੁਲਟਨ

ਭਾਰਤੀ ਪੁਰਸ਼ ਹਾਕੀ ਕੋਚ ਕ੍ਰੇਗ ਫੁਲਟਨ ਨੇ ਕਿਹਾ ਕਿ ਸਾਨੂੰ ਆਪਣੇ ਮੁੰਡਿਆਂ 'ਤੇ ਬਹੁਤ ਮਾਣ ਹੈ। ਅਸੀਂ ਖੇਡ ਨੂੰ ਬਿਹਤਰ ਢੰਗ ਨਾਲ ਕੰਟਰੋਲ ਕੀਤਾ, ਅਤੇ ਅਸੀਂ ਥੋੜ੍ਹੇ ਜ਼ਿਆਦਾ ਸਬਰ ਵਾਲੇ ਸੀ। ਅਸੀਂ ਬਹੁਤ ਸਾਰੇ ਮੌਕੇ ਬਣਾਏ, ਪਰ ਅਸੀਂ ਚਾਰ ਗੋਲ ਕੀਤੇ, ਜੋ ਕਿ ਪਿਛਲੀ ਰਾਤ ਜਦੋਂ ਅਸੀਂ ਉਨ੍ਹਾਂ ਨਾਲ ਖੇਡੇ ਸੀ ਉਸ ਨਾਲੋਂ ਕਿਤੇ ਜ਼ਿਆਦਾ ਸਨ। ਕੋਰੀਆ ਇੱਕ ਚੰਗੀ ਟੀਮ ਹੈ। ਉਹ ਡੂੰਘਾਈ ਨਾਲ ਖੇਡਦੇ ਹਨ, ਉਹ ਰੱਖਿਆਤਮਕ ਖੇਡਦੇ ਹਨ। ਉਨ੍ਹਾਂ ਨੂੰ ਤੋੜਨਾ ਮੁਸ਼ਕਿਲ ਹੈ, ਪਰ ਅਸੀਂ ਆਪਣੇ ਮੌਕੇ ਲਏ ਅਤੇ ਫਾਈਨਲ ਵਿੱਚ 4 ਗੋਲ ਕਾਫ਼ੀ ਹਨ ।

# ਹਾਕੀ ਦੀ ਨਵੀਂ ਪੌਦ ਨੂੰ ਜਾਗ ਲਾਉਣ 'ਚ ਵੀ ਸ.ਫਲ ਰਿਹਾ ਏਸ਼ੀਆ ਕੱਪ

ਨਵਦੀਪ ਸਿੰਘ ਗਿੱਲ







ਰਾਜਗੀਰ (ਬਿਹਾਰ) ਵਿੱਚ ਏਸ਼ੀਆ ਕੱਪ ਦੀ ਜਿੱਤ ਨਾਲ ਜਿੱਥੇ ਭਾਰਤ ਨੇ ਅਗਲੇ ਸਾਲ ਬੈਲਜੀਅਮ ਅਤੇ ਹਾਲੈਂਡ ਦੀ ਸਾਂਝੀ ਮੇਜ਼ਬਾਨੀ ਵਿੱਚ ਹੋਣ ਵਾਲੇ ਹਾਕੀ ਵਿਸ਼ਵ ਕੱਪ ਲਈ ਸਿੱਧਾ ਕੁਆਲੀਫਾਈ ਕਰ ਲਿਆ ਹੈ, ਉਥੇ ਭਾਰਤ ਨੇ ਏਸ਼ੀਅਨ ਹਾਕੀ ਵਿੱਚ ਆਪਣੀ ਬਾਦਸ਼ਾਹਤ ਵੀ ਪੂਰੀ ਤਰ੍ਹਾਂ ਕਾਇਮ ਕਰ ਲਈ। ਭਾਰਤ ਨੇ ਫਾਈਨਲ ਮੈਚ ਵਿੱਚ ਕੋਰੀਆ ਨੂੰ 4-1 ਨਾਲ ਹਰਾ ਕੇ ਏਸ਼ੀਆ ਕੱਪ ਜਿੱਤਿਆ। ਦਿਲਪ੍ਰੀਤ ਸਿੰਘ ਨੇ ਦੋ ਗੋਲ ਕੀਤੇ। ਸੁਖਜੀਤ ਸਿੰਘ ਅਤੇ ਅਮਿਤ ਰੋਹੀਦਾਸ ਨੇ ਇੱਕ-ਇੱਕ ਗੋਲ ਕੀਤਾ। ਭਾਰਤ ਅਜਿਹਾ ਇਕਲੌਤਾ ਏਸ਼ੀਅਨ ਮੁਲਕ ਬਣ ਗਿਆ ਹੈ ਜਿਸ ਨੇ ਹਾਕੀ ਵਿੱਚ ਏਸ਼ੀਆ ਦੇ ਤਿੰਨੇ ਵੱਡੇ ਟੂਰਨਾਮੈਂਟ ਇੱਕੋ ਸਮੇਂ ਜਿੱਤੇ ਹਨ। ਭਾਰਤ ਨੇ 2023 ਵਿੱਚ ਹਾਂਗਜ਼ੂ ਏਸ਼ਿਆਈ ਖੇਡਾਂ (ਚੀਨ) ਅਤੇ 2024 ਵਿੱਚ ਹੂਲਨੁਬਿਓਰ (ਚੀਨ) ਵਿੱਚ ਏਸ਼ੀਅਨ ਹਾਕੀ ਚੈਂਪੀਅਨਜ਼ ਟਰਾਫੀ ਵਿੱਚ ਸੋਨ ਤਗ਼ਮਾ ਜਿੱਤਣ ਤੋਂ ਬਾਅਦ ਹੁਣ 2025 ਵਿੱਚ ਏਸ਼ੀਆ ਕੱਪ ਜਿੱਤ ਲਿਆ ਹੈ। ਇਹ ਭਾਰਤ ਦਾ ਚੌਥਾ ਏਸ਼ੀਆ ਕੱਪ ਖਿਤਾਬ ਹੈ। ਇਨ੍ਹਾਂ ਤਿੰਨਾਂ ਟੂਰਨਾਮੈਂਟਾਂ ਨੂੰ ਮਿਲਾ ਕੇ ਏਸ਼ੀਆ ਵਿੱਚ ਇਹ ਭਾਰਤ ਦਾ 13ਵਾਂ ਖਿਤਾਬ ਹੈ।

ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਰਾਜਗੀਰ ਸਪੋਰਟਸ ਕੰਪਲੈਕਸ ਜਿੱਥੇ ਇੱਕ ਹਫ਼ਤੇ ਤੋਂ ਏਸ਼ੀਅਨ ਹਾਕੀ ਦੀਆਂ ਸੁਰਖ਼ੀਆਂ ਦਾ ਕੇਂਦਰ ਬਣਿਆ ਰਿਹਾ, ਉਥੇ ਰਾਜਗੀਰ ਖੇਤਰ ਸਮੇਤ ਸਮੁੱਚੇ ਬਿਹਾਰ ਦੇ ਖੇਡ ਪ੍ਰੇਮੀਆਂ ਦਾ ਕੇਂਦਰ ਵੀ ਬਣਿਆ ਰਿਹਾ। ਏਸ਼ੀਆ ਕੱਪ ਕੌਮੀ ਖੇਡ ਹਾਕੀ ਦੀ ਨਵੀਂ ਪੌਦ ਨੂੰ ਜਾਗ ਲਾਉਣ ਵਿੱਚ ਵੀ ਸਫਲ ਰਿਹਾ ਹੈ। ਹਾਕੀ ਅਤੇ ਬਿਹਾਰ ਦਾ ਕੋਈ ਗੂੜ੍ਹਾ ਰਿਸ਼ਤਾ ਨਹੀਂ ਰਿਹਾ ਹੈ ਪਰ ਰਾਜਗੀਰ ਵਿੱਚ ਮਹਿਲਾ ਏਸ਼ੀਅਨ ਚੈਂਪੀਅਨਜ਼ ਟਰਾਫੀ ਤੋਂ ਬਾਅਦ ਪੁਰਸ਼ਾਂ ਦੇ ਏਸ਼ੀਆ ਕੱਪ ਕਰਵਾਉਣ ਤੋਂ ਬਾਅਦ ਅੱਠ ਵਰ੍ਹਿਆਂ ਦਾ ਆਰੁਸ਼ ਤੇ ਸੱਤ ਵਰ੍ਹਿਆਂ ਦੀ ਅਨੰਨਿਆ ਹਾਕੀ ਨਾਲ ਪੂਰੀ ਤਰ੍ਹਾਂ ਜੁੜ ਗਏ ਹਨ। ਇਸ ਤੋਂ ਪਹਿਲਾਂ ਦੋਵਾਂ ਨੇ ਹਾਕੀ ਖੇਡਣੀ ਦੇਖਣੀ ਤਾਂ ਇਕ ਪਾਸੇ, ਬਲਕਿ ਹਾਕੀ ਦਾ ਨਾਮ ਵੀ ਨਹੀਂ ਸੀ ਸੁਣਿਆ। ਦੋਵੇਂ ਨਿਆਣੇ ਆਪੋ-ਆਪਣੇ ਮਾਪਿਆਂ ਦੀ ਉਂਗਲ ਫੜੀ ਰਾਜਗੀਰ ਸਪੋਰਟਸ ਕੰਪਲੈਕਸ ਦੇ ਬਾਹਰ ਦਰਸ਼ਕਾਂ ਦੀਆਂ ਲੰਮੀਆਂ ਲਾਈਨਾਂ ਵਿੱਚ ਚਾਵਾਂ ਨਾਲ ਮੈਚ ਦੇਖਣ ਆਉਂਦੇ ਰਹੇ। ਬਿਹਾਰ ਵੱਲੋਂ ਰਗਬੀ ਖੇਡ ਵਿੱਚ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਸੋਨ ਤਗ਼ਮਾ ਅਤੇ ਕੌਮੀ ਖੇਡਾਂ ਵਿੱਚ ਚਾਂਦੀ ਦਾ ਤਗ਼ਮਾ ਜਿੱਤਣ ਵਾਲੀਆਂ ਪੰਜ ਖਿਡਾਰਨਾਂ- ਕਾਜਲ, ਸੰਧਿਆ, ਸੋਨਾਲੀ, ਅਰਚਨਾ ਤੇ ਨੇਹਾ, ਜੋ ਹਾਲ ਹੀ ਵਿੱਚ ਬਿਹਾਰ ਪੁਲੀਸ ਵਿੱਚ ਏਐੱਸਆਈ ਭਰਤੀ ਹੋਈਆਂ, ਰਾਜਗੀਰ ਵਿੱਚ ਡਿਊਟੀ ਨਿਭਾਅ ਰਹੀਆਂ ਹਨ। ਉਹ ਪੁਲੀਸ ਡਿਊਟੀ ਦੇ ਮੁਕਾਬਲੇ ਏਸ਼ੀਆ ਕੱਪ ਦੀ ਡਿਊਟੀ ਕਰ ਕੇ ਬਹੁਤ ਖੁਸ਼ ਸਨ।

ਭਾਰਤੀ ਟੀਮ ਦਾ ਦਮਦਾਰ ਪ੍ਰਦਰਸ਼ਨ ਵੀ ਦਰਸ਼ਕਾਂ ਲਈ ਹਾਕੀ ਪ੍ਰਤੀ ਖਿੱਚ ਦਾ ਇਕ ਕਾਰਨ ਰਿਹਾ। ਏਸ਼ੀਆ ਕੱਪ ਵਿੱਚ ਭਾਰਤੀ ਟੀਮ ਅਜੇਤੂ ਰਹੀ। ਕੋਰੀਆ ਨਾਲ ਸੁਪਰ ਚਾਰ ਦਾ ਇੱਕ ਮੈਚ ਡਰਾਅ ਖੇਡਣ ਤੋਂ ਇਲਾਵਾ ਭਾਰਤ ਨੇ ਆਪਣੇ ਖੇਡੇ ਬਾਕੀ ਛੇ ਮੈਚਾਂ ਵਿੱਚ ਜਿੱਤ ਹਾਸਲ ਕੀਤੀ।

(ਬਾਕੀ ਸ.ਫਾ 27 'ਤੇ)

# ਪੰਜਾਬੀਆਂ ਦਾ ਮਾਣ ਹੈ ਦਿਲਜੀਤ ਦੋਸਾਂਝ





ਪੰਜਾਬੀ ਸੰਗੀਤ ਉਦਯੋਗ ਤੋਂ ਆਪਣਾ ਕੈਰੀਅਰ ਸ਼ੁਰੂ ਕਰਨ ਵਾਲੇ ਦਿਲਜੀਤ ਦੋਸਾਂਝ ਅੱਜ ਨਾ ਸਿਰਫ਼ ਇੱਕ ਗਾਇਕ ਵਜੋਂ, ਸਗੋਂ ਇੱਕ ਬਹੁ-ਪ੍ਰਤਿਭਾਸ਼ਾਲੀ ਮਨੋਰੰਜਨਕਰਤਾ ਵਜੋਂ ਵੀ ਜਾਣੇ ਜਾਂਦੇ ਹਨ। ਉਸਦਾ ਨਾਮ ਹੁਣ ਨਾ ਸਿਰਫ਼ ਭਾਰਤ ਵਿੱਚ ਸਗੋਂ ਅੰਤਰਰਾਸ਼ਟਰੀ ਸੰਗੀਤ ਜਗਤ ਵਿੱਚ ਵੀ ਮਸ਼ਹੂਰ ਹੈ। ਭਾਵੇਂ ਉਹ ਲਾਈਵ ਕੰਸਰਟ ਹੋਣ ਜਾਂ ਵੱਡੇ ਫ਼ਿਲਮ ਪ੍ਰੋਜੈਕਟ, ਦਿਲਜੀਤ ਹਰ ਸਟੇਜ ’ਤੇ ਆਪਣੀ ਮੌਜੂਦਗੀ ਦਾ ਇੱਕ ਮਜ਼ਬੂਤ ਪ੍ਰਭਾਵ ਛੱਡਦਾ ਹੈ।

ਉਸਦੀ ਆਵਾਜ਼ ਅਤੇ ਪ੍ਰਦਰਸ਼ਨ ਵਿੱਚ ਊਰਜਾ ਹਰ ਉਮਰ ਦੇ ਦਰਸ਼ਕਾਂ ਨੂੰ ਆਕਰਸ਼ਿਤ ਕਰਦੀ ਹੈ। ਦਿਲਜੀਤ ਨੇ ਉੜਤਾ ਪੰਜਾਬ, ਗੁੱਡ ਨਿਊਜ਼ ਅਤੇ ਸੂਰਜ ਪੇ ਮੰਗਲ ਭਾਰੀ ਵਰਗੀਆਂ ਫ਼ਿਲਮਾਂ ਵਿੱਚ ਕੰਮ ਕਰਕੇ ਸਾਬਤ ਕੀਤਾ ਕਿ ਉਹ ਸਿਰਫ਼ ਇੱਕ ਗਾਇਕ ਹੀ ਨਹੀਂ ਹੈ, ਸਗੋਂ ਇੱਕ ਮਹਾਨ ਅਦਾਕਾਰ ਵੀ ਹੈ। ਦੱਸਿਆ ਜਾ ਰਿਹਾ ਹੈ ਕਿ ਹੁਣ ਉਸਨੇ ਆਪਣੀ ਦੂਜੀ ਸਭ ਤੋਂ ਵੱਧ ਉਡੀਕੀ ਜਾਣ ਵਾਲੀ ਫ਼ਿਲਮ ‘ਬਾਰਡਰ 2’ ਦੀ ਸ਼ੂਟਿੰਗ ਪੂਰੀ ਕਰ ਲਈ ਹੈ, ਇਹ ਫ਼ਿਲਮ ਵੀ ਅਗਲੇ ਸਾਲ ਜਨਵਰੀ ਵਿੱਚ ਰਿਲੀਜ਼ ਹੋਣ ਜਾ ਰਹੀ ਹੈ।

**ਕਈ ਲਗਜ਼ਰੀ ਗੱਡੀਆਂ ਦੇ ਮਾਲਕ ਹਨ ਦਿਲਜੀਤ**

ਦਿਲਜੀਤ ਦੀ ਸਫ਼ਲਤਾ ਸਿਰਫ਼ ਫ਼ਿਲਮਾਂ ਜਾਂ ਸੰਗੀਤ ਐਲਬਮਾਂ ਤੱਕ ਸੀਮਿਤ ਨਹੀਂ ਹੈ। ਉਸਨੇ ਡਿਜੀਟਲ ਪਲੇਟਫ਼ਾਰਮਾਂ ਅਤੇ ਵੱਡੇ ਬ੍ਰਾਂਡਾਂ ਨਾਲ ਕਰੋੜਾਂ ਦੇ ਸੌਦੇ ਕੀਤੇ ਹਨ। ਉਸਦੇ ਕੋਲ ਕਈ ਲਗਜ਼ਰੀ ਕਾਰਾਂ ਹਨ, ਜੋ ਉਸਦੀ ਜੀਵਨ ਸ਼ੈਲੀ ਦੀ ਝਲਕ ਦਿੰਦੀਆਂ ਹਨ। ਇਸ ਤੋਂ ਇਲਾਵਾ ਉਸਦਾ ਰੀਅਲ ਅਸਟੇਟ ਪੋਰਟਫ਼ੋਲੀਓ ਕਾਫ਼ੀ ਪ੍ਰਭਾਵਸ਼ਾਲੀ ਹੈ, ਜਿਸ ਵਿੱਚ ਕੈਲੀਫ਼ੋਰਨੀਆ ਵਿੱਚ ਇੱਕ ਲਗਜ਼ਰੀ ਡੁਪਲੈਕਸ, ਟੋਰਾਂਟੋ ਵਿੱਚ ਇੱਕ ਬੰਗਲਾ, ਲੁਧਿਆਣਾ ਵਿੱਚ ਇੱਕ ਪਰਿਵਾਰਕ ਘਰ ਅਤੇ ਮੁੰਬਈ ਦੇ ਖਾਰ ਖੇਤਰ ਵਿੱਚ ਇੱਕ ਉੱਚ ਪੱਧਰੀ ਅਪਾਰਟਮੈਂਟ ਉਸਦੇ ਨਾਮ ’ਤੇ ਰਜਿਸਟਰਡ ਹੈ।

**ਇੱਕ ਕੰਸਰਟ ਤੋਂ ਮਿਲਦੇ ਹਨ 4-5 ਕਰੋੜ**

ਲਾਈਵ ਸ਼ੋਅ ਅਤੇ ਅੰਤਰਰਾਸ਼ਟਰੀ ਟੂਰ ਦਿਲਜੀਤ ਦੀ ਆਮਦਨ ਦਾ ਇੱਕ ਮਹੱਤਵਪੂਰਨ ਸਰੋਤ ਹਨ। ਰਿਪੋਰਟਾਂ ਅਨੁਸਾਰ, ਉਹ ਇੱਕ ਕੰਸਰਟ ਲਈ 4 ਤੋਂ 5 ਕਰੋੜ ਚਾਰਜ ਕਰਦਾ ਹੈ। ਉਸਦੇ ਸ਼ੋਅ ਨਾ ਸਿਰਫ਼ ਭਾਰਤ ਵਿੱਚ ਸਗੋਂ ਕੈਨੇਡਾ, ਯੂਕੇ ਅਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਵੀ ਹਾਊਸਫ਼ੁੱਲ ਹਨ। ਉਸਦਾ ਸੰਗੀਤ ਭਾਰਤੀ ਪ੍ਰਵਾਸੀਆਂ ਵਿੱਚ ਵੀ ਬਹੁਤ ਮਸ਼ਹੂਰ ਹੈ, ਜਿਸ ਕਾਰਨ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਉਸਦੀ ਬ੍ਰਾਂਡ ਵੈਲਯੂ ਲਗਾਤਾਰ ਵੱਧ ਰਹੀ ਹੈ।

**2025 ’ਚ ਕੁੱਲ ਨੈੱਟਵਰਥ ਪੁੱਜੀ 172 ਕਰੋੜ ਤੋਂ ਪਾਰ**

ਮੀਡੀਆ ਰਿਪੋਰਟਾਂ ਅਨੁਸਾਰ, ਸਾਲ 2025 ਵਿੱਚ ਦਿਲਜੀਤ ਦੋਸਾਂਝ ਦੀ ਕੁੱਲ ਨੈੱਟਵਰਥ 172 ਕਰੋੜ ਤੋਂ ਵੱਧ ਹੋਣ ਦਾ ਅਨੁਮਾਨ ਹੈ। ਇਸ ਵਿੱਚ ਫ਼ਿਲਮਾਂ, ਸੰਗੀਤ ਐਲਬਮਾਂ, ਲਾਈਵ ਕੰਸਰਟਾਂ, ਬ੍ਰਾਂਡ ਐਂਡੋਰਸਮੈਂਟ ਅਤੇ ਡਿਜੀਟਲ ਪਲੇਟਫ਼ਾਰਮਾਂ ਤੋਂ ਕਮਾਈ ਸ਼ਾਮਲ ਹੈ। ਉਹ ਉਨ੍ਹਾਂ ਕੁਝ ਭਾਰਤੀ ਕਲਾਕਾਰਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਸੰਗੀਤ ਅਤੇ ਅਦਾਕਾਰੀ ਦੋਵਾਂ ਵਿੱਚ ਬਰਾਬਰ ਉਚਾਈਆਂ ਪ੍ਰਾਪਤ ਕੀਤੀਆਂ ਹਨ।

**ਸਿਰਫ਼ ਇੱਕ ਗਾਇਕ ਤੱਕ ਹੀ ਸੀਮਤ ਨਹੀਂ ਹੈ ਦਿਲਜੀਤ**

ਦਿਲਜੀਤ ਦੋਸਾਂਝ ਨੇ ਆਪਣੇ ਆਪ ਨੂੰ ਇੱਕ ਬਹੁ-ਆਯਾਮੀ ਕਲਾਕਾਰ ਵਜੋਂ ਸਥਾਪਿਤ ਕੀਤਾ ਹੈ। ਉਸਦੀ ਸੂਝ, ਸਖ਼ਤ ਮਿਹਨਤ ਅਤੇ ਰਣਨੀਤਕ ਕੈਰੀਅਰ ਦੀਆਂ ਚਾਲਾਂ ਹੀ ਉਸ ਨੂੰ ਕਰੋੜਾਂ ਦੀ ਕੁੱਲ ਜਾਇਦਾਦ ਅਤੇ ਅੰਤਰਰਾਸ਼ਟਰੀ ਮਾਨਤਾ ਦਿੰਦੀਆਂ ਹਨ। ਹਰ ਨਵੀਂ ਫ਼ਿਲਮ, ਐਲਬਮ ਜਾਂ ਕੰਸਰਟ ਦੇ ਨਾਲ ਉਹ ਆਪਣੇ ਪ੍ਰਸ਼ੰਸਕਾਂ ਨੂੰ ਕੁਝ ਨਵਾਂ ਦੇਣ ਦੀ ਕੋਸ਼ਿਸ਼ ਕਰਦਾ ਹੈ ਅਤੇ ਇਹ ਉਸਦੀ ਸਭ ਤੋਂ ਵੱਡੀ ਤਾਕਤ ਹੈ।

# ਸਹੀ ਦਿਸ਼ਾ ’ਚ ਜਾ ਰਿਹੈ ਪੰਜਾਬੀ ਸਿਨੇਮਾ: ਗੀਤਾ ਬਸਰਾ



ਅਦਾਕਾਰਾ ਗੀਤਾ ਬਸਰਾ ਨੇ ਕਿਹਾ ਕਿ ਪੰਜਾਬੀ ਸਿਨੇਮਾ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਉਸ ਨੇ ਕਿਹਾ ਕਿ ਪੰਜਾਬੀ ਸਿਨੇਮਾ ਭਾਰਤ ਵਿਚਲੀਆਂ ਸਾਰੀਆਂ ਖੇਤਰੀ ਫ਼ਿਲਮਾਂ ਵਿੱਚੋਂ ਤੇਜ਼ੀ ਨਾਲ ਉੱਭਰ ਕੇ ਅੱਗੇ ਆ ਰਿਹਾ ਹੈ। ਅਦਾਕਾਰਾ ਦੀਆਂ ਫ਼ਿਲਮਾਂ ‘ਦਿ ਟਰੇਨ’ ਅਤੇ ‘ਦਿਲ ਦੀਆ ਹੈ’ ਦੀ ਕਾਫ਼ੀ ਸ਼ਲਾਘਾ ਹੋਈ ਸੀ। ਉਹ ਹੁਣ ਕਰੀਬ ਦਹਾਕੇ ਮਗਰੋਂ ‘ਮਿਹਰ’ ਫ਼ਿਲਮ ਵਿੱਚ ਦੁਬਾਰਾ ਨਜ਼ਰ ਆਵੇਗੀ। ਇਸ ਫ਼ਿਲਮ ਦੇ ਲੇਖਕ ਅਤੇ ਨਿਰਦੇਸ਼ਕ ਰਾਕੇਸ਼ ਮਹਿਤਾ ਹਨ। ਗੀਤਾ ਨੇ ਕਿਹਾ ਕਿ ਦਰਸ਼ਕ ਇੱਕੋ ਤਰ੍ਹਾਂ ਦੀਆਂ ਫ਼ਿਲਮਾਂ ਦੇਖ ਕੇ ਅੱਕ ਚੁੱਕੇ ਹਨ। ਉਹ ਹੁਣ ਅਸਲੀ ਅਤੇ ਨਵੇਂ ਵਿਸ਼ਿਆਂ ’ਤੇ ਆਧਾਰਿਤ ਫ਼ਿਲਮਾਂ ਦੇਖਣੀਆਂ ਚਾਹੁੰਦੇ ਹਨ। ਪੰਜਾਬੀ ਸਿਨੇਮਾ ਲੋਕਾਂ ਦੀ ਇਸ ਮੰਗ ’ਤੇ ਖ਼ਰਾ ਉੱਤਰ ਰਿਹਾ ਹੈ। ਇੰਟਰਵਿਊ ਵਿੱਚ ਗੀਤਾ ਨੇ ਕਿਹਾ ਕਿ ਜੇ ਭਾਰਤ ਦੀਆਂ ਖੇਤਰੀ ਫ਼ਿਲਮਾਂ ਦੀ ਗੱਲ ਕੀਤੀ ਜਾਵੇ ਤਾਂ ਪੰਜਾਬੀ ਸਿਨੇਮਾ ਸਭ ਤੋਂ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਪੰਜਾਬੀ ਸਿਨੇਮਾ ਸਹੀ ਦਿਸ਼ਾ ਵਿੱਚ ਜਾ ਰਿਹਾ ਹੈ, ਇਸੇ ਸਦਕਾ ਅੱਜ ਬਹੁਤ ਹੀ ਚੰਗੀਆਂ ਫ਼ਿਲਮਾਂ ਬਣ ਰਹੀਆਂ ਹਨ। ਉਸ ਨੇ ਕਿਹਾ ਕਿ ਲੋਕ ਇੱਕੋ ਤਰ੍ਹਾਂ ਦੀਆਂ ਫ਼ਿਲਮਾਂ ਦੇਖ-ਦੇਖ ਅੱਕ ਚੁੱਕੇ ਸਨ। ਉਹ ਨਵੇਂ ਵਿਸ਼ਿਆਂ ’ਤੇ ਆ ਰਹੀਆਂ ਫ਼ਿਲਮਾਂ ਨੂੰ ਪਸੰਦ ਕਰ ਰਹੇ ਹਨ। ਉਸ ਨੇ ਕਿਹਾ ਕਿ ਪੰਜਾਬੀ ਫ਼ਿਲਮਾਂ ਅੱਜ ਉਹ ਸਥਾਨ ਹਾਸਲ ਕਰ ਗਈਆਂ ਹਨ ਕਿ ਲੋਕ ਫ਼ਿਲਮ ਦੇਖਣ ਲਈ ਸਿਨੇਮਾ ਘਰਾਂ ’ਚ ਜਾ ਰਹੇ ਹਨ। ਇਹ ਹੀ ਸਿਨੇਮਾ ਦੀ ਖ਼ੂਬਸੂਰਤੀ ਹੈ। ਇਸ ਫ਼ਿਲਮ ਦਾ ਨਿਰਦੇਸ਼ਨ ਰਾਕੇਸ਼ ਮਹਿਤਾ ਵੱਲੋਂ ਕੀਤਾ ਗਿਆ ਹੈ। ਇਸ ਫ਼ਿਲਮ ਵਿੱਚ ਬ੍ਰਿਟਿਸ਼-ਭਾਰਤੀ ਕਾਰੋਬਾਰੀ ਰਾਜ ਕੁੰਦਰਾ ਵੀ ਨਜ਼ਰ ਆਵੇਗਾ। ਉਹ ਇਸ ਫ਼ਿਲਮ ਤੋਂ ਆਪਣੇ ਅਦਾਕਾਰੀ ਦੇ ਸਫ਼ਰ ਦੀ ਸ਼ੁਰੂਆਤ ਕਰ ਰਿਹਾ ਹੈ।

# ਕੀ ਗਿਆਨ ਅਤੇ ਸਿੱਖਿਆ ਦੇਣ ਵਾਲੀਆਂ ਫ਼ਿਲਮਾਂ ਨੂੰ ਪਸੰਦ ਨਹੀਂ ਕਰਦੇ ਦਰਸ਼ਕ ?

## ਜ਼ਿਆਦਾਤਰ ਫ਼ਿਲਮਾਂ ਵਿੱਚ ਮਾਰ ਧਾੜ, ਲੜਾਈ, ਡਕੈਤੀ ਆਦਿ ਦੇ ਦਿਖਾਏ ਜਾਂਦੇ ਹਨ ਦ੍ਰਿਸ਼


ਭਾਰਤ ਵਿੱਚ ਫ਼ਿਲਮੀ ਦੁਨੀਆਂ ਦੀ ਚਕਾਚੌਂਧ ਬਹੁਤ ਹੈ, ਹਰ ਸਾਲ ਵੱਡੀ ਗਿਣਤੀ ਫ਼ਿਲਮਾਂ ਬਣਦੀਆਂ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਫ਼ਿਲਮਾਂ ਵਿੱਚ ਮਾਰ ਧਾੜ, ਲੜਾਈ ਆਦਿ ਦੇ ਦ੍ਰਿਸ਼ ਦਿਖਾਏ ਜਾਂਦੇ ਹਨ। ਆਧੁਨਿਕ ਸਮੇਂ ਵਿੱਚ ਲੜਾਈ ਅਤੇ ਡਕੈਤੀਆਂ ਦੇ ਦ੍ਰਿਸ਼ ਵੀ ਆਧੁਨਿਕ ਤਰੀਕਿਆਂ ਨਾਲ ਦਿਖਾਏ ਜਾਂਦੇ ਹਨ। ਅਜਿਹੇ ਦ੍ਰਿਸ਼ ਦਰਸ਼ਕਾਂ ਵੱਲੋਂ ਪਸੰਦ ਵੀ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਭਾਰਤ ਵਿੱਚ ਬਣਦੀਆਂ ਫ਼ਿਲਮਾਂ ਵਿੱਚ ਹਾਲੀਵੁੱਡ ਫ਼ਿਲਮਾਂ ਦੀ ਨਕਲ ’ਤੇ ਵੀ ਕਈ ਦ੍ਰਿਸ਼ ਦਿਖਾਏ ਜਾਂਦੇ ਹਨ। ਕਈ ਫ਼ਿਲਮਾਂ ਵਿੱਚ ਤਾਂ ਚੰਗੇ ਦ੍ਰਿਸ਼ ਹੁੰਦੇ ਹਨ ਪਰ ਜ਼ਿਆਦਾਤਰ ਫ਼ਿਲਮਾਂ ਵਿੱਚ ਅਸ਼ਲੀਲ ਅਤੇ ਦੋਹਰੇ ਅਰਥਾਂ ਵਾਲੇ ਦ੍ਰਿਸ਼ ਅਤੇ ਸੰਵਾਦ ਹੁੰਦੇ ਹਨ। ਕਈ ਫ਼ਿਲਮਾਂ ਦੀ ਕਹਾਣੀ ਹੀ ਘਟੀਆ ਹੁੰਦੀ ਹੈ ਅਤੇ ਸਾਰੀ ਫ਼ਿਲਮ ਦੇਖ ਕੇ ਪਤਾ ਹੀ ਨਹੀਂ ਚਲਦਾ ਕਿ ਫ਼ਿਲਮ ਬਣਾਉਣ ਵਾਲੇ ਕਹਿਣਾ ਕੀ ਚਾਹੁੰਦੇ ਹਨ। ਇਸੇ ਕਾਰਨ ਅਨੇਕਾਂ ਫ਼ਿਲਮਾਂ ਦਰਸ਼ਕਾਂ ਵੱਲੋਂ ਨਾਪਸੰਦ ਕਰ ਦਿੱਤੀਆਂ ਜਾਂਦੀਆਂ ਹਨ।

ਹੈਰਾਨੀ ਤਾਂ ਇਸ ਗਲ ਦੀ ਹੈ ਕਿ ਇੱਕ ਪਾਸੇ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਭਾਰਤ ਵਿੱਚ ਫ਼ਿਲਮਾਂ ਬਣਦੀਆਂ ਹਨ, ਦੂਜੇ ਪਾਸੇ ਕੋਈ ਵੀ ਫ਼ਿਲਮ ਸਮਾਜ ਨੂੰ ਚੰਗਾ ਸੰਦੇਸ਼ ਦੇਣ ਵਿੱਚ ਕਾਮਯਾਬ ਨਹੀਂ ਹੁੰਦੀ।

ਜੇ ਕੋਸ਼ਿਸ਼ ਕੀਤੀ ਜਾਵੇ ਤਾਂ ਫ਼ਿਲਮਾਂ ਨੂੰ ਵੀ ਚੰਗੀ ਸਿੱਖਿਆ ਦੇਣ ਦਾ ਸਾਧਨ ਬਣਾਇਆ ਜਾ ਸਕਦਾ ਹੈ। ਜਦੋਂ ਵੀ ਫ਼ਿਲਮੀ ਨਿਰਮਾਤਾ ਅਤੇ ਨਿਰਦੇਸ਼ਕ ਨੂੰ ਸਵਾਲ ਪੁੱਛਿਆ ਜਾਂਦਾ ਹੈ ਕਿ ਸਮਾਜ ਨੂੰ ਚੰਗੀ ਸੇਧ ਦੇਣ ਵਾਲੀਆਂ ਫ਼ਿਲਮਾਂ ਦੀ ਥਾਂ ਉਹ ਮਾਰਵਾੜ ਵਾਲੀਆਂ ਫ਼ਿਲਮਾਂ ਹੀ ਕਿਉਂ ਬਣਾਉਂਦੇ ਹਨ ਤਾਂ ਉਹਨਾਂ ਦਾ ਕਹਿਣਾ ਹੁੰਦਾ ਹੈ ਕਿ ਦਰਸ਼ਕ ਮਾਰਵਾੜ ਵਾਲੀਆਂ ਫ਼ਿਲਮਾਂ ਹੀ ਦੇਖਣਾ ਚਾਹੁੰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਚੰਗੀਆਂ ਫ਼ਿਲਮਾਂ ਨੂੰ ਦਰਸ਼ਕ ਪਸੰਦ ਨਹੀਂ ਕਰਦੇ, ਜਿਸ ਕਾਰਨ ਉਹਨਾਂ ਨੂੰ ਘਾਟਾ ਪੈ ਜਾਂਦਾ ਹੈ।

ਇਹ ਵੀ ਅਸਲੀਅਤ ਹੈ ਕਿ ਇਹ ਸਭ ਕੁਝ ਹੋਣ ਦੇ ਬਾਵਜੂਦ ਕੁਝ ਫ਼ਿਲਮ ਅਜਿਹੀਆਂ ਵੀ ਬਣਦੀਆਂ ਹਨ, ਜੋ ਕਿ ਚੰਗੀਆਂ ਕਹੀਆਂ ਜਾਂਦੀਆਂ ਹਨ, ਇਸ ਕਰਕੇ ਅਜਿਹੀਆਂ ਫ਼ਿਲਮਾਂ ਨੂੰ ਵੀ ਦਰਸ਼ਕਾਂ ਵੱਲੋਂ ਪਸੰਦ ਕੀਤਾ ਜਾਂਦਾ ਹੈ। ਪਰੰਤੂ ਇਹ ਫ਼ਿਲਮਾਂ ਮੋਟੀ ਕਮਾਈ ਕਰਨ ਵਿੱਚ ਅਸਫ਼ਲ ਰਹਿੰਦੀਆਂ ਹਨ, ਜਿਸ ਕਰਕੇ ਅਜਿਹੀਆਂ ਫ਼ਿਲਮਾਂ ਬਣਾਉਣ ਦੀ ਗਿਣਤੀ ਘੱਟ ਹੈ।

ਇੱਕ ਫ਼ਿਲਮ ਬਣਾਉਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਹਰ ਫ਼ਿਲਮ ਬਣਾਉਣ ਲਈ ਨਿਰਮਾਤਾ ਨੂੰ ਬਹੁਤ ਖ਼ਰਚਾ ਕਰਨਾ ਪੈਂਦਾ ਹੈ। ਕਈ ਵਾਰ ਕੁਝ ਵਿਅਕਤੀ ਮਿਲ ਕੇ ਫ਼ਿਲਮ ਬਣਾਉਂਦੇ ਹਨ ਅਤੇ ਕੁਝ ਫ਼ਿਲਮਾਂ ਨੂੰ ਵਿੱਤੀ ਕੰਪਨੀਆਂ ਵੱਲੋਂ ਫਾਇਨਾਂਸ ਕੀਤਾ ਜਾਂਦਾ ਹੈ। ਇਸ ਤਰਾਂ ਕਈ ਵਾਰ ਇੱਕ ਫ਼ਿਲਮ ਬਣਾਉਣ ਵਿੱਚ ਕਈ ਵਿਅਕਤੀਆਂ ਦਾ ਯੋਗਦਾਨ ਪੈ ਜਾਂਦਾ ਹੈ। ਅਕਸਰ ਪ੍ਰਸਿੱਧ ਕਲਾਕਾਰਾਂ ਨਾਲ ਬਣੀਆਂ




ਫ਼ਿਲਮਾਂ ਸਫ਼ਲ ਹੋ ਜਾਂਦੀਆਂ ਹਨ ਪਰ ਪ੍ਰਸਿੱਧ ਕਲਾਕਾਰ ਫ਼ਿਲਮ ਵਿੱਚ ਕੰਮ ਕਰਨ ਲਈ ਨਿਰਮਾਤਾ ਤੋਂ ਬਹੁਤ ਪੈਸੇ ਲੈਂਦੇ ਹਨ। ਇਸ ਤਰਾਂ ਇਕ ਨਿਰਮਾਤਾ ਦੀ ਪੂੰਜੀ ਫ਼ਿਲਮ ਬਣਾਉਣ ਰਾਹੀਂ ਸੜਕ ’ਤੇ ਹੁੰਦੀ ਹੈ ਅਤੇ ਹਰ ਨਿਰਮਾਤਾ ਨੂੰ ਆਸ ਹੁੰਦੀ ਹੈ ਕਿ ਉਸਦੀ ਫ਼ਿਲਮ ਸਫ਼ਲ ਰਹੇਗੀ, ਇਸ ਲਈ ਹਰ ਫ਼ਿਲਮ ਨੂੰ ਸਫ਼ਲ ਕਰਨ ਲਈ ਹਰ ਤਰਾਂ ਦਾ ਮਸਾਲਾ ਫ਼ਿਲਮ ਵਿੱਚ ਪਾਇਆ ਜਾਂਦਾ ਹੈ। ਅੱਜ ਕੱਲ੍ਹ ਜ਼ਿਆਦਾਤਰ ਫ਼ਿਲਮਾਂ ਅਜਿਹੀਆਂ ਬਣਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਹਰ ਉਮਰ ਵਰਗ ਦੇ ਲੋਕਾਂ ਲਈ ਕੁਝ ਨਾ ਕੁਝ ਹੁੰਦਾ ਹੈ। ਇਸੇ ਕਾਰਨ ਇਹ ਫ਼ਿਲਮਾਂ ਸਫ਼ਲ ਹੋ ਜਾਂਦੀਆਂ ਹਨ ਅਤੇ ਚੰਗੀ ਕਮਾਈ ਕਰਦੀਆਂ ਹਨ। ਫ਼ਿਲਮਾਂ ਦੇ ਹਿੱਟ ਹੋਣ ਨਾਲ ਨਿਰਮਾਤਾ ਨੂੰ ਵੀ ਫਾਇਦਾ ਹੁੰਦਾ ਹੈ ਅਤੇ ਕਲਾਕਾਰਾਂ ਦੇ ਨਾਮ ਨਾਲ ਇੱਕ ਹੋਰ ਹਿੱਟ ਫ਼ਿਲਮ ਜੁੜ ਜਾਂਦੀ ਹੈ।

ਕਈ ਵਾਰ ਵੱਖ ਵੱਖ ਫ਼ਿਲਮਾਂ ਵਿੱਚ ਅਜਿਹੇ ਦ੍ਰਿਸ਼ ਅਤੇ ਸੰਵਾਦ ਹੁੰਦੇ ਹਨ, ਜਿਸ ਕਾਰਨ ਵਿਵਾਦ ਪੈਦਾ ਹੋ ਜਾਂਦਾ ਹੈ। ਕੁਝ ਵਿਦਵਾਨ ਕਹਿੰਦੇ ਹਨ ਕਿ ਕੁਝ ਫ਼ਿਲਮਾਂ ਵਿੱਚ ਜਾਣ ਬੁੱਝ ਕੇ ਅਜਿਹੇ ਦ੍ਰਿਸ਼ ਪਾਏ ਜਾਂਦੇ ਹਨ, ਜਿਨ੍ਹਾਂ ਕਾਰਨ ਵਿਵਾਦ ਹੋਏ। ਨਿਰਮਾਤਾ ਦੀ ਸੋਚ ਇਹ ਹੁੰਦੀ ਹੈ ਕਿ ਵਿਵਾਦ ਪੈਦਾ ਹੋਣ ਨਾਲ ਫ਼ਿਲਮ ਹਿੱਟ ਹੋ ਜਾਵੇਗੀ ਅਤੇ ਕਈ ਵਾਰ ਨਿਰਮਾਤਾ ਵੱਲੋਂ ਆਪਣੇ ਬੰਦਿਆਂ ਰਾਹੀਂ ਹੀ ਕੋਈ ਨਾ ਕੋਈ ਵਿਵਾਦ ਖੜ੍ਹਾ ਕਰ ਦਿੱਤਾ ਜਾਂਦਾ ਹੈ ਤਾਂ ਕਿ ਫ਼ਿਲਮ ਦਾ ਮੁਫ਼ਤ ਵਿੱਚ ਪ੍ਰਚਾਰ ਹੋ ਸਕੇ। ਕਈ ਨਿਰਮਾਤਾਵਾਂ ਦੀ ਇਹ ਸੋਚ ਸਫ਼ਲ ਹੋ ਜਾਂਦੀ ਹੈ ਅਤੇ ਉਹਨਾਂ ਦੀ ਫ਼ਿਲਮ ਚਰਚਾ ਵਿੱਚ ਆ ਜਾਂਦੀ ਹੈ। ਵਿਵਾਦ ਪੈਦਾ ਹੋਣ ਕਾਰਨ ਕੁਝ ਦ੍ਰਿਸ਼ ਕੱਟਣ ਦਾ ਡਰਾਮਾ ਕੀਤਾ ਜਾਂਦਾ ਹੈ ਅਤੇ ਫ਼ਿਲਮਾਂ ਦੇ ਰਿਲੀਜ਼ ਹੋਣ ਤੋਂ ਬਾਅਦ ਅਕਸਰ ਅਜਿਹੇ ਵਿਵਾਦ ਦੂਰ ਹੋ ਜਾਂਦੇ ਹਨ।

ਕਈ ਫ਼ਿਲਮਾਂ ਵਿੱਚ ਜਾਣ ਬੁਝ ਕੇ ਕਿਸੇ ਨਾ ਕਿਸੇ ਧਰਮ ਖ਼ਿਲਾਫ਼ ਦਿਖਾਇਆ ਜਾਂਦਾ ਹੈ, ਜਦੋਂ ਵਿਵਾਦ ਪੈਦਾ ਹੋ ਜਾਂਦਾ ਹੈ ਤਾਂ ਉਹਨਾਂ ਦ੍ਰਿਸ਼ਾਂ ਨੂੰ ਕੱਟ ਦਿੱਤਾ ਜਾਂਦਾ ਹੈ। ਇਸ ਤ ਰਾਂ ਆਮ ਫ਼ਿਲਮ ਵੀ ਚਰਚਾ ਵਿੱਚ ਆ ਜਾਂਦੀ ਹੈ। ਇਸ ਤਰਾਂ ਵਿਵਾਦ ਨੂੰ ਫ਼ਿਲਮਾਂ ਹਿੱਟ ਕਰਵਾਉਣ ਦਾ ਫ਼ਾਰਮੂਲਾ ਵੀ ਸਮਝਿਆ ਜਾਂਦਾ ਹੈ। ਜਿਸ ਕਾਰਨ ਅਜਿਹੇ ਵਿਵਾਦਮਈ ਦ੍ਰਿਸ਼ ਫ਼ਿਲਮਾਂ ਵਿੱਚ ਜਾਣ ਬੁਝ ਕੇ ਪਾਏ ਜਾਂਦੇ ਹਨ।

ਹਾਲੀਵੁੱਡ ਨੂੰ ਪੂਰੀ ਦੁਨੀਆਂ ਵਿੱਚ ਫ਼ਿਲਮਾਂ ਦੀ ਨਗਰੀ ਕਿਹਾ ਜਾਂਦਾ ਹੈ, ਇਹੋ ਸਥਿਤੀ ਭਾਰਤ ਵਿੱਚ ਮੁੰਬਈ ਦੀ ਹੈ। ਮੁੰਬਈ ਨੂੰ ਫ਼ਿਲਮ ਨਗਰੀ ਕਿਹਾ ਜਾਂਦਾ ਹੈ। ਹਰ ਸਾਲ ਮੁੰਬਈ ਵਿੱਚ ਹਜ਼ਾਰਾਂ ਕਲਾਕਾਰ ਵੱਖ ਵੱਖ ਇਲਾਕਿਆਂ ਵਿੱਚ ਆਪਣੀਆਂ ਫ਼ਿਲਮਾਂ ਵਿੱਚ ਵੱਡੇ ਸਟਾਰ ਬਣਨ ਦੇ ਸੁਪਨੇ ਲੈ ਕੇ ਆਉਂਦੇ ਹਨ, ਜਿਨ੍ਹਾਂ ਨੂੰ ਫ਼ਿਲਮ ਨਗਰੀ ਵਿੱਚ ਆ ਕੇ ਕਾਫ਼ੀ ਮਿਹਨਤ ਕਰਨੀ ਪੈਂਦੀ ਹੈ। ਇਹਨਾਂ ਕਲਾਕਾਰਾਂ ਵਿਚੋਂ ਕੁਝ ਕਲਾਕਾਰ ਸਫ਼ਲ ਹੋ ਜਾਂਦੇ ਹਨ ਅਤੇ ਉਹਨਾਂ ਨੂੰ ਕੁਝ ਫ਼ਿਲਮਾਂ ਵਿੱਚ ਕੋਈ ਰੋਲ ਮਿਲ ਜਾਂਦਾ ਹੈ ਜਦੋਂ ਕਿ ਬਾਕੀ ਕਲਾਕਾਰ ਸਮੇਂ ਦੀ ਧੂੜ ਵਿੱਚ ਗੁਆਚ ਜਾਂਦੇ ਹਨ।

ਚਾਹੀਦਾ ਤਾਂ ਇਹ ਹੈ ਕਿ ਹਿੰਦੀ ਫ਼ਿਲਮਾਂ ਨੂੰ ਗਿਆਨ ਅਤੇ ਸਿੱਖਿਆ ਦਾ ਸਾਧਨ ਬਣਾਇਆ ਜਾਵੇ। ਇਸ ਦੇ ਨਾਲ ਹੀ ਦਰਸ਼ਕਾਂ ਦੇ ਮਨੋਰੰਜਨ ਦਾ ਵੀ ਖਿਆਲ ਰਖਿਆ ਜਾਵੇ। ਫ਼ਿਲਮਾਂ ਵਿਚ ਇਤਰਾਜਯੋਗ, ਵਿਵਾਦ ਪੈਦਾ ਕਰਨ ਵਾਲੇ, ਅਸ਼ਲੀਲ ਦ੍ਰਿਸ਼ ਅਤੇ ਸੰਵਾਦ ਨਾ ਪਾਏ ਜਾਣ। ਹਰ ਫ਼ਿਲਮ ਰਾਹੀਂ ਸਮਾਜ ਨੂੰ ਕੋਈ ਨਾ ਕੋਈ ਸੇਧ ਦੇਣ ਦਾ ਯਤਨ ਕੀਤਾ ਜਾਵੇ।

## ਭਾਰਤ ਦੇ 15ਵੇਂ ਉਪ ਰਾਸ਼ਟਰਪਤੀ

ਲੋਕ ਸਭਾ ਅਤੇ ਰਾਜ ਸਭਾ ਮੈਂਬਰ ਇਸ ਚੋਣ ਵਿੱਚ ਹਿੱਸਾ ਲੈਂਦੇ ਹਨ ਅਤੇ ਇਸ ਵਿੱਚ ਵ੍ਹਿਪ ਜਾਰੀ ਨਹੀਂ ਕੀਤਾ ਜਾਂਦਾ। ਦੇਸ਼ ਦੇ 15ਵੇਂ ਉਪ ਰਾਸ਼ਟਰਪਤੀ ਦੀ ਚੋਣ ਲਈ ਚੋਣ ਮੰਡਲ ਵਿੱਚ ਰਾਜ ਸਭਾ ਦੇ 233 ਚੁਣੇ ਹੋਏ ਮੈਂਬਰ (ਇਸ ਸਮੇਂ ਪੰਜ ਸੀਟਾਂ ਖਾਲੀ ਹਨ) ਅਤੇ 12 ਨਾਮਜ਼ਦ ਮੈਂਬਰ ਅਤੇ ਲੋਕ ਸਭਾ ਦੇ 543 ਚੁਣੇ ਹੋਏ ਮੈਂਬਰ (ਇਸ ਸਮੇਂ ਇੱਕ ਸੀਟ ਖਾਲੀ ਹੈ) ਸ਼ਾਮਲ ਸਨ। ਚੋਣ ਮੰਡਲ ਵਿੱਚ ਕੁੱਲ 788 ਮੈਂਬਰ (ਇਸ ਸਮੇਂ 781) ਹਨ। ਵੋਟਿੰਗ ਗੁਪਤ ਵੋਟ ਪ੍ਰਣਾਲੀ ਤਹਿਤ ਹੁੰਦੀ ਹੈ। ਸ਼੍ਰੋਮਣੀ ਅਕਾਲੀ ਦਲ, ਬੀਜੂ ਜਨਤਾ ਦਲ (ਬੀਜੇਡੀ), ਭਾਰਤ ਰਾਸ਼ਟਰ ਸਮਿਤੀ (ਬੀਆਰਐੱਸ) ਨੇ ਇਸ ਚੋਣ ਵਿੱਚ ਹਿੱਸਾ ਨਹੀਂ ਲਿਆ। ਰਾਧਾਕ੍ਰਿਸ਼ਨਨ ਅਹੁਦੇ ਦਾ ਹਲਫ਼ ਲੈਣ ਮਗਰੋਂ ਦੇਸ਼ ਦੇ 15ਵੇਂ ਉਪ ਰਾਸ਼ਟਰਪਤੀ ਬਣ ਜਾਣਗੇ।

***

## ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ

ਸਿਰਫ਼ ਕੈਨੇਡੀਅਨ ਸਮਾਨ ਖ਼ਰੀਦੋ ਦੀ ਕੈਨੇਡਾ ਪਾਲਿਸੀ (ਕੈਨੇਡੀਅਨ ਖ਼ਰੀਦੋ) ਦੇ ਤਹਿਤ ਹੁਣ ਫੈਡਰਲ ਸਰਕਾਰ ਦੇ ਪ੍ਰੋਜੈਕਟਾਂ ਲਈ ਕੈਨੇਡੀਅਨ ਸਪਲਾਇਰਾਂ ਨੂੰ ਤਰਜੀਹ ਦੇਣੀ ਹੋਵੇਗੀ। ਇਸ ਦੇ ਨਾਲ-ਨਾਲ ਸੂਬਾਈ ਤੇ ਮਿਊਂਸੀਪਲ ਸਰਕਾਰਾਂ ਨੂੰ ਵੀ ਏਸੇ ਰਾਹ ਤੇ ਲਿਆਉਣ ਲਈ ਰੋਡਮੈਪ ਦਿੱਤਾ ਜਾਵੇਗਾ।

ਉਧਰ ਛੋਟੇ ਤੇ ਦਰਮਿਆਨੇ ਪੱਧਰ ਦੇ ਕਾਰੋਬਾਰਾਂ ਲਈ ਵੀ ਸਰਕਾਰ ਨੇ ਵੱਡੀ ਰਾਹਤ ਦਾ ਐਲਾਨ ਕੀਤਾ ਹੈ। ਬਿਜ਼ਨਸ ਡਿਵੈਲਪਮੈਂਟ ਬੈਂਕ ਆਫ਼ ਕੈਨੇਡਾ ਦੇ ਲੋਨ ਹੁਣ ਹੋਰ ਆਸਾਨ ਹੋਣਗੇ ਅਤੇ ਵਾਪਸੀ ਦੀ ਮਿਆਦ ਵੀ ਅਨੁਕੂਲ ਹੋਵੇਗੀ। ਉਨ੍ਹਾਂ ਕਾਰੋਬਾਰਾਂ ਲਈ ਤਿੰਨ ਸਾਲਾਂ 'ਚ /1 ਬਿਲੀਅਨ ਦਾ ਵਾਧੂ ਸਹਿਯੋਗ ਦਿੱਤਾ ਜਾਵੇਗਾ।

ਇਸੇ ਤਰ੍ਹਾਂ ਖੇਤੀਬਾੜੀ ਖੇਤਰ ਨੂੰ ਵੀ ਨਵੀਂ ਰਣਨੀਤੀ 'ਚ ਜਗ੍ਹਾ ਮਿਲੀ ਹੈ। ਸਰਕਾਰ ਨੇ 370 ਮਿਲੀਅਨ ਡਾਲਰ ਦੀ ਬਾਇਓਫਿਊਲ ਉਤਪਾਦਨ ਇਨਸੈਂਟਿਵ ਯੋਜਨਾ ਦਾ ਐਲਾਨ ਕੀਤਾ ਹੈ। ਸਾਫ਼ ਊਰਜਾ ਨਿਯਮਾਂ 'ਚ ਵੀ ਤਬਦੀਲੀਆਂ ਕੀਤੀਆਂ ਜਾਣਗੀਆਂ ਤਾਂ ਜੋ ਬਾਇਓਫਿਊਲ ਉਦਯੋਗ ਨੂੰ ਮਦਦ ਮਿਲ ਸਕੇ। ਇਸ ਦੇ ਨਾਲ ਚੀਨ ਵੱਲੋਂ ਕੈਨੇਡੀਅਨ ਕੈਨੋਲਾ 'ਤੇ ਲਾਏ 75.8% ਟੈਰਿਫ਼ ਦੇ ਹੱਲ ਵਜੋਂ ਕੈਨੋਲਾ ਉਤਪਾਦਕਾਂ ਨੂੰ ਵੀ ਰਾਹਤ ਦਿੱਤੀ ਜਾਵੇਗੀ। ਕਾਰਨੀ ਨੇ ਕਿਹਾ ਕਿ ਇਹ ਕਦਮ ਖ਼ਾਸ ਤੌਰ 'ਤੇ ਉਨ੍ਹਾਂ ਮਜ਼ਦੂਰਾਂ ਅਤੇ ਵਪਾਰਾਂ ਦੀ ਮਦਦ ਕਰਨ ਲਈ ਚੁੱਕੇ ਗਏ ਹਨ ਜੋ ਡੌਨਲਡ ਟਰੰਪ ਵੱਲੋਂ ਲਾਏ ਗਏ ਟੈਰਿਫ਼ਾਂ ਅਤੇ ਵਪਾਰਕ ਰੁਕਾਵਟਾਂ ਕਰਕੇ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।

***

## ਪੰਜਾਬ 'ਚ ਹੜ੍ਹਾਂ ਕਾਰਨ 13 ਹਜ਼ਾਰ ਕਰੋੜ

ਉਨ੍ਹਾਂ ਨੇ ਰਾਜ ਡਿਜ਼ਾਸਟਰ ਰਿਸਪਾਂਸ ਫੰਡ ਦੇ ਮੁਆਵਜ਼ਾ ਨਿਯਮਾਂ ਵਿੱਚ ਸੋਧ ਦੀ ਮੰਗ ਕੀਤੀ ਤਾਂ ਜੋ ਪੀੜਤਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਫ਼ਸਲਾਂ ਦੇ ਖਰਾਬੇ ਲਈ 6800 ਰੁਪਏ ਪ੍ਰਤੀ ਏਕੜ ਤੋਂ ਵਧਾ ਕੇ 50 ਹਜ਼ਾਰ ਰੁਪਏ ਪ੍ਰਤੀ ਏਕੜ ਦਿੱਤੇ ਜਾਣ। ਮਨੁੱਖੀ ਜਾਨਾਂ ਜਾਣ 'ਤੇ 4 ਲੱਖ ਰੁਪਏ ਦੀ ਥਾਂ 8 ਲੱਖ ਰੁਪਏ ਦਿੱਤੇ ਜਾਣ। ਇਸ ਤੋਂ ਇਲਾਵਾ ਦਿਵਿਆਂਗ ਹੋਣ 'ਤੇ 1.5 ਲੱਖ ਰੁਪਏ ਅਤੇ ਦੁਧਾਰੂ ਪਸ਼ੂ ਦੀ ਮੌਤ ਹੋਣ 'ਤੇ 75 ਹਜ਼ਾਰ ਰੁਪਏ ਦਿੱਤੇ ਜਾਣ। ਉਨ੍ਹਾਂ ਕਿਹਾ ਕਿ ਜਿਨ੍ਹਾਂ ਦੇ ਘਰ ਦੀ ਛੱਤ ਡਿੱਗ ਗਈ ਹੈ, ਉਸ ਦੇ ਮੁਆਵਜ਼ੇ ਵਿੱਚ ਵੀ ਵਾਧਾ ਕੀਤਾ ਜਾਵੇ। ਹਾਲਾਂਕਿ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋਂ ਹੜ੍ਹਾਂ ਕਰਕੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਅਤੇ ਅੰਤਿਮ ਰਿਪੋਰਟ ਹੜ੍ਹ ਖਤਮ ਹੋਣ ਤੋਂ ਬਾਅਦ ਹੀ ਤਿਆਰ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ 4 ਸਤੰਬਰ ਨੂੰ ਕੇਂਦਰੀ ਅਧਿਕਾਰੀਆਂ ਦੀ ਟੀਮ ਪਹੁੰਚੀ ਸੀ, ਜਿਸ ਵੱਲੋਂ ਦੋ ਦਿਨ ਪੰਜਾਬ ਦੇ ਵੱਖ ਵੱਖ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦਾ ਦੌਰਾ ਕੀਤਾ ਗਿਆ। ਕੇਂਦਰੀ ਟੀਮ ਵੱਲੋਂ ਨਿੱਜੀ ਤੌਰ 'ਤੇ ਵੀ ਰਿਪੋਰਟ ਤਿਆਰ ਕੀਤੀ ਗਈ ਹੈ।

***

## ਪੰਜਾਬੀ ਸਾਰੇ ਨੁਕਸਾਨ ਭੁੱਲ ਕੇ ਮੁੜ

ਮਨਕੀਰਤ ਔਲਖ ਦਾ ਕਹਿਣਾ ਸੀ ਕਿ ਉਹ ਉਸ ਹਰ ਘਰ ਜਾਣ ਦੀ ਕੋਸ਼ਿਸ਼ ਕਰ ਰਹੇ ਹਨ ਜਿੱਥੇ ਹੜ੍ਹ ਨੇ ਨੁਕਸਾਨ ਕੀਤਾ। ਪੰਜਾਬੀ ਕਿਸੇ ਵੀ ਨੁਕਸਾਨ ਦੀ ਪਰਵਾਹ ਨਹੀਂ ਕਰਦੇ ਅਤੇ ਮੈਂ ਅੱਜ ਦਾਅਵੇ ਨਾਲ ਕਹਿੰਦਾ ਹਾਂ ਕਿ ਇੱਕ ਮਹੀਨੇ 'ਚ ਪੰਜਾਬ ਦੀ ਜ਼ਿੰਦਗੀ ਮੁੜ ਲੀਹ 'ਤੇ ਆ ਜਾਏਗੀ ਅਤੇ ਪੰਜਾਬੀ ਸਾਰੇ ਨੁਕਸਾਨ ਭੁੱਲ ਕੇ ਮੁੜ ਤਗੜੇ ਹੋ ਜਾਣਗੇ।

***

## ਖਡੂਰ ਸਾਹਿਬ ਤੋਂ 'ਆਪ' ਵਿਧਾਇਕ ਲਾਲਪੁਰਾ

ਐਡੀਸ਼ਨਲ ਸ਼ੈਸ਼ਨ ਜੱਜ ਪ੍ਰੇਮ ਕੁਮਾਰ ਦੀ ਅਦਾਲਤ ਨੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਸਮੇਤ 12 ਜਣਿਆਂ ਨੂੰ ਦੋਸ਼ੀ ਕਰਾਰ ਦੇ ਦਿੱਤਾ ਗਿਆ ਹੈ। ਜਿਨ੍ਹਾਂ ਵਿੱਚੋਂ ਤਿੰਨ ਨੂੰ ਛੱਡ ਕੇ ਬਾਕੀ 7 ਨੂੰ ਅੱਜ ਗ੍ਰਿਫ਼ਤਾਰ ਕਰ ਲਿਆ ਗਿਆ। ਜਦੋਂਕਿ ਇੱਕ ਦੀ ਮੌਤ ਹੋ ਚੁੱਕੀ ਹੈ ਅਤੇ ਇਕੱ ਪਹਿਲਾਂ ਹੀ ਤਿਹਾੜ ਜੇਲ੍ਹ ਵਿੱਚ ਹੈ। ਹਰਬਿੰਦਰ ਕੌਰ ਦੇ ਵਕੀਲ ਅਮਿਤ ਧਵਨ ਨੇ ਦੱਸਿਆ ਕਿ ਜਮਾਨਤੀ ਧਾਰਾਵਾਂ ਦੇ ਚੱਲਦਿਆਂ ਤਿੰਨਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਜਦੋਂਕਿ ਬਾਕੀਆਂ ਨੂੰ ਕਿੰਨੀ ਸਜਾ ਹੁੰਦੀ ਹੈ, ਇਸਦਾ ਫੈਸਲਾ ਅਦਾਲਤ 12 ਸਤੰਬਰ ਨੂੰ ਕਰੇਗੀ।

***

## ਸਿੱਖ ਸਿਧਾਂਤ 'ਦਸਵੰਧ' ਪੰਜਾਬ ਦੇ

ਰੇਸ਼ਮ ਸਿੰਘ ਅਨਮੋਲ, ਅੰਮੀ ਵਿਰਕ, ਇੰਦਰਜੀਤ ਸਿੰਘ ਨਿੱਕੂ ਅਤੇ ਜੱਸ ਬਾਜਵਾ ਵੀ ਸਿੱਖ ਸੰਸਥਾਵਾਂ ,ਖਾਲਸਾ ਏਡ ਅਤੇ ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਲੰਬੇ ਸਮੇਂ ਤੋਂ ਮੁੜ ਵਸੇਬਾ ਲਈ ਕੰਮ ਕਰ ਰਹੇ ਹਨ।

**ਵਿਸ਼ਵ ਭਰ ਦੀ ਸੰਗਤ ਅਤੇ ਸੰਸਥਾਵਾਂ ਦੀ ਸੇਵਾ**

ਪੰਜਾਬ ਦੇ ਹੜ੍ਹਾਂ ਦੀ ਖ਼ਬਰ ਸੁਣਦਿਆਂ ਹੀ ਵਿਸ਼ਵ ਭਰ ਦੀ ਸਿੱਖ ਸੰਗਤ ਅਤੇ ਸੰਸਥਾਵਾਂ ਨੇ ਸੇਵਾ ਦੀ ਮਿਸਾਲ ਪੇਸ਼ ਕੀਤੀ। ਖ਼ਾਲਸਾ ਏਡ ਅਤੇ ਗਲੋਬਲ ਸਿੱਖਸ ਵਰਗੀਆਂ ਵਿਸ਼ਵ ਪੱਧਰੀ ਸੰਸਥਾਵਾਂ ਸਰਹੱਦਾਂ ਪਾਰ ਸੇਵਾ ਵਿੱਚ ਜੁਟੀਆਂ ਹਨ। ਬਰਤਾਨੀਆ ਵਿੱਚ ਜਨਮੇ ਵਿਰਜਿਨ ਅਟਲਾਂਟਿਕ ਦੇ ਪਹਿਲੇ ਸਿੱਖ ਕਪਤਾਨ ਜਸਪਾਲ ਸਿੰਘ ਨੇ ਇੱਕ ਹਫ਼ਤੇ ਦੀ ਛੁੱਟੀ ਲੈ ਕੇ ਪੰਜਾਬ ਵਿੱਚ ਸੇਵਾ ਸ਼ੁਰੂ ਕੀਤੀ। ਇੱਕ ਇੰਟਰਵਿਊ ਵਿੱਚ ਉਸ ਨੇ ਕਿਹਾ, ਮੈਂ ਆਪਣੇ ਮੈਨੇਜਰ ਨੂੰ ਕਿਹਾ ਕਿ ਮੇਰਾ ਪੰਜਾਬ ਖ਼ੂਨ ਦੇ ਅੱਥਰੂ ਵਹਾ ਰਿਹਾ ਹੈ, ਮੈਨੂੰ ਛੁੱਟੀ ਚਾਹੀਦੀ ਹੈ। ਪੰਜਾਬ ਦੀ ਤਬਾਹੀ ਵੇਖ ਕੇ ਮੈਂ ਭਾਵੁਕ ਹੋ ਗਿਆ, ਪਰ ਸਮਾਜ ਸੇਵੀ ਸੰਸਥਾਵਾਂ ਅਤੇ ਮਨੁੱਖਤਾ ਦੀ ਤਾਕਤ ਵੇਖ ਕੇ ਮੈਨੂੰ ਅੰਦਰੂਨੀ ਹਿੰਮਤ ਮਿਲੀ।

ਕੋਵਿਡ-19 ਸਮੇਂ ਵੀ ਜਸਪਾਲ ਸਿੰਘ ਨੇ 200 ਆਕਸੀਜਨ ਕੰਸੈਂਟਰੇਟਰ ਭਾਰਤ ਲਿਆਂਦੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਪੀੜਤ ਪਿੰਡਾਂ ਵਿੱਚ ਨਕਦ ਅਤੇ ਡੀਜ਼ਲ ਵੰਡਿਆ। ਉਨ੍ਹਾਂ ਨੇ ਖੇਤਾਂ ਵਿਚ ਜਮ੍ਹਾਂ ਹੋਈ ਰੇਤ ਹਟਾਉਣ ਲਈ ਵੱਡੀਆਂ ਮਸ਼ੀਨਾਂ ਅਤੇ ਵਲੰਟੀਅਰਾਂ ਦੀ ਟੀਮ ਤਿਆਰ ਕਰਨ ਦਾ ਐਲਾਨ ਵੀ ਕੀਤਾ।

ਕੈਨੇਡਾ ਦੀ ਪੰਜਾਬੀ ਡਾਇਸਪੋਰਾ ਨੇ ਦੋ ਦਿਨਾਂ ਵਿੱਚ 2 ਮਿਲੀਅਨ ਡਾਲਰ ਇਕੱਠੇ ਕੀਤੇ। ਖ਼ਾਲਸਾ ਏਡ ਨੇ ਐਕਸ 'ਤੇ ਲਿਖਿਆ, ਅਸੀਂ ਆਸਟ੍ਰੇਲੀਆ ਅਤੇ ਵਿਸ਼ਵ ਭਰ ਦੀ ਸੰਗਤ ਦੇ ਖੁੱਲ੍ਹੇ ਦਿਲ ਨਾਲ ਸਹਿਯੋਗ ਲਈ ਧੰਨਵਾਦੀ ਹਾਂ। ਤੁਹਾਡੀ ਉਦਾਰਤਾ ਨਾਲ ਪੀੜਤਾਂ ਤੱਕ ਸਿੱਧੀ ਮਦਦ ਪਹੁੰਚ ਰਹੀ ਹੈ। ਬਾਲੀਵੁੱਡ ਅਦਾਕਾਰ ਸੋਨੂੰ ਸੂਦ ਨੇ ਭਾਵੁਕ ਅਪੀਲ ਕਰਦਿਆਂ ਕਿਹਾ, ਪੰਜਾਬ ਮੇਰੀ ਰੂਹ ਹੈ। ਭਾਵੇਂ ਸਭ ਕੁਝ ਲੱਗ ਜਾਵੇ, ਮੈਂ ਪਿੱਛੇ ਨਹੀਂ ਹਟਾਂਗਾ। ਅਸੀਂ ਪੰਜਾਬੀ ਹਾਂ, ਅਸੀਂ ਹਾਰ ਨਹੀਂ ਮੰਨਦੇ।

ਸਿੱਟਾ:ਪੰਜਾਬ ਦੇ ਹੜ੍ਹਾਂ ਨੇ ਸੂਬੇ ਨੂੰ ਵੱਡਾ ਨੁਕਸਾਨ ਪਹੁੰਚਾਇਆ, ਪਰ ਸਿੱਖ ਸਿਧਾਂਤ 'ਦਸਵੰਧ' ਅਤੇ ਸੇਵਾ ਦੀ ਭਾਵਨਾ ਨੇ ਸਾਬਤ ਕਰ ਦਿੱਤਾ ਕਿ ਪੰਜਾਬੀਆਂ ਦੀ ਹਿੰਮਤ ਅਤੇ ਇਨਸਾਨੀਅਤ ਕਿਸੇ ਵੀ ਮੁਸੀਬਤ ਨਾਲੋਂ ਵੱਡੀ ਹੈ। ਸਰਕਾਰ, ਸਮਾਜ ਸੇਵੀ ਸੰਸਥਾਵਾਂ, ਮਸ਼ਹੂਰ ਹਸਤੀਆਂ ਅਤੇ ਸੰਗਤ ਦੇ ਸਾਂਝੇ ਯਤਨਾਂ ਨਾਲ ਪੰਜਾਬ ਮੁੜ ਉੱਭਰ ਰਿਹਾ ਹੈ। ਅਸਾਂ ਮਿਲ ਕੇ ਮੁੜ ਉਸਾਰੀ ਕਰਨੀ ਹੈ, ਇਹ ਸੁਨੇਹਾ ਹਰ ਪੰਜਾਬੀ ਹਰ ਸਿੱਖ ਦੇ ਦਿਲ ਵਿੱਚ ਗੂੰਜ ਰਿਹਾ ਹੈ।




## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ-ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

**ਪਾਠਕਾਂ ਲਈ ਵਿਸ਼ੇਸ਼ ਸੂਚਨਾ**

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

**www.amritsartimes.live**

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

## ਕੀ ਚੀਨ ਦੀ ਭਾਰਤ ਨਾਲ

ਜੇਕਰ ਅਮਰੀਕਾ ਤੇ ਯੂਰਪ ਨੇ ਸਾਡੀ ਕੂਟਨੀਤੀ ਦੇ ਵਿਰੋਧ ਵਿੱਚ ਰਣਨੀਤੀ ਬਣਾ ਲਈ ਤਾਂ ਅਸੀਂ ਜੋ ਪਿਛਲੇ 4-5 ਦਹਾਕਿਆਂ ਦੌਰਾਨ ਵਿਕਾਸ ਤੇ ਤਰੱਕੀ ਦਾ ਢਾਂਚਾ ਖੜ੍ਹਾ ਕੀਤਾ ਹੈ, ਉਹ ਖਿੰਡਰ ਜਾਵੇਗਾ। ਫਿਲਹਾਲ ਭਾਰਤ ਅਤੇ ਚੀਨ ਵਿਚਕਾਰ ਜੋ ਸਮੀਕਰਨ ਬਣੇ ਹਨ, ਅਮਰੀਕਾ ਉਨ੍ਹਾਂ ਖ਼ਿਲਾਫ਼ ਆਪਣੀਆਂ ਨੀਤੀਆਂ ਬਦਲ ਕੇ ਆਪਣੀ ਰਣਨੀਤਕ ਹਾਰ ਸਵੀਕਾਰ ਨਹੀਂ ਕਰੇਗਾ। ਉਸ ਨੇ ਭਾਰਤ ਨੂੰ ਜਿੰਨਾ ਕੁ ਸੁਨੇਹਾ ਦੇਣਾ ਸੀ, ਉਹ ਦੇ ਚੁੱਕਾ ਹੈ। ਹੁਣ ਸਾਨੂੰ ਆਪਣਾ ਇੱਕ ਦਰਵਾਜ਼ਾ ਹਰ ਹਾਲ ਵਿੱਚ ਯੂਰਪ ਲਈ ਖੋਲ੍ਹ ਕੇ ਰੱਖਣਾ ਹੋਵੇਗਾ ਤਾਂ ਕਿ ਟਰੰਪ ਦੇ ਮੂਡ ਬਦਲਣ 'ਤੇ ਕੋਈ ਤੁਰੰਤ ਅਸਰ ਨਾ ਪੈ ਸਕੇ।

ਟਰੰਪ ਪ੍ਰਸ਼ਾਸਨ ਵੱਲੋਂ ਟੈਰਿਫ ਨੀਤੀ ਵਿੱਚ ਨਰਮੀ ਦੇ ਕੋਈ ਸੰਕੇਤ ਨਹੀਂ ਹਨ, ਭਾਵੇਂ ਜ਼ਿਆਦਾਤਰ ਮਾਹਿਰ ਇਸ ਨੂੰ ਅਮਰੀਕਾ ਦੀ ਰਣਨੀਤਕ ਗਲਤੀ ਮੰਨਦੇ ਹਨ। ਭਾਵੇਂ ਅਸੀਂ ਅਮਰੀਕਾ ਦੀ ਰਣਨੀਤਕ ਗਲਤੀ ਦਾ ਉਸ ਨੂੰ ਕਰਾਰਾ ਜਵਾਬ ਦੇ ਦਿੱਤਾ ਹੋਵੇ, ਫਿਰ ਵੀ ਚੀਨ ਦੀ ਦੋਸਤੀ ਇੱਕ ਅਵਸਰ ਦੀ ਥਾਂ ਅਜੇ ਵੀ ਜੋਖ਼ਮ ਜ਼ਿਆਦਾ ਲੱਗ ਰਹੀ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਚੀਨ ਦਾ ਅਜੇ ਵੀ ਹਰ ਮੌਸਮ ਦਾ ਦੋਸਤ ਪਾਕਿਸਤਾਨ ਹੀ ਹੈ। ਹਾਲ ਹੀ 'ਚ ਭਾਰਤ ਦੌਰੇ 'ਤੇ ਆਏ ਚੀਨੀ ਵਿਦੇਸ਼ ਮੰਤਰੀ ਨੇ ਭਾਰਤ ਦੇ ਬਾਅਦ ਪਾਕਿਸਤਾਨ ਜਾ ਕੇ ਉਸ ਨੂੰ ਪੂਰੀ ਸੁਰੱਖਿਆ ਦਾ ਵਾਅਦਾ ਦਿੱਤਾ ਸੀ।

***

## ਦਰਬਾਰ ਸਾਹਿਬ ਦੁਆਲੇ ਗ਼ੈਰ-ਕਾਨੂੰਨੀ ਉਸਾਰੀਆਂ

ਨਾਲ ਨਾਜਾਇਜ਼ ਉਸਾਰੀਆਂ ਹੋ ਰਹੀਆਂ ਹਨ।'

**ਨਗਰ ਨਿਗਮ ਦੀ ਢਿੱਲੀ ਕਾਰਗੁਜ਼ਾਰੀ ਅਤੇ ਸ਼੍ਰੋਮਣੀ ਕਮੇਟੀ ਦੀ ਚੁੱਪੀ**

ਅੰਮ੍ਰਿਤਸਰ ਨਗਰ ਨਿਗਮ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਉੱਠ ਰਹੇ ਹਨ। ਪਟੀਸ਼ਨ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਨਗਰ ਨਿਗਮ ਨੇ ਨਾ ਸਿਰਫ਼ ਸੀਲਬੰਦ ਜਾਇਦਾਦਾਂ ਦੀ ਨਿਗਰਾਨੀ ਵਿੱਚ ਅਣਗਹਿਲੀ ਵਰਤੀ, ਸਗੋਂ ਗ਼ੈਰ-ਕਾਨੂੰਨੀ ਉਸਾਰੀਆਂ ਨੂੰ ਰੋਕਣ ਲਈ ਕੋਈ ਠੋਸ ਕਦਮ ਵੀ ਨਹੀਂ ਚੁੱਕਿਆ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਅਜਿਹੀਆਂ ਗਤੀਵਿਧੀਆਂ ਦੀ ਪੂਰੀ ਜਾਣਕਾਰੀ ਹੁੰਦੀ ਹੈ, ਪਰ ਰਾਜਸੀ ਜਾਂ ਵਪਾਰਕ ਦਬਾਅ ਕਾਰਨ ਉਹ ਚੁੱਪ ਵੱਟ ਲੈਂਦੇ ਹਨ।

ਇਸ ਦੇ ਨਾਲ ਹੀ, ਸ਼੍ਰੋਮਣੀ ਕਮੇਟੀ ਦੀ ਚੁੱਪੀ ਵੀ ਸਵਾਲਾਂ ਦੇ ਘੇਰੇ ਵਿੱਚ ਹੈ। ਸ੍ਰੀ ਦਰਬਾਰ ਸਾਹਿਬ ਦੀ ਸੰਭਾਲ ਅਤੇ ਪ੍ਰਬੰਧ ਦੀ ਜ਼ਿੰਮੇਵਾਰੀ ਸੰਭਾਲਣ ਵਾਲੀ ਇਹ ਸੰਸਥਾ ਇਸ ਮੁੱਦੇ 'ਤੇ ਅਜੇ ਤੱਕ ਖਾਮੋਸ਼ ਹੈ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੁਖ ਸੇਵਾਦਾਰ ਪਰਮਿੰਦਰ ਪਾਲ ਸਿੰਘ ਖ਼ਾਲਸਾ ਨੇ ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਹੈ ਕਿ ਉਹ ਇਸ ਮਾਮਲੇ ਬਾਰੇ ਸਖ਼ਤ ਨੋਟਿਸ ਲਵੇ ਅਤੇ ਸ੍ਰੀ ਦਰਬਾਰ ਸਾਹਿਬ ਦੀ ਵਿਰਾਸਤ ਨੂੰ ਬਚਾਉਣ ਲਈ ਆਵਾਜ਼ ਉਠਾਵੇ।

ਗ਼ੈਰ-ਕਾਨੂੰਨੀ ਉਸਾਰੀਆਂ ਨੂੰ ਲੈ ਕੇ ਪਿਛਲੇ ਕੁਝ ਸਾਲਾਂ ਵਿੱਚ ਨਗਰ ਨਿਗਮ ਅਤੇ ਸਰਕਾਰ ਵੱਲੋਂ ਕੁਝ ਕਾਰਵਾਈਆਂ ਕੀਤੀਆਂ ਗਈਆਂ ਹਨ, ਪਰ ਇਹ ਕਾਰਵਾਈਆਂ ਨਾਕਾਫ਼ੀ ਸਾਬਤ ਹੋਈਆਂ ਹਨ। ਸੂਤਰਾਂ ਅਨੁਸਾਰ, ਸ੍ਰੀ ਦਰਬਾਰ ਸਾਹਿਬ ਦੇ ਲਾਂਘੇ ਦੇ ਨੇੜੇ ਪਿਛਲੇ ਪੰਜ ਸਾਲਾਂ ਵਿੱਚ ਕਰੀਬ 15-20 ਗੈਰ-ਕਾਨੂੰਨੀ ਇਮਾਰਤਾਂ ਨੂੰ ਸੀਲ ਕੀਤਾ ਗਿਆ ਜਾਂ ਢਾਹਿਆ ਗਿਆ ਹੈ। ਹਾਲਾਂਕਿ, ਸਹੀ ਅੰਕੜਿਆਂ ਦੀ ਪੁਸ਼ਟੀ ਨਹੀਂ ਹੋ ਸਕੀ। ਅਜੇ ਵੀ ਕਈ ਇਮਾਰਤਾਂ ਅਜਿਹੀਆਂ ਹਨ, ਜਿਨ੍ਹਾਂ 'ਤੇ ਨਗਰ ਨਿਗਮ ਨੇ ਕੋਈ ਕਾਰਵਾਈ ਨਹੀਂ ਕੀਤੀ। ਇਨ੍ਹਾਂ ਵਿਚੋਂ ਕੁਝ ਹੋਟਲ ਅਤੇ ਵਪਾਰਕ ਅਦਾਰੇ ਸ਼ਾਮਲ ਹਨ, ਜੋ ਸ਼ਰਧਾਲੂਆਂ ਦੀ ਆੜ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਚੱਲ ਰਹੇ ਹਨ।

ਹਾਈ ਕੋਰਟ ਦੇ ਨੋਟਿਸ ਤੋਂ ਬਾਅਦ ਸਾਰੀਆਂ ਨਜ਼ਰਾਂ ਪੰਜਾਬ ਸਰਕਾਰ ਅਤੇ ਅੰਮ੍ਰਿਤਸਰ ਨਗਰ ਨਿਗਮ ਦੇ ਜਵਾਬ 'ਤੇ ਟਿਕੀਆਂ ਹਨ। 15 ਅਕਤੂਬਰ ਨੂੰ ਅਗਲੀ ਸੁਣਵਾਈ ਦੌਰਾਨ ਅਦਾਲਤ ਇਸ ਮਾਮਲੇ 'ਤੇ ਆਪਣਾ ਅੰਤਿਮ ਫ਼ੈਸਲਾ ਸੁਣਾ ਸਕਦੀ ਹੈ। ਸਥਾਨਕ ਲੋਕ ਅਤੇ ਸਮਾਜਿਕ ਸੰਗਠਨ ਮੰਗ ਕਰ ਰਹੇ ਹਨ ਕਿ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਵਿਰਾਸਤੀ ਮਹੱਤਤਾ ਨੂੰ ਬਚਾਉਣ ਲਈ ਸਖ਼ਤ ਕਾਨੂੰਨੀ ਅਤੇ ਪ੍ਰਸ਼ਾਸਨਿਕ ਕਦਮ ਚੁੱਕੇ ਜਾਣ। ਇਸ ਦੇ ਨਾਲ ਹੀ, ਸ਼੍ਰੋਮਣੀ ਕਮੇਟੀ 'ਤੇ ਵੀ ਦਬਾਅ ਵਧ ਰਿਹਾ ਹੈ ਕਿ ਉਹ ਇਸ ਮੁੱਦੇ 'ਤੇ ਆਪਣੀ ਚੁੱਪੀ ਤੋੜੇ ਅਤੇ ਸਿੱਖ ਸੰਗਤ ਦੀਆਂ ਭਾਵਨਾਵਾਂ ਦੀ ਰਾਖੀ ਲਈ ਅੱਗੇ ਆਵੇ।

ਇਹ ਮਾਮਲਾ ਸਿਰਫ਼ ਕਾਨੂੰਨੀ ਉਲੰਘਣਾ ਦਾ ਹੀ ਨਹੀਂ, ਸਗੋਂ ਸਿੱਖ ਧਰਮ ਦੀ ਪਵਿੱਤਰ ਵਿਰਾਸਤ ਅਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਹੁਣ ਵੇਖਣਾ ਇਹ ਹੈ ਕਿ ਸਰਕਾਰ ਅਤੇ ਨਗਰ ਨਿਗਮ ਅਦਾਲਤ ਦੇ ਸਾਹਮਣੇ ਕੀ ਜਵਾਬ ਦਿੰਦੇ ਹਨ ਅਤੇ ਇਸ ਮੁੱਦੇ ਦਾ ਕੋਈ ਸਥਾਈ ਹੱਲ ਕਦੋਂ ਨਿਕਲਦਾ ਹੈ।

## ਇਤਿਹਾਸ ਵਿੱਚ ਪਹਿਲੀ ਵਾਰ ਆਬਾਦੀ ਵਿੱਚ ਗਿਰਾਵਟ

ਸਮਾਜਿਕ-ਸੱਭਿਆਚਾਰਕ ਬਦਲਾਅ ਕਾਰਨ ਅਮਰੀਕਾ ਇਸ ਅਣਦੇਖੇ ਸੰਕਟ ਦੀ ਲਪੇਟ ਵਿੱਚ ਹੈ।

ਅਮਰੀਕਾ ਵਿੱਚ ਅਬਾਦੀ ਦੀ ਗਿਰਾਵਟ ਦਾ ਇੱਕ ਵੱਡਾ ਕਾਰਨ ਪ੍ਰਜਨਨ ਦਰ ਵਿੱਚ ਲਗਾਤਾਰ ਕਮੀ ਹੈ। ਇੰਸਟੀਟਿਊਟ ਫ਼ਾਰ ਫ਼ੈਮਿਲੀ ਸਟੱਡੀਜ਼ ਦੀ ਰਿਪੋਰਟ ਅਨੁਸਾਰ, ਅਮਰੀਕਾ ਦੀ ਪ੍ਰਜਨਨ ਦਰ ਅਗਲੇ 30 ਸਾਲਾਂ ਵਿੱਚ ਔਸਤਨ 1.6 ਜਨਮ ਪ੍ਰਤੀ ਮਹਿਲਾ ਰਹਿਣ ਦਾ ਅਨੁਮਾਨ ਹੈ, ਜਦਕਿ ਅਬਾਦੀ ਨੂੰ ਸਥਿਰ ਰੱਖਣ ਲਈ 2.1 ਜਨਮ ਪ੍ਰਤੀ ਮਹਿਲਾ ਜ਼ਰੂਰੀ ਹੈ।

ਇਹ ਗਿਰਾਵਟ ਸਿਰਫ਼ ਸੰਖਿਆਤਮਕ ਨਹੀਂ, ਸਗੋਂ ਸਮਾਜ ਵਿੱਚ ਆ ਰਹੇ ਵਿਆਪਕ ਸੱਭਿਆਚਾਰਕ ਬਦਲਾਵਾਂ ਦਾ ਨਤੀਜਾ ਹੈ। ਆਈ.ਐਫ਼.ਐਸ. ਦੇ ਸਰਵੇ ਵਿੱਚ ਪਾਇਆ ਗਿਆ ਕਿ 1990 ਵਿਚ 55 ਪ੍ਰਤੀਸ਼ਤ ਅਮਰੀਕੀ ਜੋੜੇ ਹਫ਼ਤੇ ਵਿੱਚ ਇੱਕ ਵਾਰ ਸੈਕਸ ਸਬੰਧ ਬਣਾਉਂਦੇ ਸਨ, ਪਰ 2025 ਵਿੱਚ ਇਹ ਅੰਕੜਾ ਘਟ ਕੇ 37 ਪ੍ਰਤੀਸ਼ਤ ਰਹਿ ਗਿਆ ਹੈ।

## ਮੋਦੀ-ਪੁਤਿਨ-ਸ਼ੀ ਦੀ ਮੁਲਾਕਾਤ:

ਦੱਸਿਆ। ਨਿਊਯਾਰਕ ਟਾਈਮਜ਼ ਨੇ ਲਿਖਿਆ, 'ਮੋਦੀ ਨੇ ਇਹ ਸੁਨੇਹਾ ਦਿੱਤਾ ਕਿ ਜੇ ਅਮਰੀਕਾ ਟੈਰਿਫ਼ ਅਤੇ ਦਬਾਅ ਦੀ ਨੀਤੀ ਜਾਰੀ ਰੱਖਦਾ ਹੈ, ਤਾਂ ਭਾਰਤ ਦੇ ਹੋਰ ਵੀ ਮਹੱਤਵਪੂਰਨ ਸਾਥੀ ਹਨ, ਜਿਨ੍ਹਾਂ ਵਿੱਚ ਚੀਨ ਵੀ ਸ਼ਾਮਲ ਹੈ।' ਸੀ.ਐਨ.ਐਨ. ਨੇ ਇਸ ਨੂੰ ਅਮਰੀਕੀ ਵਿਦੇਸ਼ ਨੀਤੀ ਦੀ ਅਸਫ਼ਲਤਾ ਦੱਸਿਆ, ਜਦਕਿ ਫ਼ੌਕਸ ਨਿਊਜ਼ ਨੇ ਕਿਹਾ ਕਿ ਅਮਰੀਕਾ ਦੀ ਸਖ਼ਤ ਨੀਤੀਆਂ ਨੇ ਇਨ੍ਹਾਂ ਮੁਲਕਾਂ ਨੂੰ ਇਕੱਠੇ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਟੈਰਿਫ਼ ਨੀਤੀਆਂ, ਖਾਸਕਰ ਭਾਰਤ 'ਤੇ 50% ਟੈਰਿਫ਼ ਅਤੇ ਰੂਸੀ ਤੇਲ ਦੀ ਖਰੀਦ 'ਤੇ ਆਲੋਚਨਾ, ਨੇ ਇਸ ਮੁਲਾਕਾਤ ਨੂੰ ਹੋਰ ਵੀ ਅਹਿਮ ਬਣਾ ਦਿੱਤਾ।

ਪਰ ਇਹ ਸਿਰਫ਼ ਤਸਵੀਰਾਂ ਦਾ ਮਾਮਲਾ ਨਹੀਂ। ਐਸ.ਸੀ.ਓ. ਮੰਚ 'ਤੇ ਇਨ੍ਹਾਂ ਤਿੰਨ ਮੁਲਕਾਂ ਦੀ ਇਕਜੁੱਟਤਾ ਨੇ ਅਮਰੀਕਾ-ਕੇਂਦਰਿਤ ਵਿਸ਼ਵ ਵਿਵਸਥਾ ਨੂੰ ਚੁਣੌਤੀ ਦਿੱਤੀ। ਸ਼ੀ ਜਿਨਪਿੰਗ ਨੇ ਆਪਣੇ ਸੰਬੋਧਨ ਵਿੱਚ ਅਮਰੀਕੀ 'ਧੌਂਸ ਅਤੇ ਦਬਾਅ' ਦੀ ਆਲੋਚਨਾ ਕੀਤੀ ਸੀ, ਜਦਕਿ ਮੋਦੀ ਨੇ ਅੱਤਵਾਦ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਪਾਕਿਸਤਾਨ ਵੱਲ ਇਸ਼ਾਰਾ ਕੀਤਾ ਸੀ। ਪੁਤਿਨ ਨੇ ਵੀ ਯੂਕ੍ਰੇਨ ਮੁੱਦੇ 'ਤੇ ਪੱਛਮੀ ਮੁਲਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਇਹ ਸਭ ਸੁਨੇਹਾ ਸੀ ਕਿ ਇਹ ਤਿੰਨੇ ਮੁਲਕ ਇੱਕ ਨਵੀਂ ਵਿਸ਼ਵ ਵਿਵਸਥਾ ਦੀ ਨੀਂਹ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ।

***

## ਜੰਗ ਤੇ ਹਿੰਸਾ 'ਚ ਫਸੇ ਮੱਧ ਪੂਰਬ ਏਸ਼ੀਆ

ਇੱਥੋਂ ਦੇ ਤਾਕਤਵਰ ਲੋਕਾਂ ਨੇ ਭਾਰਤ ਨੂੰ ਗਿਆਰਵੀਂ

ਸਦੀ ਤੋਂ ਅਠਾਰਵੀਂ ਸਦੀ ਤੱਕ ਬੁਰੀ ਤਰ੍ਹਾਂ ਲੁੱਟਿਆ ਸੀ। ਫਿਰ ਜਦੋਂ ਪੰਜਾਬ 'ਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ ਤਾਂ ਉਨ੍ਹਾਂ ਨੇ ਇਨ੍ਹਾਂ ਦੇ ਘਰ ਜਾ ਕੇ ਇਨ੍ਹਾਂ ਨੂੰ ਸਬਕ ਸਿਖਾਇਆ ਸੀ।

ਅਫ਼ਗਾਨਿਸਤਾਨ ਤੇ ਇਰਾਨ 'ਚ ਸਿੱਖਾਂ ਦੀ ਚੋਖੀ ਗਿਣਤੀ ਸੀ। ਉੱਥੇ ਉਨ੍ਹਾਂ ਦੇ ਗੁਰੂ ਘਰ ਤੇ ਸਕੂਲ ਸਨ, ਪਰ ਦੋਵਾਂ ਦੇਸ਼ਾਂ ਵਿੱਚ ਹੋਈਆਂ ਬਗ਼ਾਵਤਾਂ ਕਾਰਨ ਬਹੁਤਿਆਂ ਨੂੰ ਇਹ ਦੇਸ਼ ਛੱਡਣੇ ਪਏ। ਇੱਥੋਂ ਦੇ ਲੋਕ ਮਨੁੱਖੀ ਕਦਰਾਂ ਕੀਮਤਾਂ ਦੇ ਧਾਰਨੀ, ਮਿਹਨਤੀ ਅਤੇ ਬਹਾਦਰ ਹਨ ਪਰ ਪੂਰੀ ਵੀਹਵੀਂ ਸਦੀ ਦੌਰਾਨ ਇੱਥੇ ਗੜਬੜ ਹੀ ਹੁੰਦੀ ਰਹੀ, ਜਿਸ ਕਰਕੇ ਇੱਥੋਂ ਦੀ ਖ਼ੁਸ਼ਹਾਲੀ ਤੇ ਵਿਕਾਸ ਬਹੁਤ ਪਛੜ ਗਿਆ। ਜੇਕਰ ਸਮੁੱਚੇ ਮੱਧ ਪੂਰਬ ਏਸ਼ੀਆ ਦੀ ਗੱਲ ਕਰੀਏ ਤਾਂ ਸੰਸਾਰ ਦਾ ਸਭ ਤੋਂ ਵੱਧ ਅਗਾਂਹ ਵਧੂ ਖਿੱਤਾ ਹੁਣ ਕੱਟੜਵਾਦ ਦਾ ਸ਼ਿਕਾਰ ਹੋ ਚੁੱਕਾ ਹੈ। ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਇਜ਼ਰਾਇਲ ਰਾਹੀਂ ਅਮਰੀਕਾ ਇਸ ਖਿੱਤੇ 'ਚ ਆਪਣਾ ਦਬਦਬਾ ਕਾਇਮ ਰੱਖਣਾ ਚਾਹੁੰਦਾ ਹੈ, ਜਿਸ ਦਾ ਸ਼ਿਕਾਰ ਆਮ ਲੋਕ ਹੋ ਰਹੇ ਹਨ। ਸਭ ਤੋਂ ਵੱਧ ਨੁਕਸਾਨ ਫ਼ਿਲਸਤੀਨੀ ਲੋਕਾਂ ਦਾ ਹੋਇਆ ਹੈ। ਉਹ ਖ਼ਾਨਾਬਦੋਸ਼ ਬਣ ਕੇ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਦੇ ਨਸੀਬ ਵਿੱਚ ਸ਼ਾਂਤੀ ਕਦੋਂ ਆਵੇਗੀ, ਇਹ ਰੱਬ ਹੀ ਜਾਣਦਾ ਹੈ।

***

## ਹਾਕੀ ਦੀ ਨਵੀਂ ਪੌਦ ਨੂੰ ਜਾਗ ਲਾਉਣ 'ਚ

ਲੀਗ ਦੌਰ ਤੋਂ ਬਾਅਦ ਭਾਰਤੀ ਫਾਰਵਰਡਾਂ ਨੇ ਫੀਲਡ ਗੋਲ ਦੀ ਘਾਟ ਵੀ ਦੂਰ ਕੀਤੀ। ਏਸ਼ੀਆ ਕੱਪ ਵਿੱਚ ਭਾਰਤੀ ਟੀਮ ਨੇ ਕੁੱਲ 39 ਗੋਲ ਕੀਤੇ ਅਤੇ ਆਪਣੇ ਸਿਰ 9 ਗੋਲ ਕਰਵਾਏ।

ਭਾਰਤੀ ਹਾਕੀ ਟੀਮ ਦੇ ਖਿਡਾਰੀਆਂ ਮਨਦੀਪ ਸਿੰਘ, ਮਨਪ੍ਰੀਤ ਸਿੰਘ, ਜਰਮਨਪ੍ਰੀਤ ਸਿੰਘ ਅਤੇ ਕ੍ਰਿਸ਼ਨ ਪਾਠਕ ਦਾ ਕਹਿਣਾ ਹੈ ਕਿ ਹਾਕੀ ਪ੍ਰੇਮੀਆਂ ਵੱਲੋਂ ਮਿਲ ਰਹੇ ਅਥਾਹ ਪਿਆਰ ਨਾਲ ਉਨ੍ਹਾਂ ਨੂੰ ਜਿੱਥੇ ਹੌਂਸਲਾ ਮਿਲਦਾ ਹੈ, ਉੱਥੇ ਚੰਗਾ ਖੇਡਣ ਦੀ ਚੁਣੌਤੀ ਨਾਲ ਪ੍ਰੇਰਨਾ ਵੀ ਮਿਲਦੀ ਹੈ। ਸਾਬਕਾ ਹਾਕੀ ਖਿਡਾਰੀ ਰਾਜਦੀਪ ਸਿੰਘ ਦਾ ਕਹਿਣਾ ਹੈ ਕਿ ਲਗਾਤਾਰ ਦੋ ਵਾਰ ਉਲੰਪਿਕ ਖੇਡਾਂ ਵਿੱਚ ਤਗ਼ਮਾ ਜਿੱਤਣ ਤੋਂ ਬਾਅਦ ਭਾਰਤੀ ਟੀਮ ਨੇ ਦਰਸ਼ਕਾਂ ਦਾ ਉਲਾਂਭਾ ਵੀ ਲਾਹ ਦਿੱਤਾ ਹੈ। ਟੀਮ ਵਿੱਚ 10 ਪੰਜਾਬੀ ਖਿਡਾਰੀ ਹਨ ਜਿਸ ਕਾਰਨ ਦਰਸ਼ਕਾਂ ਵਿੱਚ ਪੰਜਾਬੀ ਵੀ ਦੇਖਣ ਨੂੰ ਮਿਲੇ ਜੋ ਹਾਕੀ ਮੈਚ ਦੇਖਣ ਤੋਂ ਇਲਾਵਾ ਰਾਜਗੀਰ ਸਥਿਤ ਸ੍ਰੀ ਗੁਰੂ ਨਾਨਕ ਸ਼ੀਤਲ ਕੁੰਡ ਅਤੇ ਤਖ਼ਤ ਪਟਨਾ ਸਾਹਿਬ ਦੇ ਦਰਸ਼ਨ ਕਰ ਕੇ ਆਏ। ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਚਰਨ ਛੋਹ ਧਰਤੀ ਰਾਜਗੀਰ ਬੁੱਧ ਅਤੇ ਜੈਨ ਧਰਮ ਦਾ ਵੀ ਪਵਿੱਤਰ ਅਸਥਾਨ ਹੈ।

***

## ਸਿੱਖ ਸੇਵਕ ਸੁਸਾਇਟੀ ਹੜ੍ਹ ਪੀੜਤ

ਵੱਡੀ ਗੱਲ ਹੈ ਕਿ ਦਰਿਆਵਾਂ ਦੀ ਸਫਾਈ ਨਹੀਂ ਹੋਈ। ਸਰਕਾਰ ਨੂੰ ਇਸ ਪ੍ਰਬੰਧ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ ਜਥੇਦਾਰ ਪਰਮਿੰਦਰਪਾਲ ਸਿੰਘ ਖ਼ਾਲਸਾ ਨੇ ਕਿਹਾ ਕਿ ਸਰਕਾਰੀ ਅਧਿਕਾਰੀ ਹੜ੍ਹ ਪੀੜਤ ਇਲਾਕਿਆਂ ਦੀ ਸਾਰ ਲੈਣ ਜਿਵੇਂ ਅੰਮ੍ਰਿਤਸਰ ਦੀ ਡਿਪਟੀ ਕਮਿਸ਼ਨਰ ਨੇ ਰੋਲ ਨਿਭਾਇਆ ਹੈ। ਉਹਨਾਂ ਕਿਹਾ ਕਿ ਸਿੱਖ ਸੇਵਕ ਸੁਸਾਇਟੀ ਨੇ ਫੈਸਲਾ ਕੀਤਾ ਹੈ ਕਿ ਉਹ ਹੜ੍ਹ ਪੀੜਤ ਪਿੰਡਾਂ ਵਿੱਚ ਨਿਰੰਤਰ ਸੇਵਾ ਜਾਰੀ ਰੱਖਣਗੇ। ਸੁਸਾਇਟੀ ਨੇ ਦੇਸ ਵਿਦੇਸ਼ ਵਿੱਚ ਬੈਠੇ ਸਿੱਖ ਪੰਥ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਸੰਕਟ ਦੀ ਘੜੀ ਵਿੱਚ ਅੱਗੇ ਆਉਣ ਅਤੇ ਪੀੜਤਾਂ ਦੀ ਮਦਦ ਲਈ ਹੱਥ ਵਟਾਉਣ। ਉਹਨਾਂ ਜਥੇਦਾਰ ਡੋਗਰਾਂ ਵਾਲੇ ਦੀ ਸ਼ਲਾਘਾ ਕੀਤੀ ਜਿਹਨਾਂ ਸ਼੍ਰੋਮਣੀ ਕਮੇਟੀ ਵੱਲੋਂ ਵਧੀਆ ਪ੍ਰਬੰਧ ਕਰਕੇ ਹੜ੍ਹ ਪੀੜਤਾਂ ਦੀ ਸਹਾਇਤਾ ਕੀਤੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲੇ ਨੇ ਦਸਿਆ ਕਿ ਕੁਝ ਲੋਕ, ਜੋ ਹੜ੍ਹ ਦੇ ਸਿੱਧੇ ਪੀੜਤ ਨਹੀਂ ਹਨ, ਉਹ ਵੀ ਸੜਕਾਂ ਦੇ ਕਿਨਾਰੇ ਮੰਗਣ ਦਾ ਧੰਦਾ ਕਰ ਰਹੇ ਹਨ। ਇਹ ਲੋਕ ਮਦਦ ਦੀ ਆੜ ਵਿੱਚ ਗਲਤ ਫਾਇਦਾ ਉਠਾ ਰਹੇ ਹਨ। ਸਰਕਾਰ ਨੂੰ ਇਸ ਮੁੱਦੇ 'ਤੇ ਸਖ਼ਤੀ ਨਾਲ ਪਹੁੰਚ ਕਰਨ ਦੀ ਲੋੜ ਹੈ ਅਤੇ ਅਜਿਹੇ ਲੋਕਾਂ ਨੂੰ ਹਟਾਉਣਾ ਚਾਹੀਦਾ ਹੈ, ਤਾਂ ਜੋ ਸੱਚੇ ਪੀੜਤਾਂ ਤੱਕ ਮਦਦ ਪਹੁੰਚ ਸਕੇ। ਉਨ੍ਹਾਂ ਨੇ ਕਿਹਾ ਕਿ ਪੰਥਕ ਜਥੇਬੰਦੀਆਂ ਤੇ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਵਾਲੀਆਂ ਜਥੇਬੰਦੀਆਂ ਸ਼੍ਰੋਮਣੀ ਕਮੇਟੀ ਦੇ ਕੇਂਦਰਾਂ ਨਾਲ ਸੰਪਰਕ ਕਰਨ। ਇਹ ਹਰ ਜ਼ਿਲ੍ਹੇ ਵਿੱਚ ਕੇਂਦਰ ਹਨ ਤਾਂ ਜੋ ਸਹਾਇਤਾ ਪੀੜਤ ਲੋਕਾਂ ਤੱਕ ਪਹੁੰਚ ਸਕੇ।

## ਨਸ਼ੇੜੀਆਂ ਦੀ ਕਰਤੂਤ:

ਸਤਲੁਜ ਦੇ ਪਾਣੀ ਨੇ ਬੰਨ੍ਹ ਨੂੰ ਖੋਰਨਾ ਸ਼ੁਰੂ ਕਰ ਦਿੱਤਾ ਅਤੇ ਹਾਲਾਤ 1988 ਵਾਲੇ ਹੜ੍ਹਾਂ ਨਾਲੋਂ ਵੀ ਭੈੜੇ ਹੋ ਸਕਦੇ ਸਨ। ਪਰ ਪਿੰਡ ਵਾਸੀਆਂ ਦੀ ਸੁਚੇਤਤਾ ਅਤੇ ਫ਼ੌਜ ਦੀ ਤੁਰੰਤ ਕਾਰਵਾਈ ਨੇ ਵੱਡੀ ਤਬਾਹੀ ਨੂੰ ਰੋਕਿਆ।

ਹਬੀਬ ਕੇ ਬੰਨ੍ਹ, ਜੋ ਪਾਕਿਸਤਾਨ ਸਰਹੱਦ ਨਾਲ ਸਥਿਤ ਹੈ, ਪੰਜਾਬ ਦੀ ਸੁਰੱਖਿਆ ਅਤੇ ਹੜ੍ਹਾਂ ਤੋਂ ਬਚਾਅ ਦਾ ਮਹੱਤਵਪੂਰਨ ਹਿੱਸਾ ਹੈ। ਇੱਥੇ ਨਾਜ਼ੁਕ ਥਾਵਾਂ 'ਤੇ ਪੱਥਰਾਂ ਨਾਲ ਬਣੀਆਂ ਨੋਚਾਂ ਅੱਗੇ ਸੇਫਟੀ ਵਾਲ ਬਣਾਈ ਗਈ ਸੀ, ਜਿਸ ਵਿੱਚ ਵੱਡੇ ਪਹਾੜੀ ਪੱਥਰਾਂ ਨੂੰ ਲੋਹੇ ਦੇ ਮਜ਼ਬੂਤ ਜਾਲਾਂ ਵਿੱਚ ਬੰਨ੍ਹ ਕੇ ਰੱਖਿਆ ਗਿਆ ਸੀ। ਇਹ ਜਾਲ ਪਾਣੀ ਦੇ ਤੇਜ਼ ਵਹਾਅ ਨੂੰ ਰੋਕਣ ਅਤੇ ਬੰਨ੍ਹ ਨੂੰ ਮਜ਼ਬੂਤ ਰੱਖਣ ਲਈ ਬਣਾਏ ਗਏ ਸਨ। ਪਰ ਨਸ਼ੇੜੀਆਂ ਨੇ ਇਨ੍ਹਾਂ ਨੂੰ ਵੀ ਲੁੱਟ ਲਿਆ। ਜਗ੍ਹਾ-ਜਗ੍ਹਾ ਜਾਲ ਕੱਟੇ ਜਾਣ ਕਾਰਨ ਪੱਥਰ ਪਾਣੀ ਵਿੱਚ ਰੁੜ੍ਹ ਗਏ, ਅਤੇ ਹਰੀ ਕੇ ਹੈੱਡ ਤੋਂ ਆਉਂਦਾਪਾਣੀ ਸਿੱਧਾ ਬੰਨ੍ਹ ਨਾਲ ਟਕਰਾਉਣ ਲੱਗਾ। ਇਸ ਨਾਲ ਡੂੰਘੀਆਂ ਘਾਰਾਂ ਪੈਣ ਲੱਗ ਪਈਆਂ, ਜੋ ਬੰਨ੍ਹ ਨੂੰ ਟੁੱਟਣ ਵਾਲੀ ਸਥਿਤੀ ਬਣਾ ਰਹੀਆਂ ਸਨ।

ਪਿੰਡ ਹਬੀਬ ਕੇ ਦੇ ਵਾਸੀਆਂ ਨੇ ਇਹ ਨਜ਼ਾਰਾ ਵੇਖ ਕੇ ਫੌਰੀ ਐਲਰਟ ਕੀਤਾ। ਉਹਨਾਂ ਨੇ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਅਤੇ ਡਿਪਟੀ ਕਮਿਸ਼ਨਰ ਦੇ ਹੁਕਮਾਂ 'ਤੇ ਫੌਜ ਨੂੰ ਬੁਲਾ ਲਿਆ ਗਿਆ। ਨਾ ਸਿਰਫ਼ ਫ਼ੌਜ, ਸਗੋਂ ਪੰਜਾਬ ਭਰ ਤੋਂ, ਰਾਜਸਥਾਨ ਅਤੇ ਹਰਿਆਣਾ ਤੱਕ ਤੋਂ ਆਈਆਂ ਸੰਗਤਾਂ ਨੇ ਹੰਭਲਾ ਮਾਰਦਿਆਂ ਬੰਨ੍ਹ ਨੂੰ ਬਚਾਇਆ। ਲੋਕਾਂ ਨੇ ਰੇਤ ਦੀਆਂ ਬੋਰੀਆਂ ਭਰੀਆਂ, ਪੱਥਰ ਲਾਏ ਅਤੇ ਘਾਰਾਂ ਨੂੰ ਭਰਨ ਵਿੱਚ ਲੱਗ ਗਏ। ਇੱਕ ਵਾਸੀ ਨੇ ਦੱਸਿਆ, 'ਅਸੀਂ ਨਸ਼ੇੜੀਆਂ ਦੇ ਕੰਮ ਨੂੰ ਵੇਖ ਕੇ ਡਰ ਗਏ, ਪਰ ਸਭ ਨੇ ਮਿਲ ਕੇ ਬੰਨ੍ਹ ਨੂੰ ਬਚਾ ਲਿਆ। ਜੇ ਟੁੱਟ ਜਾਂਦਾ ਤਾਂ ਪੂਰਾ ਫਿਰੋਜ਼ਪੁਰ ਤਬਾਹ ਹੋ ਜਾਂਦਾ।' ਇਹ ਵਾਕਿਆ ਪੰਜਾਬ ਵਿੱਚ ਚਿੱਟੇ ਦੇ ਨਸ਼ੇ ਦੇ ਵਧਦੇ ਪ੍ਰਭਾਵ ਨੂੰ ਉਜਾਗਰ ਕਰਦਾ ਹੈ, ਜਿੱਥੇ ਨਸ਼ੇੜੀਆਂ ਨੇ ਚੋਰੀਆਂ-ਚੱਕਰੀਆਂ ਤੋਂ ਇਲਾਵਾ ਨਹੀਰਾਂ ਦੇ ਪੁੱਲਾਂ ਅਤੇ ਹੁਣ ਬੰਨ੍ਹਾਂ ਦੇ ਜਾਲਾਂ ਨੂੰ ਵੀ ਨਿਸ਼ਾਨਾ ਬਣਾਇਆ ਹੈ।

ਇਸ ਮਾਮਲੇ ਵਿੱਚ ਹੈਰਾਨੀਜਨਕ ਗੱਲ ਇਹ ਹੈ ਕਿ ਨਸ਼ੇੜੀਆਂ ਵੱਲੋਂ ਕੱਟੇ ਗਏ ਲੋਹੇ ਨੂੰ ਕਬਾੜੀਆਂ ਖਰੀਦ ਰਹੇ ਹਨ, ਪਰ ਪੁਲਿਸ ਵੱਲੋਂ ਉਹਨਾਂ ਵਿਰੁੱਧ ਕੋਈ ਸਖ਼ਤ ਕਾਰਵਾਈ ਨਹੀਂ ਹੋ ਰਹੀ। ਬੀਤੇ ਦਹਾਕਿਆਂ ਤੋਂ ਚੋਰੀ ਦਾ ਮਾਲ ਖਰੀਦਣ ਵਾਲੇ ਕਬਾੜੀਆਂ ਨੂੰ ਫੜ੍ਹਨ ਤੋਂ ਬਾਅਦ ਵੀ ਉਹਨਾਂ ਨੂੰ ਛੱਡ ਦਿੱਤਾ ਜਾਂਦਾ ਰਿਹਾ ਹੈ। ਪਿੰਡਾਂ ਵਿੱਚ ਕਿਸਾਨਾਂ ਦੀਆਂ ਮੋਟਰਾਂ ਤੋਂ ਸਟਾਰਟਰ ਅਤੇ ਸਬਮਰਸੀਬਲਾਂ ਦੀਆਂ ਤਾਰਾਂ ਚੋਰੀ ਹੋਣ 'ਤੇ ਵੀ ਚੋਰ ਕਬਾੜੀਆਂ ਦੇ ਨਾਂ ਲੈਂਦੇ ਹਨ, ਪਰ ਪੁਲਿਸ ਨੇ ਕਦੇ ਵੀ ਵੱਡੀ ਕਾਰਵਾਈ ਨਹੀਂ ਕੀਤੀ।

ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਨੇ ਇਸ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਹਬੀਬ ਕੇ ਬੰਨ੍ਹ ਸਮੇਤ ਸਾਰੀਆਂ ਨਾਜ਼ੁਕ ਥਾਵਾਂ ਦੀ ਰਿਪੇਅਰ ਅਤੇ ਸੁਰੱਖਿਆ ਲਈ ਯੋਜਨਾਬੰਦੀ ਕੀਤੀ ਜਾ ਰਹੀ ਹੈ। ਹੜ੍ਹਾਂ ਦੇ ਹਾਲਾਤ ਨਾਰਮਲ ਹੋਣ 'ਤੇ ਪਹਿਲਾਂ ਬੰਨ੍ਹਾਂ ਦੀ ਮੁੜ ਮਜ਼ਬੂਤੀ ਅਤੇ ਸਾਂਭ-ਸੰਭਾਲ ਦਾ ਕੰਮ ਹੋਵੇਗਾ। ਫੌਜ ਅਤੇ ਇੰਜੀਨੀਅਰਿੰਗ ਵਿਭਾਗ ਨਾਲ ਮਿਲ ਕੇ ਲੋਹੇ ਦੇ ਜਾਲਾਂ ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਨਸ਼ੇੜੀਆਂ ਵਿਰੁੱਧ ਵਿਸ਼ੇਸ਼ ਨਿਗਰਾਨੀ ਵਧਾਈ ਜਾਵੇਗੀ। ਉਹਨਾਂ ਨੇ ਵਾਸੀਆਂ ਨੂੰ ਅਪੀਲ ਕੀਤੀ ਕਿ ਅਜਿਹੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਅਤੇ ਰਿਪੋਰਟ ਕਰਨ।

***

## 2001 ਤੋਂ ਬਾਅਦ ਪਹਿਲੀ ਵਾਰ

ਵਿੱਚ 6.2 ਫ਼ੀਸਦੀ ਕਮੀ ਆਈ ਹੈ। ਮਈ ਵਿੱਚ ਇਹ ਕਮੀ 7 ਫ਼ੀਸਦੀ ਦਰਜ ਹੋਈ ਹੈ ਜਦ ਕਿ ਫ਼ਰਵਰੀ ਤੇ ਮਾਰਚ ਵਿੱਚ ਅਮਰੀਕਾ ਆਉਣ ਵਾਲੇ ਯਾਤਰੀ ਕ੍ਰਮਵਾਰ 1.9 ਫ਼ੀਸਦੀ ਤੇ 8 ਫ਼ੀਸਦੀ ਘਟੇ ਹਨ। ਇਸ ਸਾਲ ਕੇਵਲ ਜਨਵਰੀ ਤੇ ਅਪ੍ਰੈਲ ਵਿੱਚ ਪਿਛਲੇ ਸਾਲ ਦੇ ਇਨਾਂ ਮਹੀਨਿਆਂ ਦੀ ਤੁਲਨਾ ਵਿੱਚ ਕ੍ਰਮਵਾਰ 4.7 ਤੇ 1.3 ਫ਼ੀਸਦੀ ਵਧ ਯਾਤਰੀ ਅਮਰੀਕਾ

ਆਏ ਹਨ। ਅਮਰੀਕਾ ਲਈ ਭਾਰਤ ਕੌਮਾਂਤਰੀ ਸੈਲਾਨੀਆਂ ਦਾ ਚੌਥਾ ਸਭ ਤੋਂ ਵੱਡਾ ਸਾਧਨ ਹੈ। ਜੂਨ ਵਿੱਚ ਅਮਰੀਕਾ ਆਏ ਵਿਸ਼ਵ ਭਰ ਦੇ ਸੈਲਾਨੀਆਂ ਵਿੱਚੋਂ 60 ਫ਼ੀਸਦੀ ਸੈਲਾਨੀ 5 ਦੇਸ਼ਾਂ ਭਾਰਤ, ਕੈਨੇਡਾ, ਮੈਕਸੀਕੋ, ਇੰਗਲੈਂਡ ਤੇ ਬ੍ਰਾਜ਼ੀਲ ਤੋਂ ਆਏ ਹਨ। ਐਨ ਟੀ ਟੀ ਓ ਅਨੁਸਾਰ ਰਵਾਇਤੀ ਤੌਰ 'ਤੇ ਅਮਰੀਕਾ ਆਉਣ ਵਾਲੇ ਭਾਰਤੀਆਂ ਵਿੱਚ ਵਿਦਿਆਰਥੀ, ਕਾਰੋਬਾਰੀ, ਪੇਸ਼ਾਵਰ ਲੋਕ ਤੇ ਉਨ੍ਹਾਂ ਦੇ ਰਿਸ਼ਤੇਦਾਰ ਤੇ ਦੋਸਤ ਸ਼ਾਮਿਲ ਹਨ। ਮੌਜੂਦਾ ਕਮੀ ਮੁੱਖ ਤੌਰ 'ਤੇ ਵਿਦਿਆਰਥੀਆਂ ਕਾਰਨ ਆਈ ਹੈ ਜਿਨਾਂ ਉੱਪਰ ਟਰੰਪ ਪ੍ਰਸ਼ਾਸਨ ਦੁਆਰੀ ਕਈ ਤਰ੍ਹਾਂ ਦੀਆਂ ਰੋਕਾਂ ਲਾਈਆਂ ਹੋਈਆਂ ਹਨ। ਇਸ ਤੋਂ ਇਲਾਵਾ ਕਾਰੋਬਾਰੀ ਤੇ ਪਰਿਵਾਰਕ ਮੈਂਬਰ ਵੀ ਵੀਜ਼ਿਆਂ ਵਿੱਚ ਦੇਰੀ ਕਾਰਨ ਪ੍ਰਭਾਵਿਤ ਹੋਏ ਹਨ। ਸਭ ਤੋਂ ਵਧ ਸੈਲਾਨੀ ਯੂ.ਏ.ਈ. ਜਾਂਦੇ ਹਨ। ਉਸ ਤੋਂ ਬਾਅਦ ਸਾਊਦੀ ਅਰਬ, ਥਾਈਲੈਂਡ, ਸਿੰਘਾਪੁਰ ਤੇ ਅਮਰੀਕਾ ਦਾ ਸਥਾਨ ਆਉਂਦਾ ਹੈ।

***

## ਕੈਨੇਡਾ ਦੀ ਖ਼ਾਲਿਸਤਾਨੀਆਂ ਬਾਰੇ 2025 ਰਿਪੋਰਟ

ਅਤੇ ਇੰਡੀਆ ਟੂਡੇ, ਨੇ ਇਸ ਰਿਪੋਰਟ ਨੂੰ ਵੱਡੇ ਪੱਧਰ 'ਤੇ ਕਵਰ ਕੀਤਾ ਅਤੇ ਇਸ ਨੂੰ ਭਾਰਤ ਦੀਆਂ ਚਿੰਤਾਵਾਂ ਦੀ ਪੁਸ਼ਟੀ ਵਜੋਂ ਪੇਸ਼ ਕੀਤਾ। ਇਹਨਾਂ ਅਖਬਾਰਾਂ ਨੇ ਜ਼ੋਰ ਦਿੱਤਾ ਕਿ ਕੈਨੇਡਾ ਨੇ ਪਹਿਲੀ ਵਾਰ 'ਖਾਲਿਸਤਾਨੀ ਖਾੜਕੂਆਂ' ਨੂੰ ਵਿੱਤੀ ਸਹਾਇਤਾ ਮਿਲਣ ਦੀ ਗੱਲ ਸਵੀਕਾਰ ਕੀਤੀ, ਜੋ ਭਾਰਤ ਦੇ ਲੰਮੇ ਸਮੇਂ ਤੋਂ ਚੱਲੇ ਆ ਰਹੇ ਦੋਸ਼ਾਂ ਨੂੰ ਸਹੀ ਸਾਬਤ ਕਰਦੀ ਹੈ। ਕੁਝ ਭਾਰਤੀ ਸਰੋਤਾਂ, ਜਿਵੇਂ ਦਿ ਵੀਕ, ਨੇ ਇਹ ਵੀ ਦਾਅਵਾ ਕੀਤਾ ਕਿ ਕੈਨੇਡਾ ਨੇ ਸਿੱਧੇ ਤੌਰ 'ਤੇ 'ਸਰਕਾਰੀ ਫੰਡਿੰਗ' ਦੀ ਗੱਲ ਮੰਨੀ ਹੈ, ਜੋ ਕਿ ਸਰਕਾਰੀ ਰਿਪੋਰਟ ਵਿੱਚ ਨਹੀਂ ਕਿਹਾ ਗਿਆ। ਰਿਪੋਰਟ ਵਿੱਚ ਸਿਰਫ਼ ਵਿਅਕਤੀਆਂ ਅਤੇ ਅਪਰਾਧਿਕ ਸਰੋਤਾਂ ਤੋਂ ਫੰਡਿੰਗ ਦਾ ਜ਼ਿਕਰ ਹੈ, ਨਾ ਕਿ ਸਰਕਾਰੀ ਸਹਾਇਤਾ ਦਾ।

ਇਹਨਾਂ ਦਾਅਵਿਆਂ ਨੂੰ ਪਰਖਣ 'ਤੇ ਸਪੱਸ਼ਟ ਹੁੰਦਾ ਹੈ ਕਿ ਭਾਰਤੀ ਮੀਡੀਆ ਨੇ ਰਿਪੋਰਟ ਦੇ ਖਾਲਿਸਤਾਨੀ ਪਹਿਲੂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ। ਰਿਪੋਰਟ ਵਿੱਚ ਖਾਲਿਸਤਾਨੀ ਸਮੂਹਾਂ ਦਾ ਜ਼ਿਕਰ ਸਿਰਫ਼ ਇੱਕ ਛੋਟੇ ਹਿੱਸੇ ਵਜੋਂ ਹੈ, ਜਦਕਿ ਮੁੱਖ ਜ਼ੋਰ ਨਸ਼ੀਲੇ ਪਦਾਰਥਾਂ ਦੀ ਤਸਕਰੀ, ਫਰਾਡ, ਅਤੇ ਹੋਰ ਅੱਤਵਾਦੀ ਸੰਗਠਨਾਂ (ਹਮਾਸ, ਹਿਜ਼ਬੁੱਲਾ) 'ਤੇ ਹੈ। ਭਾਰਤੀ ਮੀਡੀਆ ਦੀ ਪੇਸ਼ਕਾਰੀ ਵਿੱਚ ਰਾਜਨੀਤਕ ਪੱਖਪਾਤ ਦੀ ਸੰਭਾਵਨਾ ਹੈ, ਕਿਉਂਕਿ ਇਹ ਭਾਰਤ ਸਰਕਾਰ ਦੇ ਬਿਰਤਾਂਤ ਨਾਲ ਮੇਲ ਖਾਂਦੀ ਹੈ, ਜੋ ਖਾਲਿਸਤਾਨੀ ਅੰਦੋਲਨ ਨੂੰ ਅੱਤਵਾਦ ਨਾਲ ਜੋੜਦੀ ਹੈ। ਸਿੱਖ ਭਾਈਚਾਰੇ ਦੇ ਕੁਝ ਸੰਗਠਨ, ਜਿਵੇਂ ਸਿੱਖਸ ਫਾਰ ਜਸਟਿਸ, ਨੇ ਇਸ ਨੂੰ ਸਿੱਖ ਵਿਰੋਧੀ ਪ੍ਰਚਾਰ ਦੱਸਿਆ, ਪਰ ਹੁਣ ਤੱਕ ਕੋਈ ਵੱਡਾ ਸੰਗਠਿਤ ਵਿਰੋਧ ਸਾਹਮਣੇ ਨਹੀਂ ਆਇਆ।

**ਸਿੱਖ ਭਾਈਚਾਰੇ ਦੀ ਪ੍ਰਤੀਕਿਰਿਆ ਅਤੇ ਭਵਿੱਖ ਦੀ ਸੰਭਾਵਨਾ**

ਕੈਨੇਡੀਅਨ ਸਿੱਖ ਭਾਈਚਾਰੇ ਅਨੁਸਾਰ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਅਹਿੰਸਕ ਖਾਲਿਸਤਾਨੀ ਵਕਾਲਤ ਨੂੰ ਅੱਤਵਾਦ ਨਹੀਂ ਮੰਨਿਆ ਜਾਂਦਾ, ਪਰ ਹਿੰਸਕ ਸਾਧਨਾਂ ਦੀ ਵਰਤੋਂ ਕਰਨ ਵਾਲੇ ਸਮੂਹਾਂ ਨੂੰ ਸੁਰੱਖਿਆ ਖਤਰਾ ਮੰਨਿਆ ਗਿਆ ਹੈ। ਪਰ, ਸਿੱਖ ਸੰਗਠਨਾਂ ਵੱਲੋਂ ਕੋਈ ਵੱਡੀ ਰੈਲੀ ਜਾਂ ਸਰਕਾਰੀ ਵਿਰੋਧ ਦੀ ਖਬਰ ਨਹੀਂ ਮਿਲੀ, ਜੋ ਸ਼ਾਇਦ ਇਸ ਲਈ ਹੈ ਕਿ ਰਿਪੋਰਟ ਸਿੱਖ ਭਾਈਚਾਰੇ ਨੂੰ ਸਿੱਧੇ ਨਿਸ਼ਾਨਾ ਨਹੀਂ ਬਣਾਉਂਦੀ।

ਭਾਰਤ-ਕੈਨੇਡਾ ਸਬੰਧਾਂ ਦੇ ਸੰਦਰਭ ਵਿੱਚ, ਇਹ ਰਿਪੋਰਟ ਇੱਕ ਅਹਿਮ ਕਦਮ ਹੈ। 2023 ਵਿੱਚ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਨੇ ਸਬੰਧਾਂ ਨੂੰ ਤਣਾਅਪੂਰਨ ਕੀਤਾ ਸੀ, ਪਰ ਮਾਰਕ ਕਾਰਨੀ ਦੀ ਅਗਵਾਈ ਹੇਠ ਸਬੰਧ ਸੁਧਰ ਰਹੇ ਹਨ। ਰਿਪੋਰਟ ਸੁਰੱਖਿਆ ਅਤੇ ਵਿੱਤੀ ਨੀਤੀਆਂ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਕੰਮ ਕਰਦੀ ਹੈ, ਪਰ ਸਿੱਖ ਭਾਈਚਾਰੇ ਨੂੰ ਇਸ ਦੀ ਪੇਸ਼ਕਾਰੀ 'ਤੇ ਸੁਚੇਤ ਰਹਿਣ ਦੀ ਲੋੜ ਹੈ, ਕਿਉਂਕਿ ਭਾਰਤੀ ਮੀਡੀਆ ਦੀ ਵਧਾ-ਚੜ੍ਹੀ ਪੇਸ਼ਕਾਰੀ ਨੇ ਵਿਵਾਦ ਪੈਦਾ ਕੀਤਾ ਹੈ।

***

## ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ

ਪ੍ਰਾਪਤ ਜਾਣਕਾਰੀ ਅਨੁਸਾਰ ਵੈਨਕੂਵਰ ਰੇਡੀਓ ਸਟੇਸ਼ਨ ਤੋਂ ਇੱਕ ਮਿਲੀਅਨ ਡਾਲਰ ਤੋਂ ਵਧੇਰੇ ਦੀ ਰਾਸ਼ੀ ਇਕੱਤਰ ਹੋਈ। ਟੋਰਾਂਟੋ ਸਟੇਸ਼ਨ ਤੋਂ 6 ਲੱਖ ਡਾਲਰ ਤੋਂ ਵੱਧ ਅਤੇ ਕੈਲਗਰੀ ਵਿੱਚ 5 ਲੱਖ ਮਿਲੀਅਨ ਡਾਲਰ ਦੀ ਰਾਸ਼ੀ ਭਾਈਚਾਰੇ ਵੱਲੋਂ ਦਿੱਤੀ ਗਈ।

ਇਹ ਸੰਸਥਾ ਹੁਣ ਤੱਕ ਦੱਖਣੀ ਏਸ਼ੀਆ ਦੇ 400 ਤੋਂ ਵਧੇਰੇ ਪਿੰਡਾਂ ਵਿੱਚ 1 ਮਿਲੀਅਨ ਡਾਲਰ ਤੋਂ ਵੱਧ ਦਾਨ ਰਾਸ਼ੀ ਰਾਹੀਂ ਮਦਦ ਕਰ ਚੁੱਕੀ ਹੈ।

ਰੈੱਡ ਐੱਫ਼ ਐੱਮ ਅਦਾਰੇ ਵੱਲੋਂ ਕੈਨੇਡਾ ਵਿੱਚ ਵੱਖ- ਵੱਖ ਮੌਕਿਆਂ ਉੱਪਰ ਅਜਿਹੇ ਉਪਰਾਲੇ ਕੀਤੇ ਜਾ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਉਹ ਭਾਈਚਾਰੇ ਦੇ ਸਹਿਯੋਗ ਨਾਲ ਹੁਣ ਤੱਕ ਵੈਨਕੂਵਰ ਦੇ ਚਿਲਡਰਨ ਹਸਪਤਾਲ ਤੋਂ ਇਲਾਵਾ ਸਰੀ ਅਤੇ ਵਾਈਟ ਰੌਕ ਦੇ ਹਸਪਤਾਲਾਂ ਨੂੰ ਵਿੱਤੀ ਮਦਦ ਕਰ ਚੁੱਕੇ ਹਨ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

# ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**